

INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਅਕਤੂਬਰ
2023
ਸੱਚਖੰਡਵਾਸੀ
ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਬਾਨੀ
ਟਰੱਸਟ, ਰਤਵਾੜਾ ਸਾਹਿਬ
ਸੱਚਖੰਡਵਾਸੀ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ
ਬਾਨੀ
ਟਰੱਸਟ, ਰਤਵਾੜਾ ਸਾਹਿਬ
ਮਹਾਨ ਗੁਰਮਤਿ ਰੂਹਾਨੀ ਸਮਾਗਮ
30-31 ਅਕਤੂਬਰ ਅਤੇ 1-2 ਨਵੰਬਰ 2023
ਰਤਵਾੜਾ ਸਾਹਿਬ

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥



# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਅਕਤੂਬਰ, 2023
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ

## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ
ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ
ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ
98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਅਗੰਮ ਅਗੋਚਰ ਦਾ ਮਾਰਗ** | 15 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥** | 18 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਤਿਗੁਰ ਬਾਝਹੁ ਗੁਰੁ ਨਹੀ ਕੋਈ ...........॥** | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥** | 36 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | **ਵਾਰਾਂ ਭਾਈ ਗੁਰਦਾਸ ਜੀ** | 39 |
| | *ਡਾ. ਭਾਈ ਵੀਰ ਸਿੰਘ ਜੀ* | |
| 8. | **ਗੁਰਬਾਣੀ ਅਰਥ ਭੰਡਾਰ** | 41 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਜਨ ਪਰਉਪਕਾਰੀ ਆਏ** | 43 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰੂ ਨਾਨਕ ਆਗਮਨ** | 46 |
| | *ਭਾਈ ਵੀਰ ਸਿੰਘ* | |
| 11. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 50 |
| | *ਡਾ. ਜਗਜੀਤ ਸਿੰਘ* | |
| 12. | **ਈਸ਼੍ਵਰ ਅਮੋਲਕ ਲਾਲ** | 53 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 13. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

(ਬ੍ਰਹਮ ਗਿਆਨੀ ਪਰਉਪਕਾਰ ਉਮਾਹਾ)

ਪਰਉਪਕਾਰ ਦਾ ਅਰਥ ਹੈ ਦੂਜੇ ਦਾ ਭਲਾ ਕਰਨਾ। ਸੁਆਰਥ ਤੋਂ ਰਹਿਤ, ਕਿਸੇ ਦਾ ਤਨ, ਮਨ ਨਾਲ ਭਲਾ ਕਰਨ ਨੂੰ ਪਰਉਪਕਾਰ ਕਿਹਾ ਜਾਂਦਾ ਹੈ। ਜੋ ਗੁਣ ਵਾਹਿਗੁਰੂ ਜੀ ਵਿਚ ਹਨ ਉਹੀ ਗੁਣ ਉਸ ਨੂੰ ਧਿਆਉਣ ਵਾਲਿਆਂ ਵਿਚ ਸਹਿਜੇ ਹੀ ਪ੍ਰਵੇਸ਼ ਕਰ ਜਾਂਦੇ ਹਨ। ਜਿਸ ਦਾ ਧਿਆਨ ਧਰੀਏ, ਉਸ ਦਾ ਰੂਪ ਬਣ ਜਾਣਾ ਅਧਿਆਤਮਕ ਤੇ ਵਿਗਿਆਨਕ ਵਰਤਾਰਾ ਹੈ। ਵਾਹਿਗੁਰੂ ਜੀ ਨਿਰਭਉ ਤੇ ਨਿਰਵੈਰੀ ਸ਼ਕਤੀਆਂ ਦੇ ਮਾਲਕ ਹਨ। ਮੂਲ ਮੰਤ੍ਰ ਵਿਚ ਅਕਾਲ ਪੁਰਖ ਦੇ ਸਰੂਪ ਦਾ ਵਰਨਣ ਹੈ। ਇਸ ਨੂੰ ਜਪਣ ਵਾਲਾ ਵੀ ਉਸੇ ਦਾ ਹੀ ਰੂਪ ਬਣ ਜਾਂਦਾ ਹੈ। ਨਿਰਭਉ ਤੇ ਨਿਰਵੈਰੀ ਸ਼ਕਤੀਆਂ ਦੀ ਮਾਲਕੀ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*

ਉਸਦੀ ਪ੍ਰਾਪਤੀ ਗੁਰੂ ਦੀ ਬਖਸ਼ਿਸ਼ ਨਾਲ ਹੁੰਦੀ ਹੈ। ਉਹ ਆਪ ਹੀ ਸਾਰੇ ਵਿਦਮਾਨ ਹੈ।

*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਇਸ ਦੇ ਜਪਿਆਂ, ਇਸ ਸਰੂਪ ਵਿਚ ਸੁਭਾਇਮਾਨ ਸਾਰੇ ਗੁਣ ਜਪਣ ਵਾਲੇ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਤਾਂਹੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸੇ ਨੂੰ ਆਪਸ ਵਿਚ ਮਿਲਣ ਲੱਗੇ ਤਾਰਾਨਾ ਬਖਸ਼ਿਆ -

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਭਾਵ ਖ਼ਾਲਸੇ, ਸੰਤ, ਗੁਰਮੁਖ, ਗੁਰਸਿੱਖ, ਬ੍ਰਹਮ ਗਿਆਨ ਅਵਸਥਾ ਦੇ ਧਾਰਨੀ ਵਿਚ ਅਕਾਲ ਪੁਰਖ ਦੇ ਗੁਣ ਪ੍ਰਗਟ ਹਨ ਤੇ ਉਹ ਉਸ ਵਾਹਿਗੁਰੂ ਦਾ ਹੀ ਰੂਪ ਹੈ। ਉਸੇ ਅਕਾਲ ਪੁਰਖ ਦੀ ਜਿੱਤ ਹੈ। ਵਾਹਿਗੁਰੂ ਦੀ ਜਿੱਤ ਹੀ ਖ਼ਾਲਸੇ ਦੀ ਆਪਣੀ ਜਿੱਤ ਹੈ।

ਵੀਚਾਰ ਗੁਣਾਂ ਦੀ ਚੱਲ ਰਹੀ ਸੀ ਕਿ ਵਾਹਿਗੁਰੂ ਵਾਲੇ ਗੁਣ ਉਸ ਨੂੰ ਧਿਆਉਣ ਵਾਲਿਆਂ ਵਿਚ ਸਹਿਜੇ ਹੀ ਆ ਜਾਂਦੇ ਹਨ। ਅਕਾਲ ਪੁਰਖ ਦੇ ਅਨੇਕਾਂ ਗੁਣਾਂ ਵਿਚ ਪਰਉਪਕਾਰ ਦਾ ਇਕ ਵਿਸ਼ੇਸ਼ ਗੁਣ ਉਸ ਦੇ ਦਿਆਲੂ ਸੁਭਾਅ ਦਾ ਪ੍ਰਗਟਾਵਾ ਹੈ। ਸਭ ਤੋਂ ਵੱਡੇ ਪਰਉਪਕਾਰੀ ਅਕਾਲ ਪੁਰਖ ਆਪ ਪਰਉਪਕਾਰੀ ਹਨ। ਉਹ ਸਾਰੀ ਆਪਣੀ ਸ਼ਕਤੀ ਪਰਉਪਕਾਰ ਹਿਤ ਵਰਤਦੇ ਹਨ -

*ਮੇਰਾ ਪ੍ਰਭੁ ਪਰਉਪਕਾਰੀ ॥*
*ਪੂਰਨ ਕਲ ਜਿਨਿ ਧਾਰੀ ॥* ਅੰਗ- ੬੨੭

ਉਹ ਕੋਟਿ ਬ੍ਰਹਿਮੰਡਾਂ ਦਾ ਮਾਲਕ ਹੁੰਦਾ ਹੋਇਆ ਸਭਨਾਂ ਦੀ ਸੰਭਾਲ ਕਰ ਰਿਹਾ ਹੈ -

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥*
*ਪ੍ਰਤਿਪਾਲੈ ਨਿਤ ਸਾਰਿ ਸਮਾਲੈ*
*ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥* ਅੰਗ- ੬੧੨

ਲੱਖਾਂ ਧਰਤੀਆਂ, ਅਕਾਸ਼, ਪਾਤਾਲ, ਚੰਦ, ਸੂਰਜ, ਤਾਰੇ ਅਤੇ ਗ੍ਰਹਿ ਹਨ। ਸਾਰਿਆਂ ਨੂੰ ਇਕ ਗਤੀ ਵਿਚ ਬੰਨ੍ਹ ਰੱਖਣਾ ਵੀ ਇਕ ਪਰਉਪਕਾਰ ਹੈ ਅਕਾਲ ਪੁਰਖ ਦਾ। ਅਨੇਕ ਤਰ੍ਹਾਂ ਦੀਆਂ ਬਨਸਪਤੀਆਂ, ਫਲ, ਫੁੱਲ, ਪੌਦੇ ਉਹਨਾਂ ਵਿਚ ਰਸ ਭਰਨਾ, ਸੂਰਜ ਚੰਦਰਮਾ ਦੀਆਂ ਕਿਰਨਾਂ ਰਾਹੀਂ ਨਿੱਘ ਪਹੁੰਚਾਉਣਾ ਇਹ ਸਿਰਫ ਇਸ ਦਿਸਦੇ ਸੰਸਾਰ ਦੇ ਪਰਉਪਕਾਰ ਹਨ ਜੋ ਗਿਣੇ ਨਹੀਂ ਜਾ ਸਕਦੇ। ਸੋ ਮਹਾਂ ਪਰਉਪਕਾਰੀ ਅਕਾਲ ਪੁਰਖ ਵਾਹਿਗੁਰੂ ਜੀ ਹਨ। ਇਹ ਸ਼ਬਦ ਵੀ ਉਸ ਦੀ ਬੇਅੰਤਤਾਈ ਨੂੰ ਪ੍ਰਗਟ ਕਰਨ ਤੋਂ ਅਸਮਰਥ ਹਨ -

*ਤੂ ਬੇਅੰਤੁ ਕੋ ਵਿਰਲਾ ਜਾਣੈ ॥*
*ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥* ਅੰਗ- ੫੬੨

ਉਸ ਦੀ ਵਡਿਆਈ ਵਰਨਣ ਵਿਚ ਨਹੀਂ ਆ ਸਕਦੀ। ਵਰਨਣ ਤਾਂ ਕਰੀਏ ਜੇ ਉਸ ਨੂੰ ਦੇਖਿਆ ਹੋਵੇ। ਅਕਾਲ ਪੁਰਖ ਤੋਂ ਬਾਅਦ ਸਮਰੱਥ ਸਤਿਗੁਰੂ ਜੀ ਪਰਉਪਕਾਰੀ ਹਨ। ਜੋ ਭੁੱਲੇ ਭਟਕੇ ਜੀਵਾਂ ਨੂੰ ਅਧਿਆਤਮਕਤਾ ਦੀ ਬਖਸ਼ਿਸ਼ ਕਰਦੇ ਹਨ। ਉਪਦੇਸ਼ ਬਖਸ਼ਿਸ਼ ਕਰਕੇ ਪ੍ਰਭੂ ਨਾਲ ਜੋੜਦੇ ਹਨ -

*ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ*
*ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥* ਅੰਗ- ੯੬

ਗੁਰੂ ਦਾ ਉਪਦੇਸ਼ ਸੁਣ ਕੇ ਇਸ ਜੀਵ ਦੇ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ- ੩੦੫*

ਪਉੜੀ ਦਰ ਪਉੜੀ ਅਵਸਥਾ ਦੀ ਚੜ੍ਹਾਈ ਹੋਣ ਉਪਰੰਤ 'ਸੰਤ ਕਾ ਮਾਰਗ ਧਰਮ ਕੀ ਪਉੜੀ' ਚੜ੍ਹਦੇ-ਚੜ੍ਹਦੇ ਸਮਰੱਥ ਸਤਿਗੁਰੂ ਇਹੋ ਜਿਹਾ ਉਪਦੇਸ਼ ਬਖਸ਼ਿਸ਼ ਕਰਦੇ ਹਨ ਜਿਥੇ ਜੀਵ ਤੇ ਬ੍ਰਹਮ ਦੀ ਅਭੇਦਤਾ ਹੋ ਜਾਂਦੀ ਹੈ। ਸਤਿਗੁਰੂ ਜੀਵ ਤੇ ਬ੍ਰਹਮ ਦੀ ਏਕਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾ ਕੇ ਆਪਣਾ ਰੂਪ ਬਣਾ ਲੈਂਦੇ ਹਨ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਐਸੀ ਅਵਸਥਾ ਦੇ ਧਾਰਨੀ ਆਤਮ ਮਾਰਗੀ ਰਾਹੀਆਂ ਦੀ ਚਰਨ ਧੂੜ ਦੀ ਲੋਚਾ ਕੀਤੀ ਗਈ ਹੈ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਐਸੇ ਸਤਿਗੁਰੂ ਗੁਰਸਿੱਖ ਨੂੰ ਆਪਣਾ ਬਣਾ ਕੇ ਦੁਤਰ ਸੰਸਾਰ ਤੋਂ ਪਾਰ ਕਰਾ ਦਿੰਦੇ ਹਨ -

*ਹਮਰੈ ਮਸਤਕਿ ਦਾਗੁ ਦਗਾਨਾ*
*ਹਮ ਕਰਜ ਗੁਰੂ ਬਹੁ ਸਾਢੇ ॥*
*ਪਰਉਪਕਾਰੁ ਪੁੰਨੁ ਬਹੁ ਕੀਆ*
*ਭਉ ਦੁਤਰੁ ਤਾਰਿ ਪਰਾਢੇ ॥ ੨ ॥ ਅੰਗ- ੧੭੧*

ਐਸੀਆਂ ਬਖਸ਼ਿਸ਼ਾਂ ਪ੍ਰਾਪਤ ਸੰਤ ਜਨ, ਗੁਰਮੁਖ, ਗੁਰਸਿੱਖ, ਰੱਬ ਦੇ ਪਿਆਰੇ ਆਪ ਪਰਉਪਕਾਰੀ ਬਣ ਜਾਂਦੇ ਹਨ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ- ੨੭੩*

ਜਨਮ ਮਰਨ ਤੋਂ ਰਹਿਤ ਹੋ, ਮਨੁੱਖਤਾ ਲਈ ਨਵੇਂ ਪੂਰਨੇ ਪਾ ਅਮਰ ਹੋ ਜਾਂਦੇ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਐਸੀਆਂ ਰੱਬੀ ਰੂਹਾਂ ਦੀ ਇਹ ਅਰਦਾਸ ਹੁੰਦੀ ਹੈ ਜੋ ਬਖਸ਼ਿਸ਼ਾਂ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਉਹ ਸਭਨਾਂ ਨੂੰ ਪ੍ਰਾਪਤ ਹੋਣ। ਉਨ੍ਹਾਂ ਦੀ ਲੋਚਾ ਹੁੰਦੀ ਹੈ -

*ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥*
*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥*
*ਅੰਗ- ੮੧੫*

ਜੋ ਉਨ੍ਹਾਂ ਦੀਆਂ ਦਿਤੀਆਂ ਸਿਖਿਆਵਾਂ ਨੂੰ ਵਿਚਾਰਦੇ ਹਨ ਉਹ ਵੀ ਸਾਰੇ ਪਰਉਪਕਾਰੀ ਹੋ ਜਾਂਦੇ ਹਨ - ***'ਵਿਦਿਆ ਵੀਚਾਰੀ ਤਾਂ ਪਰਉਪਕਾਰੀ।'*** *(ਅੰਗ-੩੫੬)* ਇਕ ਪਰਉਪਕਾਰੀ ਸਮੂੰਹ ਦਾ ਕਾਫ਼ਲਾ ਤਿਆਰ ਹੋ ਜਾਂਦਾ ਹੈ। ਜਿਸਨੂੰ ਸਤਿਸੰਗ ਮੰਡਲ ਕਿਹਾ ਜਾਂਦਾ ਹੈ। ਐਸਾ ਇਕ ਮੰਡਲ ਪਰਉਪਕਾਰੀ ਸਮੂੰਹ ਤਿਆਰ ਕਰਕੇ, ਸਰੀਰਕ ਉਪਾਧੀ ਦੂਰ ਕਰਦੇ ਹੋਏ ਸਰੀਰ ਤੋਂ ਉਹਲੇ ਹੋ ਜਾਂਦੇ ਹਨ। ਸਦਾ ਵਾਸਤੇ ਮਨੁੱਖਤਾ ਲਈ ਚਾਨਣ ਮੁਨਾਰਾ ਬਣ ਪਰਉਪਕਾਰੀ ਕਾਰਜ ਚਲਾ ਜਾਂਦੇ ਹਨ। ਇਹ ਉਨਾਂ ਨੂੰ ਰੱਬੀ ਬਖਸ਼ਿਸ਼ ਹੈ - ***'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।'***

ਇਹ ਪਰਉਪਕਾਰ ਕਿਹੜੇ-ਕਿਹੜੇ ਰੂਪ ਵਿਚ ਸਾਡੇ ਸਾਮ੍ਹਣੇ ਹਨ, ਇਸ ਦੀ ਵੀਚਾਰ ਨਵੰਬਰ ਅੰਕ ਵਿਚ ਕੀਤੀ ਜਾਵੇਗੀ। ਇਹ ਪਰਉਪਕਾਰੀ ਕਾਰਜ ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਦਰ ਘਰ ਤੋਂ ਵਰੋਸਾਏ, ਪਿਆਰ ਦੀ ਮੂਰਤਿ ਨਾਮ-ਬਾਣੀ ਦੇ ਰਸੀਏ, ਪਰਾ ਤੇ ਅਪਰਾ ਵਿਦਿਆ ਦੇ ਗਿਆਤਾ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਤੋਂ ਕਰਵਾਏ। ਐਸੀ ਰੱਬੀ ਰੂਹਾਂ ਦੀ ਜੋੜੀ ਵਲੋਂ ਗੁਰੂ ਬਖਸ਼ਿਸ਼ ਸਦਕਾ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੋਂ ਪਰਉਪਕਾਰ ਦੇ ਝਰਨੇ ਚਲਾਏ ਜੋ ਮਨੁੱਖਤਾ ਲਈ ਵਰਦਾਨ ਸਿੱਧ ਹੋ ਰਹੇ ਹਨ। ਉਹ ਆਪਣੇ ਪਰਉਪਕਾਰੀ ਕਾਰਜਾਂ ਕਰਕੇ ਸਦਾ ਹੀ ਅਮਰ ਰਹਿਣਗੇ। ਉਨ੍ਹਾਂ ਦੀ ਯਾਦ ਵਿਚ ਮਹਾਨ ਗੁਰਮਤਿ ਰੂਹਾਨੀ ਸਮਾਗਮ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਹਰ ਸਾਲ ਦੀ ਤਰ੍ਹਾਂ 30, 31 ਅਕਤੂਬਰ 1, 2 ਨਵੰਬਰ 2023 ਨੂੰ ਹੋ ਰਹੇ ਹਨ। ਦੇਸ਼, ਵਿਦੇਸ਼ ਤੋਂ ਪਿਆਰ ਵਾਲੀਆਂ ਸੰਗਤਾਂ ਪਿਆਰਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚ ਰਹੀਆਂ ਹਨ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁੱਖੀ (ਸੰਤ ਬਾਬਾ ਲਖਬੀਰ ਸਿੰਘ ਜੀ) ਦੀ ਅਗਵਾਈ ਵਿਚ ਟਰੱਸਟ ਮੈਂਬਰਾਂ ਅਤੇ ਸਮੂੰਹ ਸੰਗਤਾਂ ਦੀ ਇਕ ਮੀਟਿੰਗ ਹੋ ਚੁੱਕੀ ਹੈ। ਸਮੁੱਚੀਆਂ ਸੇਵਾਵਾਂ ਦੀ ਵੰਡ ਕੀਤੀ ਜਾ ਚੁਕੀ ਹੈ। ਅਗਲੀ ਮੀਟਿੰਗ ਵਿਚ ਮੁਕੰਮਲ ਤਿਆਰੀਆਂ ਸਬੰਧੀ ਵੀਚਾਰਾਂ ਹੋਣਗੀਆਂ। ਗੁਰੂ ਕ੍ਰਿਪਾ ਕਰਕੇ ਆਪਣੇ ਪਿਆਰਿਆਂ ਦੀ ਯਾਦ ਵਿਚ ਜੁੜ ਬੈਠੀਏ। ਨਾਮ-ਬਾਣੀ ਦੇ ਲਾਹੇ ਪ੍ਰਾਪਤ ਕਰਦਿਆਂ ਅਰਦਾਸ ਵਿਚ ਜੁੜੀਏ।

*ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ - ੧੫੭*

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

# ਕਤਿਕਿ
# ਸੰਗਰਾਂਦ - ਅਕਤੂਬਰ 17 (ਦਿਨ ਮੰਗਲਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥*
*ਅੰਗ - ੧੩੫*

ਭਾਰਤ ਇਕ ਖੇਤੀਬਾੜੀ ਪ੍ਰਧਾਨ ਦੇਸ਼ ਹੈ ਜਿਸ ਵਿਚ ਛੇ ਰੁੱਤਾਂ ਵਾਰੀ-ਵਾਰੀ ਅਟੱਲ ਹੁਕਮ ਅਨੁਸਾਰ ਆਉਂਦੀਆਂ ਹਨ ਅਤੇ ਆਪਣਾ ਸਮਾਂ ਪੂਰਾ ਕਰਕੇ ਚਲੀਆਂ ਜਾਂਦੀਆਂ ਹਨ। ਚੰਗਾ ਕਿਸਾਨ ਇਨ੍ਹਾਂ ਰੁੱਤਾਂ ਦੇ ਗੁਹਜ ਭੇਦਾਂ ਨੂੰ ਜਾਣਦਾ ਹੈ ਅਤੇ ਸਮੇਂ-ਸਮੇਂ ਤਿਆਰੀ ਵਿਚ ਰਹਿੰਦਾ ਹੈ ਕਿ ਕਿਹੜੀ ਫਸਲ ਬੀਜੀ ਜਾਵੇ, ਕਦੋਂ ਇਸ ਦਾ ਭਰਪੂਰ ਝਾੜ ਮਿਲੇਗਾ। ਇਸੇ ਤਰ੍ਹਾਂ ਨਾਲ ਜੀਵਨ ਦੇ ਅੰਦਰ ਭਾਵਾਂ ਦੇ ਗੇੜ ਚਲਦੇ ਰਹਿੰਦੇ ਹਨ। ਜੇਠ, ਹਾੜ੍ਹ ਵਿਚ ਤਪਸ਼ ਹੋਇਆ ਕਰਦੀ ਹੈ, ਸਾਵਣ ਵਰਖਾ ਦੀ ਰੁੱਤ ਹੈ। ਭਾਦਰੋਂ ਸਖਤ ਗਰਮੀਆਂ ਪਾ ਕੇ ਫਸਲਾਂ ਨੂੰ ਵਧਣ, ਮੌਲਣ ਦਾ ਮੌਕਾ ਪ੍ਰਦਾਨ ਕਰਦਾ ਹੈ। ਅੱਸੂ ਵਿਚ ਫਸਲਾਂ ਪੱਕ ਜਾਂਦੀਆਂ ਹਨ, ਮੱਕੀ ਵੱਢ ਲਈ ਜਾਂਦੀ ਹੈ, ਚਰ੍ਹੀਆਂ ਕੱਟ ਲਈਆਂ ਜਾਂਦੀਆਂ ਹਨ ਅਤੇ ਕਿਸਾਨ ਅੱਸੂ ਦੇ ਮਹੀਨੇ ਆਉਣ ਵਾਲੀ ਫਸਲ ਲਈ ਤਿਆਰੀ ਕਰਦਾ ਹੈ। ਸੂਝਵਾਨ ਕਿਸਾਨ ਨੂੰ ਪਤਾ ਹੈ ਕਿ ਕੱਤਕ ਦੇ ਮਹੀਨੇ ਧਰਤੀ ਵਿਚ ਬੀਜ ਪਾਉਣੇ ਹਨ ਤੇ ਸਮੇਂ ਸਿਰ ਪਾਏ ਬੀਜ ਬਹੁਤ ਜ਼ਿਆਦਾ ਝਾੜ ਦਿੰਦੇ ਹਨ। ਅੱਸੂ ਦਾ ਮਹੀਨਾ ਖਿੱਚ ਵਿਚ ਲੰਘ ਗਿਆ। ਮਿਲਾਪ ਲਈ ਉਮਾਹ ਉਠਿਆ, ਮਿਲਾਉਣ ਵਾਲਿਆਂ ਲਈ ਆਪਣਾ ਸਭ ਕੁਝ ਭੇਟਾ ਕਰਨ ਲਈ ਕਾਂਗਾਂ ਜਾਗੀਆਂ। ਹੁਣ ਕੱਤਕ ਦਾ ਮਹੀਨਾ ਆ ਪਹੁੰਚਿਆ, ਜੋ ਬੀਜਣ ਦੀ ਰੁੱਤ ਹੈ। ਇਸ ਵਿਚ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਜੀਵ ਬੀਜ ਰਿਹਾ ਹੈ, ਨਿਰੰਤਰ ਬੀਜ ਰਿਹਾ ਹੈ। ਇਹ ਅਸੂਝ ਹੈ ਕਿ ਕਿਹੜਾ ਬੀਜ ਪਾਉਣ ਤੇ ਮੈਂ ਸੁਖੀ ਹੋ ਸਕਦਾ ਹਾਂ ਅਤੇ ਕਿਹੜਾ ਬੀਜ ਪਾਉਣ ਤੇ ਮੈਂ ਹੌਂਕਿਆਂ ਤੇ ਹਾਵਿਆਂ ਵਿਚ ਦੁਖੀ ਹੋ ਸਕਦਾ ਹਾਂ ਕਿਉਂਕਿ ਕੁਦਰਤ ਦਾ ਅਟੱਲ ਨਿਯਮ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***
***ਅੰਗ - ੧੩੪***

ਸੋ ਆਦਮੀ ਜਨਮ ਲੈਂਦਾ ਹੈ, ਜਦ ਤੋਂ ਹੋਸ਼ ਆਉਂਦੀ ਹੈ ਉਸ ਸਮੇਂ ਤੋਂ ਹੀ ਬੀਜਣਾ ਸ਼ੁਰੂ ਕਰ ਦਿੰਦਾ ਹੈ। ਇਹ ਕਰਮਾਂ ਦੇ ਬੀਜ ਆਪਣੇ ਸਮੇਂ ਅਨੁਸਾਰ ਫਲ ਦਿੰਦੇ ਹਨ ਜਿਸ ਦਾ ਸਿੱਟਾ ਦੁਖ ਤੇ ਸੁਖ ਵਿਚ ਨਿਕਲਦਾ ਹੈ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਨੂੰ ਸੰਗਤ ਨੇ ਪੁਛਿਆ ਕਿ ਪਾਤਸ਼ਾਹ! ਇਸ ਜੀਵ ਦੇ ਉਤੇ ਅਚਾਨਕ ਹੀ ਦੁੱਖ ਕਿਉਂ ਆ ਪੈਂਦੇ ਹਨ ਤੇ ਸੁਖਾਂ ਵਿਚ ਅਚਾਨਕ ਹੀ ਕਿਉਂ ਪ੍ਰਵਿਰਤ ਹੋ ਜਾਂਦਾ ਹੈ? ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਇਹ ਇਕ ਬਹੁਤ ਲੰਮਾ ਚੱਕਰ ਹੈ, ਉਹ ਇਸ ਤਰ੍ਹਾਂ ਹੈ ਕਿ ਇਹ ਜੀਵ ਪ੍ਰਮੇਸ਼ਰ ਦਾ ਰੂਪ ਹੁੰਦਾ ਹੋਇਆ ਭੀ ਹਉਮੈ ਦੇ ਅਸਰ ਵਿਚ ਆ ਕੇ 'ਜੀਵ' ਦੀ ਉਪਾਧੀ ਧਾਰਨ ਕਰ ਲੈਂਦਾ ਹੈ। ਭਾਵੇਂ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ। ਇਸ ਹੁਕਮ ਨੂੰ ਭੁੱਲ ਕੇ ਇਹ ਕਰਮ

ਕਰਦਾ ਹੈ ਅਤੇ ਇਹ ਸਮਝਦਾ ਹੈ ਕਿ ਕਰਮ ਮੈਂ ਕੀਤੇ ਹਨ, ਮੈਂ ਸੇਵਾ ਕੀਤੀ ਹੈ, ਮੈਂ ਦਾਨ ਕਰਦਾ ਹਾਂ। ਇਹ ਪੂਰੀ ਤਰ੍ਹਾਂ ਨਾਲ ਹੁਕਮ ਦੇ ਵਸ ਹੋਇਆ ਜਦੋਂ ਕਰਮ ਕਰਦਾ ਹੈ ਤਾਂ ਇਨ੍ਹਾਂ ਕਰਮਾਂ ਦਾ ਫਲ ਉਸੇ ਨੂੰ ਭੁਗਤਣਾ ਪੈਂਦਾ ਹੈ, ਕਰਮਾਂ ਦਾ ਚੱਕਰ ਚਲ ਪੈਂਦਾ ਹੈ। ਉਨ੍ਹਾਂ ਕਰਮਾਂ ਕਰਕੇ ਇਸਨੂੰ ਦੁਖ ਸੁਖ ਪ੍ਰਾਪਤ ਹੁੰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਪਿਆਰਿਓ! ਭਾਈ ਦਇਆ ਸਿੰਘ ਜੀ ਮੇਰਾ ਹੀ ਰੂਪ ਹਨ। ਜਿੰਨੇ ਪ੍ਰਸ਼ਨ ਕਰਨੇ ਹਨ ਉਨ੍ਹਾਂ ਸਾਰਿਆਂ ਦਾ ਜਵਾਬ ਇਹ ਆਪ ਨੂੰ ਦੇਣਗੇ -

***ਸ਼੍ਰੀ ਮੁਖ ਤੇ ਸਭਿਹੂੰਨਿ ਉਚਾਰਾ।।***
***'ਦਇਆ ਸਿੰਘ ਮਮ ਰੂਪ ਉਦਾਰਾ।।***
***ਕਰਹੁ ਪ੍ਰਸ਼ਨ ਜੇਤਿਕ ਰੁਚਿ ਹੋਇ।।***
***ਉਤਰ ਕਹੈ ਸਕਲ ਹੀ ਸੋਇ।।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5650***

ਇਹ ਫੁਰਮਾ ਕੇ ਆਪ ਅੰਦਰ ਚਲੇ ਗਏ। ਭਾਈ ਦਇਆ ਸਿੰਘ ਜੀ ਕਹਿਣ ਲੱਗੇ ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਆਪ ਸਰਬੱਗ ਹਨ, ਮੈਂ ਤਾਂ ਅਲਪੱਗ ਹਾਂ। ਜਿਵੇਂ ਮੈਨੂੰ ਬੁਲਾਉਣਗੇ, ਮੈਂ ਉਸੇ ਤਰ੍ਹਾਂ ਬੇਨਤੀ ਕਰਦਾ ਹਾਂ। ਤੁਸੀਂ ਕਰਮ ਬਾਰੇ ਸਰਵਣ ਕਰੋ ਜਿਨ੍ਹਾਂ ਦੇ ਫਲ ਕਰਕੇ ਨਰਕ ਤੇ ਸਵਰਗ ਪ੍ਰਾਪਤ ਹੁੰਦੇ ਹਨ। ਕਰਮ ਤਿੰਨ ਕਿਸਮ ਦੇ ਹੁੰਦੇ ਹਨ - 1. ਸੰਚਿਤ ਕਰਮ, 2. ਪਰਾਲਬਧ ਕਰਮ, 3. ਕ੍ਰਿਆਮਾਨ ਕਰਮ।

ਜੀਵ ਦੇ ਅੰਤਸ਼ਕਰਣ ਵਿਚ, ਬੀਜ ਰੂਪ ਵਿਚ ਇਹ ਤਿੰਨੇ ਪ੍ਰਕਾਰ ਦੇ ਕਰਮ ਟਿਕੇ ਰਹਿੰਦੇ ਹਨ। ਚੇਤਨ ਆਤਮਾ ਦਾ ਅਕਸ਼ (ਪ੍ਰਤੀਬਿੰਬ) ਅੰਤਸ਼ਕਰਣ ਵਿਚ ਪੈਂਦਾ ਹੈ। ਇਸ ਅਕਸ਼ ਕਰਕੇ ਅੰਤਸ਼ਕਰਣ ਜੋ ਹੈ, ਉਹ ਪ੍ਰਤੀਬਿੰਬਤ ਹੈ। ਉਸਨੂੰ ਆਤਮਾ ਤੋਂ ਸੱਤ੍ਹਾ ਪਹੁੰਚਦੀ ਹੈ। ਜਦੋਂ ਤਕ ਅਗਿਆਨ ਦੀ ਅੰਸ ਕਾਇਮ ਹੈ, ਇਹ ਸਾਰੇ ਕਰਮਾਂ ਦੇ ਬੀਜ ਅੰਤਸ਼ਕਰਣ ਵਿਚ ਜਮ੍ਹਾਂ ਰਹਿੰਦੇ ਹਨ। ਅੰਤਸ਼ਕਰਣ ਆਪ ਜੜ੍ਹ ਹੈ, ਜਿੰਨੀ ਦੇਰ ਤਕ ਇਹ ਆਤਮਾ ਤੋਂ ਸਤ੍ਹਾ ਨਹੀਂ ਲੈਂਦਾ ਓਨੀ ਦੇਰ ਤੱਕ ਇਹ ਕਰਮਾਂ ਨੂੰ ਸਾਂਭ ਕੇ ਰੱਖਣ ਦੇ ਸਮਰੱਥ ਨਹੀਂ ਹੈ। ਕਰਮਾਂ ਨੂੰ ਧਾਰਨ ਵਿਚ ਅੰਤਸ਼ਕਰਣ ਤਦ ਤਕ ਸਮਰੱਥ ਨਹੀਂ ਹੁੰਦਾ। ਜਦੋਂ ਇਹਦੇ ਵਿਚ ਚੇਤਨ ਦਾ ਅਕਸ ਪੈਂਦਾ ਹੈ ਤਾਂ ਇਹ ਪ੍ਰਤੀਬਿੰਬਤ ਅੰਤਸ਼ਕਰਣ ਕਰਮ ਧਾਰਨ ਕਰਦਾ ਹੈ। ਅੰਤਸ਼ਕਰਣ ਦੇ ਚਾਰ ਭੇਦ ਹੋਇਆ ਕਰਦੇ ਹਨ - ਮਨ, ਚਿੱਤ, ਬੁੱਧ ਤੇ ਅਹੰਭਾਵ। ਜਦੋਂ ਤਕ ਅੰਤਸ਼ਕਰਣ ਅਗਿਆਨ ਸਹਿਤ ਹੈ, ਉਸ ਸਮੇਂ ਤਕ ਇਹ ਕਰਮ ਧਾਰਨ ਨੂੰ ਸਮਰੱਥ ਹੈ। ਅਗਿਆਨ ਤੋਂ ਬਗੈਰ ਕਰਮ ਧਾਰੇ ਨਹੀਂ ਜਾ ਸਕਦੇ। ਸੋ ਤਿੰਨ ਚੀਜ਼ਾਂ ਜਦੋਂ ਤਕ ਇਕੱਠੀਆਂ ਨਹੀਂ ਹੁੰਦੀਆਂ ਓਨੀਂ ਦੇਰ ਤਕ ਕਰਮ ਧਾਰੇ ਹੀ ਨਹੀਂ ਜਾ ਸਕਦੇ। ਯਾਨਿ ਕਰਮ ਇਕੱਠੇ ਸਾਂਭੇ ਨਹੀਂ ਜਾ ਸਕਦੇ। ਉਹ ਹਨ - ਇਕ ਅੰਤਸ਼ਕਰਣ, ਦੂਜਾ ਅਗਿਆਨ ਤੇ ਤੀਜਾ ਚੇਤਨ ਆਤਮਾ। ਜਦੋਂ ਇਹ ਇਕੱਠੇ ਹੋ ਜਾਂਦੇ ਹਨ ਤਾਂ ਕਰਮ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਹਨ। ਜੇ ਇਨ੍ਹਾਂ ਵਿਚੋਂ ਇਕ ਨਾ ਹੋਵੇ ਤਾਂ ਕਰਮ ਨਹੀਂ ਜਮ੍ਹਾਂ ਹੁੰਦੇ। ਜੇ ਅਗਿਆਨ ਦਾ ਨਾਸ਼ ਹੋ ਜਾਵੇ ਤਾਂ ਕਰਮ ਵੀ ਖਤਮ ਹੋ ਜਾਇਆ ਕਰਦੇ ਹਨ। ਸਮਝਣ ਵਾਸਤੇ, ਸਤੋ ਗੁਣ ਰੂਪੀ ਮਾਨੋ ਕਿ ਇਕ ਮਿੱਟੀ ਹੈ, ਮਿੱਟੀ ਦਾ ਢੇਲਾ ਹੈ, ਚੇਤਨ ਆਤਮਾ ਰੂਪੀ ਅਕਾਸ਼ ਹੈ, ਅਗਿਆਨ ਪਾਣੀ ਹੈ। ਮਿੱਟੀ ਤੇ ਪਾਣੀ ਰਲ ਕੇ ਬਰਤਨ ਬਣਾਉਂਦੇ ਹਨ ਤੇ ਉਸ ਵਿਚ ਅਕਾਸ਼ ਹੋਣ ਕਰਕੇ ਉਸਨੂੰ ਬਰਤਨ ਆਖਦੇ ਹਨ। ਜਿਵੇਂ ਘੜੇ ਦੇ ਅੰਦਰ ਅਕਾਸ਼ ਹੁੰਦਾ ਹੈ ਇਸੇ ਤਰ੍ਹਾਂ ਨਾਲ ਅੰਤਸ਼ਕਰਣ ਤੇ ਅਗਿਆਨ ਵਿਚ ਆਤਮਾ ਹੁੰਦਾ ਹੈ। ਇਸ ਤਰ੍ਹਾਂ ਨਾਲ ਇਕ ਬਰਤਨ ਬਣ ਗਿਆ। ਹੁਣ ਇਹ ਬਰਤਨ ਜਿਸ ਤਰ੍ਹਾਂ ਇਸ ਵਿਚ ਪਾਈ ਹੋਈ ਵਸਤੂ ਨੂੰ ਸਾਂਭ ਲੈਂਦਾ ਹੈ, ਉਸੇ ਤਰ੍ਹਾਂ ਨਾਲ ਇਹ ਅੰਤਸ਼ਕਰਣ ਰੂਪੀ ਘੜਾ ਕਰਮਾਂ ਨੂੰ ਸਾਂਭ ਲੈਂਦਾ ਹੈ। ਤਿੰਨੋ ਭਾਵੇਂ ਅੱਡ-ਅੱਡ ਹਨ, ਅੱਡ-ਅੱਡ ਹੋਣ ਕਰਕੇ ਇਹ ਕਿਸੇ ਚੀਜ਼ ਨੂੰ ਆਪਣੇ ਵਿਚ ਧਾਰਨ ਨਹੀਂ ਕਰ ਸਕਦੇ। ਜਦੋਂ ਇਹ ਤਿੰਨ ਇਕੱਠੇ ਹੋ ਜਾਂਦੇ ਹਨ ਤਾਂ ਇਸ ਵਿਚ ਸ਼ਕਤੀ ਹੋ ਜਾਂਦੀ ਹੈ - ਚੀਜ਼ਾਂ ਨੂੰ ਸੰਭਾਲਣ ਦੀ। ਸੋ ਆਤਮਾ ਵਿਚ ਕਰਮ ਧਾਰਨ ਦੀ ਸਮਰਥਾ ਨਹੀਂ ਹੈ। ਅੰਤਸ਼ਕਰਣ ਜੋ ਹੈ ਇਹ ਕਰਮਾਂ ਦੇ ਬੀਜਾਂ ਨੂੰ ਸੰਭਾਲਦਾ ਹੈ। ਐਂ ਸਮਝੋ ਕਿ ਅੰਤਸ਼ਕਰਣ ਤਰਕਸ਼ ਹੈ ਜਿਸ ਵਿਚ ਬਾਣ (ਤੀਰ), ਸੰਭਾਲ ਕੇ ਰੱਖੇ ਹੋਏ ਹਨ। ਜਿਹੜਾ ਤਰਕਸ਼ ਵਿਚੋਂ ਤੀਰ ਕੱਢ ਕੇ ਕਮਾਨ ਦੇ ਉਤੇ ਚੜ੍ਹਾ ਲਿਆ, ਜਦੋਂ ਕਮਾਨ ਖਿੱਚ ਕੇ ਤੀਰ ਛੱਡ ਦਿਤਾ ਤਾਂ ਉਹ ਆਪਣੇ ਨਿਸ਼ਾਨੇ ਵਲ ਨੂੰ ਚਲ ਪੈਂਦਾ ਹੈ। ਉਹ ਤੀਰ ਜਾ ਕੇ ਆਪਣੇ ਨਿਸ਼ਾਨੇ ਤੇ ਲਗਦਾ ਹੈ ਤੇ ਫੇਰ ਧਰਤੀ ਉਤੇ ਗਿਰ ਜਾਂਦਾ ਹੈ। ਇਸੇ ਤਰ੍ਹਾਂ ਨਾਲ ਅੰਤਸ਼ਕਰਣ ਵਿਚੋਂ ਜਦੋਂ ਜੀਵ ਨਵਾਂ ਜਨਮ ਧਾਰਦਾ ਹੈ ਤਾਂ ਇਹ ਕਰਮ, ਜਿਹੜੇ ਉਸਨੇ ਉਸ ਜਨਮ ਵਿਚ ਭੋਗਣੇ ਹੁੰਦੇ ਹਨ, ਉਹ ਕਮਾਨ ਤੇ ਚੜ੍ਹਨ ਵਾਸਤੇ ਤਿਆਰ ਹੁੰਦੇ ਹਨ। ਇਨ੍ਹਾਂ ਕਰਮਾਂ ਨੂੰ ਪਰਾਰਬਧ ਕਰਮ ਜਾਂ ਪਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਕਰਮ ਜੀਵ ਨੂੰ, ਧਾਰੇ ਹੋਏ ਜਨਮ ਵਿਚ, ਅਵਸ਼ ਭੋਗਣੇ ਪੈਂਦੇ ਹਨ ਕਿਉਂਕਿ ਇਹ ਕਮਾਨ ਉਪਰੋਂ ਚਲ ਪੈਂਦੇ ਹਨ ਅਤੇ ਸਮੇਂ ਦੇ ਮੁਤਾਬਿਕ ਇਨ੍ਹਾਂ ਕਰਮਾਂ ਨੇ ਜੀਵ ਨੂੰ, ਸੁਖ ਤੇ ਦੁਖ ਦਿੰਦੇ ਹੀ ਰਹਿਣਾ ਹੈ। ਸੋ ਇਨ੍ਹਾਂ ਪਰਾਲਬਧ ਕਰਮਾਂ ਬਾਰੇ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ-

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ।।*** ***ਅੰਗ- ੯੩੭***

ਅਤੇ ਮਹਾਂਪੁਰਸ਼ਾਂ ਦਾ ਭੀ ਮਤ ਹੈ -

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।।***

ਇਹ ਕਰਮ ਜੀਵ ਨੂੰ ਅਵਸ਼ ਭੋਗਣੇ ਪੈਂਦੇ ਹਨ। ਜੋ ਤਰਕਸ਼ ਦੇ ਵਿਚ ਕਰਮ ਬਾਕੀ ਬਚ ਗਏ, ਉਨ੍ਹਾਂ ਨੂੰ ਸੰਚਿਤ ਕਰਮ ਆਖਿਆ ਜਾਂਦਾ ਹੈ। ਯਾਨਿ ਕਿ ਉਹ

ਅੰਤਸ਼ਕਰਣ ਦੇ ਸਟੋਰ ਵਿਚ ਜਮਾਂ ਪਏ ਹਨ ਅਤੇ ਸਮੇਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਕਦੋਂ ਉਨ੍ਹਾਂ ਨੇ ਕਮਾਨ ਰਾਹੀਂ ਚਲ ਜਾਣਾ ਹੈ, ਕਦੋਂ ਜੀਵ ਨੂੰ ਦੁਖ ਸੁਖ ਦਾ ਫਲ ਦੇਣਾ ਹੈ, ਸੰਜੋਗ ਵਿਜੋਗ ਦਾ ਵਰਤਾਰਾ ਕਰਨਾ ਹੈ। ਸੋ ਇਹ ਸੰਚਿਤ ਕਰਮ ਬਹੁਤ ਸਮੇਂ ਤਕ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ ਅਤੇ ਪਰਾਲਬਧ ਕਰਮਾਂ ਵਿਚ ਬਦਲ ਕੇ ਸੁਖ ਦੁਖ ਦਿੰਦੇ ਹਨ।

ਇਕ ਸਾਖੀ ਆਉਂਦੀ ਹੈ ਕਿ ਜਦੋਂ ਮਹਾਂਭਾਰਤ ਦਾ ਜੁੱਧ ਸਮਾਪਤ ਹੋ ਗਿਆ ਤਾਂ ਕ੍ਰਿਸ਼ਨ ਮਹਾਰਾਜ, ਪੰਜੇ ਪਾਂਡਵਾਂ ਸਮੇਤ ਪਰਚੌਣੀ ਕਰਨ ਵਾਸਤੇ ਹਾਰੇ ਹੋਏ ਰਾਜੇ ਧ੍ਰਿਤਰਾਸ਼ਟਰ ਪਾਸ ਪਹੁੰਚਦੇ ਹਨ। ਉਸਨੇ ਕ੍ਰਿਸ਼ਨ ਮਹਾਰਾਜ ਜੀ ਉਪਰ ਪ੍ਰਸ਼ਨ ਕੀਤਾ ਕਿ ਮਹਾਰਾਜ! ਮੇਰੀ ਸੁਰਤ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਨ ਕਰਕੇ ਸੌ ਜਨਮ ਦਾ ਗਿਆਨ ਰਖਦੀ ਹੈ, ਇਨ੍ਹਾਂ ਜਨਮਾਂ ਵਿਚ ਮੈਂ ਕੋਈ ਐਸਾ ਕਰਮ ਨਹੀਂ ਕੀਤਾ ਜਿਸ ਵਿਚ ਮੇਰੇ ਪੁੱਤਰ, ਮੇਰੇ ਬੈਠਿਆਂ ਹੀ ਪਰਲੋਕ ਨੂੰ ਸਿਧਾਰ ਜਾਣ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਰਾਜਨ! ਇਹ ਕਰਮ ਤੂੰ 107 ਜਨਮ ਪਹਿਲਾਂ ਕੀਤਾ ਸੀ ਜਿਸ ਦਾ ਫਲ ਤੈਨੂੰ ਭੋਗਣਾ ਪੈ ਰਿਹਾ ਹੈ। ਅਸੀਂ ਤੈਨੂੰ ਯੋਗ ਬਲ ਨਾਲ ਦ੍ਰਿਸ਼ਟੀਗੋਚਰੇ ਕਰਾ ਦਿੰਦੇ ਹਾਂ। ਰਾਜਾ ਦੇਖਦਾ ਹੈ ਕਿ ਉਸ ਨੇ ਸੌ ਹੰਸ ਪਾਲੇ ਹੋਏ ਹਨ। ਇਕ ਦਿਨ ਕਿਤੋਂ ਮਾਸ ਨਾ ਮਿਲਣ ਕਰਕੇ ਆਗਿਆ ਦੇ ਦਿਤੀ ਕਿ ਅੱਜ ਹੰਸ ਦਾ ਮਾਸ ਬਣਾ ਲਵੋ। ਖਾਣ ਉਪਰੰਤ ਉਸਨੂੰ ਸਵਾਦਿਸ਼ਟ ਪ੍ਰਤੀਤ ਹੋਇਆ ਤਾਂ ਉਸਨੇ ਕਿਹਾ ਹਰ ਰੋਜ਼ ਹੀ ਬਣਾਇਆ ਕਰੋ। ਇਸ ਤਰ੍ਹਾਂ ਇਕ-ਇਕ ਕਰਕੇ ਸਾਰੇ ਬੱਚੇ ਖਾਧੇ ਗਏ। ਉਨ੍ਹਾਂ ਦੇ ਮਾਤਾ ਪਿਤਾ ਜਦੋਂ ਮਾਨ ਸਰੋਵਰ ਝੀਲ ਤੋਂ ਵਾਪਸ ਆਏ ਤਾਂ ਆਪਣੇ ਬੱਚਿਆਂ ਨੂੰ ਨਾ ਦੇਖ ਕੇ, ਮੋਹ ਵਸ ਹੋ ਕੇ ਆਪਣੇ ਪ੍ਰਾਣ ਤਿਆਗ ਗਏ। ਹੰਸ ਅਤੇ ਸਾਰਸ ਦੋ ਐਸੇ ਪੰਛੀ ਹਨ ਜੋ ਇਨ੍ਹਾਂ ਦੇ ਜੋੜੇ ਵਿਚੋਂ ਇਕ ਮਰ ਜਾਵੇ ਤਾਂ ਦੂਜਾ ਜਿਉਂਦਾ ਨਹੀਂ ਰਿਹਾ ਕਰਦਾ। ਉਹ ਵਿਰਲਾਪ ਕਰਦੇ ਘੁੰਮਦੇ ਰਹਿੰਦੇ ਹਨ ਅਤੇ ਅਖੀਰ ਉਨ੍ਹਾਂ ਦੇ ਪ੍ਰਾਣ ਪੰਖੇਰੂ ਉਡ ਜਾਂਦੇ ਹਨ। ਸੋ ਇਹ ਜੋੜਾ ਬਿਰਹੁ ਨੂੰ ਨਾ ਸਹਾਰਦਾ ਹੋਇਆ ਆਪਣੇ ਪ੍ਰਾਣ ਛੱਡ ਗਿਆ। ਇਹ ਦ੍ਰਿਸ਼ ਧ੍ਰਿਤਰਾਸ਼ਟਰ ਨੇ ਦੇਖ ਲਿਆ। ਬਹੁਤ ਅਫਸੋਸ ਹੋਇਆ ਕਿ ਜੇ ਮੈਨੂੰ ਪਤਾ ਹੁੰਦਾ ਕਿ ਕਰਮਾਂ ਦਾ ਫਲ ਅਵਸ਼ ਮਿਲਣਾ ਹੈ ਤਾਂ ਮੈਂ ਸੋਚ ਕੇ ਕਰਮ ਕਰਦਾ। ਪਰ ਹੁਣ ਤਾਂ ਕੁਝ ਵੀ ਨਹੀਂ ਹੋ ਸਕਦਾ ਸੀ ਕਿਉਂਕਿ ਇਹ ਕਰਮ ਪਰਾਲਬਧ ਕਰਮ ਬਣ ਚੁਕੇ ਸਨ। ਉਸ ਨੇ ਫੇਰ ਕ੍ਰਿਸ਼ਨ ਮਹਾਰਾਜ ਨੂੰ ਸਵਾਲ ਕੀਤਾ ਕਿ ਮਹਾਰਾਜ! ਮੈਂ ਜਮਾਂਦਰੂ ਹੀ ਨੇਤ੍ਰਹੀਣ ਹਾਂ। ਕ੍ਰਿਪਾ ਕਰਕੇ ਉਹ ਕਰਮ ਵੀ ਦਿਖਾ ਦੇਵੋ ਜਿਨ੍ਹਾਂ ਕਰਕੇ ਮੈਨੂੰ ਨੇਤਰ ਪ੍ਰਾਪਤ ਨਹੀਂ ਹੋਏ? 104ਵਾਂ ਜਨਮ ਕ੍ਰਿਸ਼ਨ ਮਹਾਰਾਜ ਨੇ ਦਿਖਇਆ, ਤਾਂ ਕੀ ਦੇਖਦਾ ਹੈ ਕਿ ਬੱਚਿਆਂ ਨਾਲ ਖੇਲ੍ਹ ਰਿਹਾ ਹੈ। ਬੱਚਿਆਂ ਨੇ ਅੱਕ ਦੇ ਹਰੇ ਟਿੱਡੇ ਫੜੇ ਹੋਏ ਹਨ। ਇਸ ਨੇ ਵੀ ਇਕ ਫੜ ਲਿਆ ਤੇ ਇਕ ਕਿੱਕਰ ਤੋਂ ਪੱਕੀ ਸੂਲ ਤੋੜ ਕੇ ਇਸ ਟਿੱਡੇ ਦੀਆਂ ਦੋਹਾਂ ਅੱਖਾਂ ਵਿਚੋਂ ਆਰ-ਪਾਰ ਲੰਘਾ ਦਿਤੀ ਤੇ ਉਸਨੂੰ ਵਗਾਹ ਕੇ ਮਾਰਿਆ। ਉਹ ਤੜਫ-ਤੜਫ ਕੇ ਮਰ ਗਿਆ।

ਤੀਸਰਾ ਪ੍ਰਸ਼ਨ ਉਸਨੇ ਕੀਤਾ ਕਿ ਮਹਾਰਾਜ! ਇਨ੍ਹਾਂ ਕਰਮਾਂ ਦਾ ਫਲ ੧੦੪ਵੇਂ ਤੇ ੧੦੭ਵੇਂ ਜਨਮ ਪਿਛੋਂ ਕਿਉਂ ਮੈਨੂੰ ਮਿਲਿਆ? ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ ਰਾਜਨ! ਕਰਮ ਭੋਗਣ ਦੇ ਵਿਚ ਬਹੁਤ ਸਾਰੇ ਜੀਵ ਸ਼ਾਮਿਲ ਹੋਇਆ ਕਰਦੇ ਹਨ। ਜਦੋਂ ਸਮੇਂ ਦਾ ਮੋੜ ਇਨ੍ਹਾਂ ਸਾਰਿਆਂ ਨੂੰ ਇਕ ਥਾਂ ਇਕੱਠੇ ਕਰ ਦਿੰਦਾ ਹੈ ਤਾਂ ਉਸ ਵੇਲੇ ਭੋਗਵਾਇਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਸੰਚਿਤ ਕਰਮ ਵਾਰੀ ਆਈ ਤੇ ਭੋਗਣੇ ਪੈਂਦੇ ਹਨ।

ਹੁਣ ਤੀਸਰਾ ਜੋ ਕਰਮ ਹੈ ਉਸ ਦਾ ਨਾਮ ਕ੍ਰਿਆਮਾਨ ਕਰਮ ਹੈ। ਅਸੀਂ ਹਰ ਰੋਜ਼ ਕਰਮ ਕਰਦੇ ਹਾਂ ਅਤੇ ਨਾਲ ਕਰਮਾਂ ਦਾ ਅਭਿਮਾਨ ਵੀ ਮਨ ਵਿਚ ਧਾਰਨ ਕਰਦੇ ਹਾਂ ਤਾਂ ਉਹ ਕਰਮ ਅੰਤਸ਼ਕਰਣ ਦੇ ਬਰਤਨ ਵਿਚ ਜਾ ਕੇ ਜਮ੍ਹਾਂ ਹੋ ਜਾਂਦੇ ਹਨ ਅਤੇ ਸੰਚਿਤ ਕਰਮ ਬਣ ਜਾਂਦਾ ਹੈ ਅਤੇ ਸਮਾਂ ਆਉਣ ਤੇ ਪਰਾਲਬਧ ਕਰਮ ਬਣ ਕੇ ਆਪਣਾ ਫਲ ਦਿੰਦਾ ਹੈ। ਪਰਾਲਬਧ ਕਰਮਾਂ ਦੇ ਤਿੰਨ ਫਲ ਹੋਇਆ ਕਰਦੇ ਹਨ - ਜਾਤ, ਉਮਰ ਤੇ ਭੋਗ। ਜਾਤ ਚੌਰਾਸੀ ਵਿਚ ਭੋਗੇ ਜਾਣ ਵਾਲੇ ਸਰੀਰਾਂ ਨੂੰ ਆਖਦੇ ਹਨ। ਪਰਾਲਬਧ ਅਨੁਸਾਰ ਫਲ ਇਹ ਹੁੰਦਾ ਹੈ ਕਿ ਜੀਵ ਨੂੰ ਚੌਰਾਸੀ ਵਿਚੋਂ ਕਿਹੜਾ ਸਰੀਰ ਦੇਣਾ ਹੈ, ਇਸਨੂੰ ਦੇਵਤਾ ਬਣਾਉਣਾ ਹੈ ਜਾਂ ਕੀੜੇ-ਮਕੌੜੇ, ਪਸ਼ੂ ਆਦਿਕ ਜਾਂ ਕਿਸੇ ਨਖਿੱਧ ਜੂਨੀ ਵਿਚ ਭੇਜਣਾ ਹੈ। ਇਸਨੂੰ ਸਮਾਂ, ਆਰਬਲਾ ਪਰਾਲਬਧ ਕਰਮਾਂ ਦੇ ਅਨੁਸਾਰ ਮਿਲਣੀ ਹੈ। ਇਸ ਵਿਚ ਦਿਨ, ਘੜੀ, ਨਿਮਖ ਪੂਰੀ ਤਰ੍ਹਾਂ ਨਾਲ ਗਿਣੇ ਮਿਥੇ ਹੁੰਦੇ ਹਨ।

***ਫਨਿ ਘਾਲੇ ਸਭ ਦਿਵਸ ਸਾਸ***
***ਨਹ ਬਢਨ ਘਟਨ ਤਿਲੁ ਸਾਰ॥***
***ਜੀਵਨ ਲੋਰਹਿ ਭਰਮ ਮੋਹ***
***ਨਾਨਕ ਤੇਊ ਗਵਾਰ॥*** ***ਅੰਗ - ੨੫੪***

ਤੀਸਰਾ ਭੋਗਾਂ ਦੇ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਇਸਨੂੰ ਪ੍ਰਾਪਤ ਹੋਣੀਆਂ ਹਨ, ਕਿੰਨੇ ਦੁਖ ਤੇ ਸੁਖ ਇਸਨੇ ਭੋਗਣੇ ਹਨ, ਕਿਹੋ ਜਿਹਾ ਤੰਦਰੁਸਤ ਜਾਂ ਬਿਮਾਰ, ਰੂਪ ਜਾਂ ਕਰੂਪ ਵਾਲਾ ਸਰੀਰ ਇਸਨੂੰ ਪ੍ਰਾਪਤ ਹੋਣਾ ਹੈ। ਇਹ ਸਭ ਕੁਝ ਪਰਾਲਬਧ ਦੇ ਮੁਤਾਬਿਕ ਹੁੰਦਾ ਹੈ। ਗੁਰੂ ਮਹਾਰਾਜ ਜੀ ਤਾਂ ਏਥੋਂ ਤਕ ਫੁਰਮਾਨ ਕਰਦੇ ਹਨ ਕਿ ਮੱਥੇ ਵਿਚ ਇਹ ਲੇਖ ਵੀ ਲਿਖੇ ਜਾਂਦੇ ਹਨ ਕਿ ਇਸਨੂੰ ਗੁਰੂ ਦੀ ਪ੍ਰਾਪਤੀ ਹੋਣੀ ਹੈ ਜਾਂ ਨਹੀਂ ਹੋਣੀ। ਉਹ ਵੀ ਕਰਮਾਂ ਦੇ ਅਨੁਸਾਰ ਹੁੰਦਾ ਹੈ। ਫੁਰਮਾਨ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ।।*

*ਅੰਗ - ੨੦੪*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ।।*
*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ।।*

*ਅੰਗ - ੪੫੦*

ਇਨ੍ਹਾਂ ਕਰਮਾਂ ਦਾ ਓਨੀਂ ਦੇਰ ਤਕ ਨਾਸ਼ ਨਹੀਂ ਹੁੰਦਾ ਜਦੋਂ ਤਕ ਜੀਵ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਕੇ, ਜੀਵ ਭਾਵ ਪੂਰੀ ਤਰ੍ਹਾਂ ਮਿਟ ਕੇ ਆਤਮਾ ਰੂਪ ਆਪਣੇ ਆਪ ਨੂੰ ਨਹੀਂ ਮੰਨਦਾ। ਜਦੋਂ ਗਿਆਨ ਪ੍ਰਗਟ ਹੋ ਗਿਆ, ਆਤਮਾ ਸਾਖਸ਼ਾਤ ਕਰ ਲਿਆ ਤਾਂ ਜਿੰਨੇ ਵੀ ਕਰੋੜਾਂ, ਅਰਬਾਂ ਸਾਲਾਂ ਦੇ ਕਰਮ ਅੰਤਸ਼ਕਰਣ ਵਿਚ ਸੰਚਿਤ ਰੂਪ ਵਿਚ ਪਏ ਹਨ, ਉਹ ਸਾਰੇ ਦੇ ਸਾਰੇ ਨਾਸ਼ ਹੋ ਜਾਂਦੇ ਹਨ।

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ - ੧੧੯੫*

ਗਿਆਨ ਹੋਣ ਤੇ ਹੀ ਸੰਚਿਤ ਕਰਮਾਂ ਦਾ ਨਾਸ਼ ਹੁੰਦਾ ਹੈ। ਕ੍ਰਿਆਮਾਨ ਕਰਮ ਅਹੰਭਾਵ ਨਾ ਹੋਣ ਕਰਕੇ ਫਲ ਦੇਣ ਤੋਂ ਅਸਮਰਥ ਰਹਿੰਦੇ ਹਨ ਅਤੇ ਪਰਾਲਬਧ ਕਰਮ ਜੀਵ ਨੂੰ ਗਿਆਨ ਅਵਸਥਾ ਵਿਚ ਵੀ ਭੋਗਣੇ ਪੈਂਦੇ ਹਨ ਪਰ ਸਮਰੱਥ ਗੁਰੂ ਪਾਸ ਇਹ ਰਾਖਵੀਂ ਸ਼ਕਤੀ ਹੈ ਕਿ ਕਿਸੇ ਨੂੰ ਭਾਵੇਂ ਸੁਪਨੇ ਵਿਚ ਭੋਗਵਾ ਦੇਣਾ, ਸੂਲੀ ਤੋਂ ਸੂਲ ਬਣਾ ਕੇ ਭੋਗਵਾ ਦੇਣ ਪਰ ਕਿਸੇ ਨਾ ਕਿਸੇ ਰੂਪ ਵਿਚ ਵੀ ਭੋਗਣੇ ਪੈਂਦੇ ਹਨ। ਸੋ ਜਿੰਨੇ ਕਰਮ ਅੰਤਸ਼ਕਰਣ ਵਿਚ ਪਏ ਹਨ ਉਨ੍ਹਾਂ ਦਾ ਨਾਸ਼ ਇਸ ਤਰ੍ਹਾਂ ਹੁੰਦਾ ਹੈ ਜਿਸ ਤਰ੍ਹਾਂ ਕਿਸੇ ਕਮਰੇ ਵਿਚ ਲੱਖਾਂ ਮਣ ਬੀਜ ਸਾਂਭ ਕੇ ਰੱਖਿਆ ਹੋਇਆ ਹੈ, ਜੇ ਉਸ ਘਰ ਨੂੰ ਅੱਗ ਲਗ ਜਾਵੇ ਤਾਂ ਉਹ ਦਗਧ ਹੋ ਜਾਂਦੇ ਹਨ। ਇਸੇ ਤਰ੍ਹਾਂ ਨਾਲ ਗਿਆਨ ਸ਼ਕਤੀ ਪ੍ਰਚੰਡ ਹੋਇਆਂ, ਸਾਰੇ ਕਰਮ ਦਗਧ ਹੋ ਕੇ ਆਪਣੇ ਫਲ ਦੇਣੋ ਅਸਮਰਥ ਹੋ ਜਾਂਦੇ ਹਨ। ਅੰਤਸ਼ਕਰਣ ਵਿਚ ਚਿਤ, ਗਿਆਨ ਹੋਇਆਂ, ਸਤਿ ਸਰੂਪ ਹੋ ਕੇ ਸ਼ਾਂਤ ਹੋ ਜਾਂਦਾ ਹੈ। ਜਦੋਂ ਆਤਮ ਬੁੱਧੀ ਦਾ ਪ੍ਰਕਾਸ਼ ਹੋ ਜਾਂਦਾ ਹੈ, ਇਸ ਆਤਮ ਵਿਚ ਅਨਾਤਮ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਆਤਮਾ ਸਤਿ ਹੈ ਉਸ ਵਿਚ ਅਸੱਤਿ ਦੀ ਸੋਝੀ ਹੋ ਜਾਂਦੀ ਹੈ, ਭਾਵ ਕਿ ਆਤਮਾ ਹੀ ਆਤਮਾ ਦਿਸਦਾ ਹੈ ਅਤੇ ਅਨਾਤਮਾ (ਨਾਮ ਰੂਪ ਮਾਇਆ) ਦਾ ਨਾਸ਼ ਹੋ ਜਾਂਦਾ ਹੈ। ਸੋ ਸਤਿ ਦੀ ਪ੍ਰਾਪਤੀ ਕਰਕੇ ਕ੍ਰਿਆਮਾਨ ਕਰਮ ਗਿਆਨਵਾਨ ਨੂੰ ਫਲ ਨਹੀਂ ਦਿਆ ਕਰਦੇ। ਸੰਚਿਤ ਕਰਮਾਂ ਦਾ ਸਟੋਰ ਦਗਧ ਹੋ ਗਿਆ, ਪਰਾਲਬਧ ਦੇ ਕਰਮ ਭੋਗ ਲਏ ਫੇਰ ਕਰਮ ਨਾ ਬਚਣ ਕਰਕੇ ਗਿਆਨੀ ਦੇ, ਜਿਸ ਨੇ ਆਪਣੇ ਆਤਮ ਸਰੂਪ ਵਿਚ ਨਿਵਾਸ ਕਰ ਲਿਆ ਹੈ, ਕੀਤੇ ਕਰਮ ਕ੍ਰਿਆਮਾਨ ਕ੍ਰਮ ਨਹੀਂ ਬਨਿਆ ਕਰਦੇ ਅਤੇ ਕੋਈ ਵੀ ਬੰਧਨ ਉਸ ਲਈ ਪੈਦਾ ਨਹੀਂ ਹੁੰਦਾ। ਕਰਮ ਉਸ ਸਮੇਂ ਤਕ ਹੀ ਫਲ ਦਿੰਦੇ ਹਨ ਜਦੋਂ ਤਕ ਇਹ ਜੀਵ ਆਪਣੇ ਆਪ ਨੂੰ ਦੇਹ ਮੰਨਦਾ ਹੈ। ਦੇਹ ਹੰਗਤਾ ਦਾ ਤਿਆਗੀ ਕਰਮਾਂ ਦਾ ਬੋਝ ਸੁੱਟ ਦਿੰਦਾ ਹੈ। ਤਨ ਹੰਗਤਾ ਕਰਕੇ ਕ੍ਰੋੜਾਂ ਜਨਮਾਂ ਤਕ ਇਹ ਜੀਵ ਘੁੰਮਦਾ ਰਹਿੰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ -

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ।।*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ।। ਅੰਗ - ੪੬੬*

ਸੋ ਵਿਸਥਾਰ ਨਾਲ ਕਰਮਾਂ ਦੀ ਗਤੀ ਦਾ ਵਰਣਨ ਇਸ ਲਈ ਕੀਤਾ ਗਿਆ ਹੈ ਕਿ ਸਾਨੂੰ ਸਮਝ ਪੈ ਜਾਵੇ ਕਿ ਕਰਮ ਕੀ ਹੁੰਦੇ ਹਨ, ਅਤੇ ਕਿਵੇਂ ਕੰਮ ਕਰਦੇ ਹਨ। ਸੋ ਗੁਰੂ ਮਹਾਰਾਜ ਇਸ ਮਹੀਨੇ ਵਿਚ ਉਪਦੇਸ਼ ਦਿੰਦੇ ਹੋਏ ਸਾਨੂੰ ਸੁਚੇਤ ਕਰਦੇ ਹਨ ਕਿ ਪਿਆਰਿਓ! ਜਦੋਂ ਤੁਸੀਂ ਕਰਮਾਂ ਦਾ ਫਲ ਭੋਗ ਰਹੇ ਹੋ ਤਾਂ ਫਿਰ ਦੂਜਿਆਂ ਨੂੰ ਕਿਉਂ ਦੋਸ਼ ਦਿੰਦੇ ਹੋ -

*ਕਤਿਕਿ ਕਰਮ ਕਮਾਵਣੇ*
*ਦੋਸੁ ਨ ਕਾਹੂ ਜੋਗੁ।। ਅੰਗ - ੧੩੫*

*ਦਦੈ ਦੋਸੁ ਨ ਦੇਊ ਕਿਸੈ*
*ਦੋਸੁ ਕਰੰਮਾ ਆਪਣਿਆ।*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ।। ਅੰਗ - ੪੩੩*

ਗੁਰੂ ਮਹਾਰਾਜ ਜੀ ਸਾਨੂੰ ਸੁਚੇਤ ਕਰਦੇ ਹੋਏ ਵਾਹਿਗੁਰੂ ਜੀ ਦਾ ਅਟੱਲ ਨਿਯਮ, ਜਿਸ ਤੋਂ ਅਸੀਂ ਭੁੱਲੇ ਹੋਏ ਹਾਂ, ਸਾਨੂੰ ਪੂਰੀ ਤਰ੍ਹਾਂ ਨਾਲ ਦੱਸ ਕੇ ਫੁਰਮਾਨ ਕਰਦੇ ਹਨ ਕਿ ਜਿੰਨੇ ਵੀ ਸੰਸਾਰ ਵਿਚ ਰੋਗ ਹਨ, ਉਹ ਸਾਰੇ ਵਾਹਿਗੁਰੂ ਜੀ ਨੂੰ ਪੂਰੀ ਤਰ੍ਹਾਂ ਨਾਲ ਭੁੱਲਣ ਕਰਕੇ ਆਪਣੇ ਆਪ ਹੀ ਆ ਕੇ ਸਰੀਰ ਨੂੰ, ਮਨ ਨੂੰ, ਬੁੱਧੀ ਨੂੰ, ਅੰਤਸ਼ਕਰਣ ਨੂੰ ਘੇਰ ਲਿਆ ਕਰਦੇ ਹਨ। ਜੇ ਅਸੀਂ ਵਿਚਾਰ ਕਰੀਏ ਤਾਂ ਇਹ ਗੱਲ ਸਪਸ਼ਟ ਤੌਰ ਤੇ ਸਾਨੂੰ ਮੰਨਣੀ ਪਵੇਗੀ ਕਿ ਪਹਿਲਾਂ ਮਨ ਬਿਮਾਰ ਹੁੰਦਾ ਹੈ। ਉਸਦੇ ਅਸਰ ਵਜੋਂ ਸਰੀਰ ਵਿਚ ਬਿਮਾਰੀ ਪ੍ਰਵੇਸ਼ ਕਰ ਜਾਇਆ ਕਰਦੀ ਹੈ। ਮਨ ਮਜ਼ਬੂਤ ਰਹੇ, ਅਰੋਗ ਰਹੇ, ਚਿੰਤਾ ਰਹਿਤ ਤੇ ਕ੍ਰੋਧ ਰਹਿਤ ਰਹੇ ਤਾਂ ਦੁਖਾਂ ਨੂੰ ਇਸ ਸਰੀਰ ਵਿਚ ਪ੍ਰਵੇਸ਼ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਜੋ ਸਰੀਰਕ ਰੋਗ ਹੋਇਆ ਕਰਦੇ ਹਨ, ਮਨ ਦੀ ਮਜ਼ਬੂਤੀ ਕਰਕੇ ਇਨ੍ਹਾਂ ਦੇ ਵਿਚ ਰੋਗਾਂ ਦੇ ਨਾਲ ਪੂਰੀ ਸ਼ਕਤੀ ਨਾਲ ਜੁੱਧ ਕਰਨ ਦੀ ਅਥਾਹ ਸ਼ਕਤੀ ਹੋਇਆ ਕਰਦੀ ਹੈ। ਸਭ ਨੇ ਆਮ ਦੇਖਿਆ ਹੋਣਾ ਹੈ ਕਿ ਜੇ ਇਕ ਬੰਦੇ ਨੂੰ ਕ੍ਰੋਧ ਆ ਜਾਵੇ ਤਾਂ ਉਸ ਦਾ ਖੂਨ ਗਰਮ ਹੋ ਜਾਂਦਾ ਹੈ, ਖੂਨ ਦੀ ਚਾਲ ਬਹੁਤ ਵਧ ਜਾਂਦੀ ਹੈ, ਨਬਜ਼ ਤੇਜ਼ ਚਲਦੀ ਹੈ; ਦਿਲ ਨੂੰ ਦੁਗਣੀ-ਤਿਗਣੀ ਤਾਕਤ ਨਾਲ ਕੰਮ ਕਰਕੇ ਕ੍ਰੋਧ ਨਾਲ ਹੋਏ ਵਿਸਫੋਟ ਨੂੰ ਕਾਬੂ ਕਰਨ ਲਈ ਤਿੰਨ ਚਾਰ ਗੁਣੀ ਸ਼ਕਤੀ ਨਾਲ ਕੰਮ

ਕਰਨਾ ਪੈਂਦਾ ਹੈ। ਦਿਲ ਦੀ ਧੜਕਣ, ਪਾਏ ਹੋਏ ਕਪੜਿਆਂ ਦੇ ਵਿਚ ਨਜ਼ਰ ਆਉਂਦੀ ਹੈ, ਲੱਤਾਂ ਕੰਬਦੀਆਂ ਹਨ, ਹੱਥ ਕੰਬਦੇ ਹਨ, ਬੁੱਧੀ ਨੂੰ ਕ੍ਰੋਧ ਦਾ ਧੂੰਆਂ ਪੂਰੀ ਤਰ੍ਹਾਂ ਨਾਲ ਅਛਾਦਨ ਕਰ ਲੈਂਦਾ ਹੈ ਅਤੇ ਉਹ ਆਪਣਾ ਕੰਮ ਕਰਨ ਤੋਂ ਅਸਮਰਥ ਹੋ ਜਾਇਆ ਕਰਦੀ ਹੈ। ਚਿੱਤ ਦੇ ਵਿਚ ਉਥੱਲ-ਪੁਥੱਲ ਪੈਦਾ ਹੋ ਜਾਂਦੀ ਹੈ, ਊਲ-ਜਲੂਲ ਮੂੰਹ ਵਿਚੋਂ ਬਉਰਿਆਂ ਵਾਂਗੂੰ ਬੋਲਦਾ ਹੈ ਅਤੇ ਹਲਕੇ ਹੋਏ ਕੁੱਤੇ ਵਾਂਗੂੰ ਝੱਗ ਸੁਟਦਾ ਹੈ; ਜੇ ਥੋੜਾ ਹੋਰ ਵਧ ਜਾਵੇ, ਉਸ ਦੇ ਹੱਥ ਵਿਚ ਰਾਈਫਲ ਹੋਵੇ ਤਾਂ ਗੋਲੀ ਭਰ ਕੇ ਮਾਰ ਵੀ ਦਿਆ ਕਰਦਾ ਹੈ। ਪਿਛੋਂ ਸਾਰੀ ਜ਼ਿੰਦਗੀ ਉਸਨੂੰ ਇਨ੍ਹਾਂ ਕਰਮਾਂ ਬਦਲੇ ਪਛਤਾਉਣਾ ਪੈਂਦਾ ਹੈ। ਕ੍ਰੋਧ ਨਾਲ ਹੋਏ ਮਾਨਸਿਕ ਵਿਸਫੋਟ ਦਾ ਐਸਾ ਅਸਰ ਹੋਇਆ ਕਰਦਾ ਹੈ ਕਿ ਸਰੀਰ ਦੇ ਕ੍ਰੋੜਾਂ ਸੈਲ ਜਲ ਜਾਂਦੇ ਹਨ, ਕੰਮ ਕਰਨਾ ਛੱਡ ਦਿੰਦੇ ਹਨ, ਭੁੱਖ ਨਹੀਂ ਲਗਦੀ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ, ਖਾਧਾ ਹੋਇਆ ਖਾਣਾ ਹਜ਼ਮ ਨਹੀਂ ਹੁੰਦਾ, ਸਿਰ ਦੁਖਣ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਕ੍ਰੋਧ ਇਕ ਖਿਆਲ ਹੀ ਤਾਂ ਹੈ। ਇਸ ਖਿਆਲ ਨੇ ਸਰੀਰ ਉਤੇ ਕਿੰਨਾ ਅਸਰ ਕੀਤਾ। ਇਸੇ ਤਰ੍ਹਾਂ ਨਾਲ ਆਦਮੀ ਦੇ ਮਨ ਵਿਚ ਚਿੰਤਾ ਪੈਦਾ ਹੋ ਜਾਂਦੀ ਹੈ। ਉਸ ਦੀ ਭੁੱਖ, ਤ੍ਰੇਹ ਪੂਰੀ ਤਰ੍ਹਾਂ ਨਾਲ ਮਿਟ ਜਾਂਦੀ ਹੈ। ਸਾਰੇ ਸਰੀਰ ਦੀ ਕਿਰਿਆ ਉਲਟ-ਪੁਲਟ ਹੋ ਜਾਂਦੀ ਹੈ, ਠੰਢੇ ਸਾਹ ਆਉਂਦੇ ਹਨ, ਹਉਕੇ ਆਉਂਦੇ ਹਨ, ਦੁਨੀਆਂ ਵਿਚ ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ, ਖੁਸ਼ੀਆਂ ਦੇ ਸਮਾਗਮ ਉਸ ਲਈ ਬੇ-ਮਾਇਨੇ ਹਨ। ਕ੍ਰੋੜਾਂ ਰੁਪਇਆ ਖਰਚ ਕੇ ਸ਼ੁਧ ਮਾਰਬਲ ਦਾ ਘਰ ਪੂਰੀ ਤਰ੍ਹਾਂ ਨਾਲ ਸਜਾਇਆ ਹੋਇਆ, ਚਿੰਤਾਵਾਨ ਪ੍ਰੇਮੀ ਦੇ ਵਾਸਤੇ ਕੋਈ ਖਿੱਚ ਦਾ ਕਾਰਨ ਨਹੀਂ ਬਣਦਾ। ਦੁਨੀਆਂ ਵਲੋਂ ਅਚੇਤ ਹੋ ਜਾਂਦਾ ਹੈ, ਇਕ ਧੁਨ ਲਗ ਜਾਂਦੀ ਹੈ ਉਸ ਵਿਚ ਹੀ ਡੁੱਬਿਆ ਰਹਿੰਦਾ ਹੈ ਅਤੇ ਸਰੀਰ ਦੇ ਸਾਰੇ ਸੈਲ, nervous system ਬਹੁਤ ਹੀ ਬੋਝਲ ਹੋ ਕੇ ਆਪਣਾ function (ਕੰਮ) ਨਿਭਾਉਂਦਾ ਹੈ। ਖਾਧੇ ਹੋਏ ਅਹਾਰ ਦੇ ਅੰਸ ਆਪਣੀ-ਆਪਣੀ ਥਾਂ ਜਿਗਰ ਤੋਂ ਭੇਜੇ ਨਹੀਂ ਜਾਂਦੇ, ਕਬਜ਼ ਹੋ ਜਾਂਦੀ ਹੈ ਜਾਂ ਫਿਰ loose motions (ਜਲਾਬ) ਲਗ ਜਾਂਦੇ ਹਨ, ਨੀਂਦ ਬਿਲਕੁਲ ਖਤਮ ਹੋ ਜਾਂਦੀ ਹੈ, ਨੀਂਦ ਦੀਆਂ ਗੋਲੀਆਂ ਖਾ ਕੇ ਕੁਝ ਸੌਣ ਦਾ ਜਤਨ ਕਰਦਾ ਹੈ ਪਰ ਫੇਰ ਵੀ ਸੌਂ ਨਹੀਂ ਹੁੰਦਾ, ਸੁਪਨੇ ਡਰਾਵਣੇ ਆਉਂਦੇ ਹਨ, ਪਰੇਸ਼ਾਨੀ ਵਾਲੇ ਆਉਂਦੇ ਹਨ; ਉਹ ਸੁਤਿਆਂ ਪਿਆਂ ਵੀ ਸਰੀਰ ਦੇ ਉਤੇ ਅਸਰ ਕਰਦੇ ਹਨ। ਸੋ ਇਸ ਤਰ੍ਹਾਂ ਨਾਲ ਆਦਮੀ ਉਪਰ ਖਿਆਲ ਦਾ ਅਸਰ ਹੋਇਆ ਕਰਦਾ ਹੈ। ਕਾਮੁਕ ਬਿਰਤੀ ਵਾਲੇ ਦੇ ਸਰੀਰਕ ਸੈਲ ਹਰ ਵਕਤ ਜਲਦੇ (burn) ਰਹਿੰਦੇ ਹਨ। ਵੀਰਯ ਇਸ ਸਰੀਰ ਵਿਚ ਸਭ ਤੋਂ supreme (ਸ਼ਕਤੀਸ਼ਾਲੀ) ਸ਼ਕਤੀ ਹੈ। ਉਹ ਖੁਰਾਕ ਦੇ ਤੱਤਾਂ ਨੂੰ compress (ਨਿਚੋੜ ਕੇ) ਕਰਕੇ ਇਕ ਬੂੰਦ ਵਿਚ ਜਮ੍ਹਾਂ ਹੋ ਜਾਂਦਾ ਹੈ। ਕਾਮੁਕ ਪੁਰਸ਼ ਅਗਿਆਨ ਵਸ ਹੋਇਆ ਹੋਇਆ ਇਸ ਸ਼ਕਤੀ ਨੂੰ ਵਾਸ਼ਨਾ ਦੇ ਅਧੀਨ ਐਨੀ ਨਿਰਬਲ ਕਰ ਦਿੰਦਾ ਹੈ ਕਿ ਸਰੀਰ ਵਿਚ ਅਨੇਕਾਂ ਰੋਗ ਆਪਣੇ ਪੱਕੇ ਘਰ ਬਣਾ ਲੈਂਦੇ ਹਨ ਅਤੇ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਸਰੀਰ ਨੂੰ ਗਾਲਣਾ ਸ਼ੁਰੂ ਕਰ ਦਿੰਦੇ ਹਨ ਜਿਵੇਂ ਸੁਹਾਗਾ ਪਾ ਕੇ ਸੋਨਾ ਢਲਦਾ ਹੈ ਇਵੇਂ ਜਿਵੇਂ ਕਾਮ ਤੇ ਕ੍ਰੋਧ ਸਰੀਰ ਨੂੰ ਗਾਲਦੇ ਹਨ। ਫੁਰਮਾਨ ਹੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥***

***ਅੰਗ- ੯੩੨***

ਇਸੇ ਤਰ੍ਹਾਂ ਨਾਲ ਡਰ ਆਦਮੀ ਦੇ ਖ਼ੂਨ ਨੂੰ ਪਾਣੀ ਬਣਾ ਦਿੰਦਾ ਹੈ। ਸਾਰੀ ਅਕਲ, ਹੋਸ਼ ਗੁੰਮ ਕਰ ਦਿੰਦਾ ਹੈ। ਡਰ ਵਿਚ ਆਦਮੀ ਨਾ ਕੁਝ ਖਾ ਸਕਦਾ ਹੈ ਅਤੇ ਨਾ ਹੀ ਉਸ ਦੇ ਸਰੀਰ ਨੂੰ ਕੋਈ ਸ਼ਕਤੀਸ਼ਾਲੀ ਅੰਸ਼ ਖਾਣ ਪੀਣ ਵਿਚੋਂ ਪ੍ਰਾਪਤ ਹੁੰਦੇ ਹਨ। ਡਰ ਨਾਲ ਆਦਮੀ ਕੇਵਲ ਕੰਬਦਾ ਹੀ ਨਹੀਂ ਸਗੋਂ ਉਸਦੇ ਸਾਰੇ system (ਢਾਂਚੇ) ਵਿਚ ਭਿਆਨਕ ਅਸਰ ਪੈਦਾ ਹੋ ਜਾਂਦਾ ਹੈ। ਡਰ ਦੇ ਮਾਰੇ ਪਿਸ਼ਾਬ ਨਿਕਲ ਜਾਂਦਾ ਹੈ, ਵਿਸ਼ਟਾ ਆਪਣੇ ਆਪ ਕਪੜਿਆਂ ਵਿਚ ਹੀ ਨਿਕਲ ਜਾਂਦਾ ਹੈ, ਬੋਲ ਕੰਬਦਾ ਹੈ, ਅਕਲ ਕੋਈ ਕੰਮ ਨਹੀਂ ਕਰਦੀ। ਸੋ ਸਰੀਰ ਉਤੇ ਇਸ ਦਾ ਪ੍ਰਬਲ ਅਸਰ ਪੈਂਦਾ ਹੈ ਜੋ ਬਹੁਤ ਸਮੇਂ ਤਕ ਸਤੁੰਲਨ ਵਿਚ ਨਹੀਂ ਆਉਂਦਾ। ਜ਼ਬਰਦਸਤ ਝਟਕਾ ਲਗ ਜਾਂਦਾ ਹੈ। ਇਸੇ ਤਰ੍ਹਾਂ ਨਾਲ ਆਸ਼ਾਵਾਂ ਅਤੇ ਅੰਦੇਸ਼ੇ ਸਰੀਰ ਉਤੇ ਅਸਰ ਕਰਦੇ ਰਹਿੰਦੇ ਹਨ। ਪੰਜਾਂ ਚੋਰਾਂ ਦਾ ਹੱਲਾ ਐਨਾ ਜ਼ੋਰਦਾਰ ਹੁੰਦਾ ਹੈ ਕਿ ਉਸ ਦੇ ਸੰਤੁਲਨ ਨੂੰ ਤਹੱਸ-ਨਹੱਸ ਕਰ ਦਿੰਦਾ ਹੈ। ਪੂਰੀ ਤਰ੍ਹਾਂ ਨਾਲ ਬੇ-ਮਰਿਆਦਗੀ ਵਿਚ ਧੱਕਾ ਦੇ ਦਿੰਦਾ ਹੈ। ਜ਼ੁਬਾਨ ਦੇ ਨਾਲ ਕਿਸੇ ਦੀ ਨਿੰਦਿਆ ਕਰਨੀ, ਬੁਰਾ ਭਲਾ ਕਹਿਣਾ, ਦੋਸ਼ ਕੱਢਣੇ, ਇਹ ਮਾਨਸਿਕ ਬਿਮਾਰੀ ਹੋਇਆ ਕਰਦੀ ਹੈ ਜਿਸ ਦਾ ਜਨਮ ਈਰਖਾ ਤੋਂ ਹੋਇਆ ਕਰਦਾ ਹੈ। ਈਰਖਾਲੂ ਪੁਰਸ਼ ਦੇ ਮੱਥੇ ਉਤੇ ਤਿਊੜੀਆਂ ਪੈ ਜਾਂਦੀਆਂ ਹਨ, ਚੇਹਰਾ ਡਰਾਉਣਾ ਹੋ ਜਾਂਦਾ ਹੈ, ਨੇਤਰਾਂ ਦੀ ਮਿਠਾਸ ਖਤਮ ਹੋ ਕੇ ਉਸ ਵਿਚ ਕਰੂਰਤਾ ਆ ਜਾਂਦੀ ਹੈ ਉਸਦੇ ਬੋਲਾਂ ਦੀ ਮਿਠਾਸ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਂਦੀ ਹੈ ਅਤੇ ਫਿੱਕੇ ਬੋਲ ਉਸ ਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲਦੇ ਹਨ। ਇਸ ਰੋਗ ਦੀ ਭੜਾਸ ਕੱਢਣ ਲਈ ਉਹ ਦੂਸਰਿਆਂ ਵਿਚ ਦੋਸ਼ ਅਰੋਪਣ ਕਰਦਾ ਹੈ ਅਤੇ ਨਿੰਦਾ ਕਰਕੇ ਦੂਸਰਿਆਂ ਦੇ ਮਨਾਂ ਵਿਚ ਅਕਾਰਨ ਹੀ ਐਸੀਆਂ ਚੀਜ਼ਾਂ ਪਾਉਣ ਦਾ ਜਤਨ ਕਰਦਾ ਹੈ ਜਿਸ ਨਾਲ ਉਨ੍ਹਾਂ ਦੇ ਮਾਨਸਿਕ ਸੰਤੁਲਨ ਨੂੰ ਹਾਨੀ ਪਹੁੰਚ ਸਕੇ। ਸੋ ਇਹ ਸਭ ਕੁਝ ਕਿਉਂ ਹੋਇਆ? ਇਹ ਵਿਚਾਰ ਅਸਾਨੂੰ ਅਵਸ਼ ਕਰਨੀ ਪੈਂਦੀ ਹੈ। ਮਨੋ ਵਿਗਿਆਨੀ ਇਸ ਦੇ ਬਹੁਤ ਕਾਰਨ ਦਸਦੇ ਹਨ ਅਤੇ ਇਲਾਜ ਦੱਸਣ ਦੀ ਵੀ ਕੋਸ਼ਿਸ਼ ਕਰਦੇ ਹਨ ਪ੍ਰੰਤੂ ਗੁਰੂ ਮਹਾਰਾਜ ਜੀ ਗੁਰਬਾਣੀ

ਰਾਹੀਂ ਫੁਰਮਾਨ ਕਰਦੇ ਹਨ -

*ਮਾਇਆ ਮੋਹੁ ਮੇਰੈ ਪ੍ਰਭਿ ਕੀਨਾ*
*ਆਪੇ ਭਰਮਿ ਭੁਲਾਏ॥*
*ਮਨਮੁਖਿ ਕਰਮ ਕਰਹਿ ਨਹੀ ਬੂਝਹਿ*
*ਬਿਰਥਾ ਜਨਮੁ ਗਵਾਏ॥*
*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ॥ ਅੰਗ - ੬੭*

ਗੁਰਬਾਨੀ ਦੇ ਪ੍ਰਕਾਸ਼ ਵਿਚ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਪਸ਼ਟ ਦਸਦਾ ਹੈ-

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਅੰਗ - ੧੩੫*

ਜਦੋਂ ਅਸੀਂ ਇਸ ਦੀ ਗਹਿਰੀ ਵਿਚਾਰ ਕਰਦੇ ਹਾਂ ਤਾਂ ਸਾਡੇ ਅੰਦਰ ਕੁਝ ਪ੍ਰਕਾਸ਼ ਪੈਂਦਾ ਹੈ ਜਿਸ ਤੋਂ ਕੁਝ ਅਨੁਭਵ ਖੁਲ੍ਹਦਾ ਹੈ। ਵਾਹਿਗੁਰੂ ਜੀ ਸਤਿ, ਚਿਤ, ਅਨੰਦ ਅਤੇ ਨਿਰੇ ਹੀ ਪਿਆਰ ਦਾ ਸਰੂਪ ਹਨ ਅਤੇ ਅਮਿਤੋਜ (ਨਾ ਮਿਣੀ, ਨਾ ਤੋਲੀ ਜਾਣ ਵਾਲੀ ਸ਼ਕਤੀ) ਦੇ ਮਾਲਕ ਹਨ। ਜਦੋਂ ਇਹ ਜੀਵ ਪ੍ਰਭੂ ਵਲ ਨੂੰ ਰੁਖ ਕਰਦਾ ਹੈ ਤਾਂ ਉਸ ਪ੍ਰਭੂ ਵਿਚੋਂ ਰਸ ਅਤੇ ਪਿਆਰ ਦਿੰਦੀ ਧਾਰ ਇਸ ਦੇ ਅੰਤਸ਼ਕਰਣ ਵਿਚ ਪੈਣੀ ਸ਼ੁਰੂ ਹੋ ਜਾਇਆ ਕਰਦੀ ਹੈ ਜਿਸ ਕਰਕੇ ਇਸ ਦੀ ਸੋਚਣ ਸ਼ਕਤੀ, ਸਹਿਨ ਸ਼ਕਤੀ ਐਨੀ ਮਜ਼ਬੂਤ ਹੋ ਜਾਇਆ ਕਰਦੀ ਹੈ ਕਿ ਕੋਈ ਵੀ ਡਰ, ਕੋਈ ਵੀ ਚਿੰਤਾ, ਆਸਾ ਅੰਦੇਸਾ, ਪੰਜ ਚੋਰ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜੇ ਵਿਸ਼ੇ - ਸਬਦ, ਸਪਰਸ਼, ਰੂਪ, ਰਸ, ਗੰਧ; ਚਾਰ ਅੰਦਰਲੀਆਂ ਅਗਨੀਆਂ - ਹੰਸ, ਹੇਤ, ਕੋਪ, ਲੋਭ ਆਦਿ ਸਾਰੇ ਸੰਤੁਲਨ ਵਿਚ ਬੱਝ ਜਾਂਦੇ ਹਨ ਅਤੇ ਨਾਮ ਦੇ ਜਾਪ ਕਰਨ ਨਾਲ ਇਸ ਜੀਵ ਦੇ ਅੰਦਰ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ, ਭਰੋਸੇ ਦਾ ਅਮੁੱਕ ਭੰਡਾਰ ਇਸ ਦੇ ਅੰਤਸ਼ਕਰਣ ਵਿਚ ਸਮਾਅ ਜਾਂਦਾ ਹੈ ਜਿਸ ਕਰਕੇ ਸਰੀਰ ਦੇ ਸਾਰੇ ਸੈਲ ਜੋ ਅਜਕੱਲ ਦੇ ਵਿਗਿਆਨਕਾਰੀਆਂ ਵਲੋਂ 14 ਖਰਬ, 15 ਅਰਬ ਦੱਸੇ ਜਾਂਦੇ ਹਨ, ਸਾਰੇ ਇਕ ਨਿਯਮ ਵਿਚ ਉਮਾਹ ਭਰੀ ਸੋਚਣੀ ਵਿਚ ਅਨੰਦ ਦੀਆਂ ਉਠਦੀਆਂ ਲਹਿਰਾਂ ਨੂੰ ਅਨੁਭਵ ਕਰਦੇ ਹੋਏ ਬੱਝ ਜਾਂਦੇ ਹਨ ਕਿਉਂਕਿ ਵਾਹਿਗੁਰੂ ਜੀ ਅਮਿੱਤ ਸ਼ਕਤੀ ਹਨ। ਸੋ ਉਨ੍ਹਾਂ ਵਿਚੋਂ ਸਰੀਰ ਦੇ ਸਹਿਨ-ਯੋਗ ਐਨਰਜੀ, ਉਨ੍ਹਾਂ ਨਾਲ ਪਿਆਰ ਵਿਚ ਜੁੜਿਆਂ, ਸਹਿਜ ਨਾਲ ਹੀ ਸਾਡੇ ਸਰੀਰ ਵਿਚ ਸਿੰਜਰਦੀ ਰਹਿੰਦੀ ਹੈ। ਜਿੰਨੇ ਵੀ ਸਰੀਰਕ ਸੈਲ ਫਿਊਜ਼ ਹੋ ਚੁੱਕੇ ਹੁੰਦੇ ਹਨ, ਉਹ ਮੁੜ ਕੇ ਚੇਤਨਤਾ ਦੇ ਵੇਗ ਨਾਲ ਰਲ ਕੇ ਪੂਰੀ ਤਰ੍ਹਾਂ ਨਾਲ ਟਹਿਕ ਜਾਂਦੇ ਹਨ। ਵੱਡੇ ਤੋਂ ਵੱਡਾ ਹੋਇਆ-ਹੋਇਆ ਰੋਗ ਮਿਟ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਇਸ ਨੂੰ ਸੰਖੇਪ ਤੌਰ ਤੇ ਦਸਦੇ ਹਨ ਕਿ ਜੋ ਪ੍ਰੇਮੀ ਨਾਮ ਦੀ ਦਾਰੂ ਵਰਤ ਲਵੇਗਾ ਉਸਨੂੰ ਕਦੇ ਸੁਪਨੇ ਵਿਚ ਵੀ ਰੋਗ ਦਾ ਪ੍ਰਭਾਵ ਨਹੀਂ ਪਵੇਗਾ, ਫੁਰਮਾਨ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*
*ਅੰਗ - ੨੫੯*

ਸੋ ਇਹ ਅਉਖਧ ਨਾਮ ਹੈ, ਨਾਮ ਆਦਮੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਜਿਸ ਥਾਂ ਨਾਮ ਦਾ ਅਨੁਭਵ ਇਸ ਸਰੀਰ ਵਿਚ ਹੁੰਦਾ ਹੈ, ਉਸਨੂੰ ਮਹਾਰਾਜ ਜੀ ਸੁੰਨ ਮੰਡਲ ਆਖ ਕੇ ਸੰਬੋਧਨ ਕਰਦੇ ਹਨ। ਜਿਥੇ ਕੋਈ ਫੁਰਨਾ ਨਹੀਂ ਹੈ, ਜਿਥੇ ਕੋਈ ਕਲਪਨਾ ਨਹੀਂ, ਕੋਈ ਭਰਮ ਭੁਲੇਖਾ ਨਹੀਂ ਹੈ, ਉਸ ਥਾਂ ਨਾਮ ਦਾ ਅਨੁਭਵ ਹੋਇਆ ਕਰਦਾ ਹੈ। ਫੁਰਮਾਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਅੰਗ - ੨੯੩*

ਸੋ ਜਦੋਂ ਪ੍ਰਮੇਸ਼ਰ ਦੀ ਯਾਦ ਅੰਤਸ਼ਕਰਣ ਵਿਚ ਟਿਕ ਜਾਵੇ ਤਾਂ ਆਦਮੀ ਦੇ ਕੁਲ ਰੋਗ ਬਿਨਾਂ ਦਵਾਈ ਖਾਧਿਆਂ ਆਪਣੇ ਆਪ ਹੀ ਦੂਰ ਹੋ ਜਾਇਆ ਕਰਦੇ ਹਨ। ਇਥੋਂ ਤਕ ਵੀ ਪ੍ਰਤੱਖ ਤਜਰਬਾ ਕੀਤਾ ਹੈ ਕਿ ਜਿਸਦੇ ਅੰਦਰ ਨਾਮ ਦੀ ਰੌ ਪੂਰੀ ਸ਼ਕਤੀ ਨਾਲ ਰੁਮਕ ਰਹੀ ਹੈ ਉਸ ਵਲੋਂ ਸਿਰ ਤੇ ਹੱਥ ਰੱਖਿਆਂ ਜਾਂ ਮੁਖ ਤੋਂ ਸ਼ੁਭ ਵਾਕ ਕੀਤਿਆਂ ਜਾਂ ਉਸ ਦੀ ਚਰਨ ਧੂੜ ਵਰਤਿਆਂ ਭਿਅੰਕਰ ਰੋਗਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਇਹ ਸਾਰੇ ਬਚਨ ਨਿਰਾਰਥਕ ਨਹੀਂ ਹਨ। ਇਹ ਪਰਖ ਕੇ, ਦੇਖ ਕੇ ਤਜਰਬਾ ਕਰਕੇ ਲਿਖੇ ਜਾ ਰਹੇ ਹਨ। ਸੈਂਕੜੇ ਪ੍ਰੇਮੀ ਜਿਨ੍ਹਾਂ ਨੂੰ ਡਾਕਟਰਾਂ ਨੇ ਇਹ ਕਹਿ ਕੇ ਹਸਪਤਾਲਾਂ 'ਚੋਂ ਖਾਰਜ ਕਰ ਦਿਤਾ ਸੀ ਕਿ ਤੁਹਾਡਾ ਰੋਗ ਅਸਾਧ ਹੈ ਇਸ ਦਾ ਕੋਈ ਇਲਾਜ ਨਹੀਂ, ਉਨ੍ਹਾਂ ਨੇ ਵੀ ਜਦੋਂ 'ਨਾਮ' ਦਵਾਈ ਪੂਰੀ ਵਿਧੀ ਨਾਲ ਤਨ ਮਨ 'ਚ ਵਰਤੀ ਤਾਂ ਉਨ੍ਹਾਂ ਦੇ ਭਿਅੰਕਰ ਰੋਗ, ਬਿਨਾਂ ਜਾਤ-ਪਾਤ ਦਾ ਖਿਆਲ ਕੀਤਿਆਂ ਦੂਰ ਹੋ ਗਏ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਜਿਸ ਅਟੱਲ ਨਿਯਮ ਵਲ ਸਾਡਾ ਧਿਆਨ ਦਿਵਾਉਂਦੇ ਹਨ, ਉਹ ਹੈ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਅੰਗ- ੧੩੫*

ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਇਕ ਹੋਰ ਅਟੱਲ ਨਿਯਮ ਵਲ ਧਿਆਨ ਦਿਵਾਉਂਦਿਆਂ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਤੋਂ ਬੇਮੁਖ ਹੋ ਕੇ ਜੀਵਨ ਗੁਜ਼ਾਰਨ ਨਾਲ ਜੰਮਣ ਤੇ ਮਰਨ ਵਿਚ ਪੈਂਦਾ ਹੋਇਆ ਆਦਮੀ ਸਦਾ ਹੀ ਵਿਜੋਗ ਦੀ ਅਵਸਥਾ ਨਾਲ ਪੀੜਤ ਰਹਿੰਦਾ ਹੈ। ਮਾਇਆ ਦੇ ਭੋਗ ਕੋਈ ਰਸ ਨਹੀਂ ਦਿੰਦੇ ਸਗੋਂ ਗੁਰੂ ਮਹਾਰਾਜ ਤਾਂ ਐਸਾ ਫੁਰਮਾਨ ਕਰਦੇ,

ਮਾਇਆ ਬਾਰੇ ਦਸਦੇ ਹਨ ਕਿ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥ ਅੰਗ – ੭੦੭*

ਸੋ ਪ੍ਰਮੇਸ਼ਰ ਤੋਂ ਭੁੱਲੇ ਹੋਏ, ਮਹਾਂ ਦੁਖੀ ਹੋਏ ਜੀਵ ਦੀ ਕੋਈ ਵਿਚੋਲਗੀ ਨਹੀਂ ਕਰ ਸਕਦਾ ਕਿਉਂਕਿ ਅਟੱਲ ਨਿਯਮਾਂ ਅਨੁਸਾਰ ਉਸਨੇ ਆਪਣੇ ਕੀਤੇ ਕਰਮਾਂ ਦਾ ਦੁਖ ਜ਼ਰੂਰ ਭੋਗਣਾ ਹੈ ਪਰ ਆਪ ਜੀਵ ਨੂੰ ਨਿਰਾਸ਼ਾਵਾਦ ਵਿਚ ਡੁੱਬਣ ਤੋਂ ਬਚਾਉਣ ਵਾਸਤੇ ਫੁਰਮਾਨ ਕਰਦੇ ਹਨ ਕਿ ਜੇ ਭਾਗ ਬਣ ਜਾਣ ਅਤੇ ਇਹ ਜੀਵ ਪ੍ਰਮੇਸ਼ਰ ਉਤੇ ਇਮਾਨ ਲੈ ਆਵੇ, ਉਸ ਦੀ ਯਾਦ ਵਿਚ ਗੁਲਤਾਨ ਹੋ ਜਾਵੇ ਅਤੇ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਉਸ ਨੂੰ ਆਪਣੇ ਅੰਦਰੋਂ ਹੀ ਪ੍ਰਭੂ ਦਾ ਗਿਆਨ ਹੋ ਜਾਵੇ ਅਤੇ ਜੀਵ ਭਾਵ, ਆਤਮ ਭਾਵ ਵਿਚ ਬਦਲ ਜਾਵੇ ਤਾਂ ਸਾਰੇ ਵਿਜੋਗ ਖਤਮ ਹੋ ਜਾਇਆ ਕਰਦੇ ਹਨ। ਅੰਤ ਗੁਰੂ ਮਹਾਰਾਜ ਜੀ ਅਸਾਨੂੰ ਬੇਨਤੀ ਕਰਨ ਦੀ ਜਾਂਚ ਦਸਦਿਆਂ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਅਸਾਡੇ ਬੰਧਨਾਂ ਨੂੰ ਕੱਟ ਦੇ, ਸਾਡੇ ਔਗੁਣਾਂ ਨੂੰ ਨਾ ਚਿਤਾਰ, ਮੇਲ ਦੇ ਆਪਣਾ ਕੋਈ ਪਿਆਰਾ, ਉਸ ਦੀ ਸੰਗਤ ਵਿਚ ਮੈਂ ਤੇਰੇ ਗੁਣ ਗਾਵਾਂ, ਤੇਰਾ ਬਣ ਕੇ ਚਲਾਂ ਤਾਂ ਸਾਰੀਆਂ ਸੋਚਾਂ, ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇ। ਕ੍ਰਮਵਾਰ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੈ–

*ਵੇਮੁਖ ਹੋਏ ਰਾਮ ਤੇ*
*ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ*
*ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ*
*ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ*
*ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ*
*ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ*
*ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥*
*ਅੰਗ – ੧੩੫*

ਸੋ ਇਸ ਉਤਮ ਉਪਦੇਸ਼ ਨੂੰ ਕਤਕ ਦੇ ਮਹੀਨੇ ਰਾਹੀਂ ਗੁਰੂ ਮਹਾਰਾਜ ਜੀ ਨੇ ਪ੍ਰਗਟ ਕਰਕੇ ਅਟੱਲ ਨਿਯਮਾਂ ਵਲ ਸਾਡਾ ਧਿਆਨ ਦਵਾਇਆ ਹੈ, ਅਸੀਂ ਇਨ੍ਹਾਂ ਨਿਯਮਾਂ ਨੂੰ ਗਹੁ ਪੂਰਵਕ ਵਿਚਾਰੀਏ। ਵਾਹਿਗੁਰੂ ਜੀ ਦੇ ਪਿਆਰ ਵਿਚ ਆਪਣਾ ਜੀਵਨ ਬਤੀਤ ਕਰੀਏ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਸਾਰੀਆਂ ਸੋਚਾਂ ਨੂੰ ਮਿਟਾਉਣ ਦੀ ਜੁਗਤ ਸਿਖੀਏ। ਗੁਰੂ ਘਰ ਵਿਚ ਇਸ ਤਰ੍ਹਾਂ ਹੈ ਕਿ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ ਜਾਵੇ। ਉਹ ਨਾਮ ਤੱਤ ਬੇਤੇ ਮਹਾਂਪੁਰਸ਼ਾਂ, ਸਾਧੂਆਂ, ਆਰਫਾਂ, ਸੰਤਾਂ, ਗੁਰਮੁਖ ਪਦਵੀ ਨੂੰ ਪ੍ਰਾਪਤ ਹੋਈਆਂ ਪ੍ਰਵਾਨ ਰੂਹਾਂ ਦੀ ਸੰਗਤ ਵਿਚ ਫਲੀਭੂਤ ਹੋ ਜਾਇਆ ਕਰਦਾ ਹੈ। ਸਾਧੂ ਦੀ ਸੰਗਤ ਕਰਦਿਆਂ ਮਹਾਨ ਭਿਅੰਕਰ ਦੂਤ ਦੁਸਟ ਵਸ ਵਿਚ ਹੋ ਜਾਇਆ ਕਰਦੇ ਹਨ। ਸੋ ਅਰਦਾਸ ਕਰੋ ਕਿ ਹੇ ਪ੍ਰਭੂ! ਮੇਲ ਪਿਆਰਾ, ਮੇਲ ਉਹ ਗੁਰਮੁਖ ਜਿਨ੍ਹਾਂ ਦੇ ਦਰਸ਼ਨ ਕਰਦਿਆਂ ਹੀ ਤੇਰੇ ਨਾਮ ਦੀ ਧੁਨ ਅੰਦਰ ਸੁਣਾਈ ਦੇਣ ਲਗ ਜਾਵੇ ਤੇ ਸ਼ਾਂਤੀ ਦੀਆਂ ਠੰਢੀਆਂ ਰੌਆਂ ਰੁਮਕਣ ਲਗ ਜਾਣ ਜਿਵੇਂ ਕਿ ਆਪ ਦਾ ਫੁਰਮਾਨ ਹੈ–

*ਆਵੈ ਸਾਹਿਬੁ ਚਿਤਿ*
*ਤੇਰਿਆ ਭਗਤਾ ਡਿਠਿਆ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥*
*ਜਨਮ ਮਰਣ ਭਉ ਕਟੀਐ*
*ਜਨ ਕਾ ਸਬਦੁ ਜਪਿ॥*
*ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ॥*
*ਤਿਸੁ ਸਿਉ ਲਾਇਨਿ ਰੰਗੁ*
*ਜਿਸ ਦੀ ਸਭ ਧਾਰੀਆ॥*
*ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥*
*ਰੈਣਿ ਦਿਨਸੁ ਕਰ ਜੋੜਿ*
*ਸਾਸਿ ਸਾਸਿ ਧਿਆਈਐ॥*
*ਜਾ ਆਪੇ ਹੋਇ ਦਇਆਲੁ*
*ਤਾਂ ਭਗਤ ਸੰਗੁ ਪਾਈਐ॥| ਅੰਗ – ੫੨੦*

ਸੋ ਜਿਨ੍ਹਾਂ ਦੇ ਦਰਸ਼ਨ ਕਰਕੇ ਖੋਟੀ ਮਤ ਦੂਰ ਹੋ ਜਾਵੇ, ਉਹ ਹੀ ਸੱਚੇ ਮਿੱਤਰ ਹੋਇਆ ਕਰਦੇ ਹਨ। ਫੁਰਮਾਨ ਹੈ –

*ਜਿਨਾ ਦਿਸੰਦੜਿਆ ਦੁਰਮਤਿ ਵੰਞੈ*
*ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ*
*ਜਨ ਨਾਨਕ ਵਿਰਲੇ ਕੇਈ॥ ਅੰਗ – ੫੨੦*

ਸੋ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ। ਜਦੋਂ ਅਸਾਡਾ ਧਿਆਨ ਪ੍ਰਭੂ ਦੇ ਨਾਮ ਵਿਚ ਲਗ ਜਾਂਦਾ ਹੈ ਤਾਂ ਸਾਰੇ ਸੁਖ ਆ ਜਾਇਆ ਕਰਦੇ ਹਨ ਅਤੇ ਰੋਗਾਂ ਦਾ ਘਾਣ, ਅਣਗਿਣਤ ਬਿਮਾਰੀਆਂ ਖਤਮ ਹੋ ਜਾਇਆ ਕਰਦੀਆਂ ਹਨ। ਅੰਦਰ ਠੰਢ ਵਰਤ ਜਾਂਦੀ ਹੈ, ਆਸਾਂ ਸਾਰੀਆਂ ਪੂਰੀਆਂ ਹੋ ਜਾਇਆ ਕਰਦੀਆਂ ਹਨ, ਵਿਘਨ ਕੋਈ ਨਹੀਂ ਲੱਗਿਆ ਕਰਦਾ। ਗਿਆਨ ਰੂਪੀ ਅਮੁੱਲ ਪਦਾਰਥ ਗੁਰੂ ਤੋਂ

ਮਿਲਦਾ ਹੈ। ਸੋ ਫੁਰਮਾਨ ਹੈ –

*ਹੋਵੈ ਸੁਖੁ ਘਣਾ ਦਯਿ ਧਿਆਇਐ।।*
*ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ।।*
*ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ।।*
*ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ।।*
*ਕੋਇ ਨ ਲਗੈ ਬਿਘਨੁ ਆਪੁ ਗਵਾਇਐ।।*
*ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ।।*
*ਤਿਨਿ ਪਾਏ ਸਭੇ ਥੋਕ*
*ਜਿਸੁ ਆਪਿ ਦਿਵਾਇਐ।।*
*ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ।।*
*ਅੰਗ – ੫੨੦*

ਸੋ ਸਾਧੂਆਂ ਦੀ ਸੰਗਤ ਕਰਨ ਨਾਲ ਪ੍ਰੇਮ ਦਾ ਰਸ ਪ੍ਰਾਪਤ ਹੋ ਜਾਇਆ ਕਰਦਾ ਹੈ ਕਿਉਂਕਿ ਉਨ੍ਹਾਂ ਦੀ ਬਾਣੀ ਵਿਚ ਪਿਆਰ ਦੇ ਝਰਨੇ ਚਲਿਆ ਕਰਦੇ ਹਨ, ਪ੍ਰਭੂ ਨਾਲ ਚਿਤ ਲਗ ਜਾਇਆ ਕਰਦਾ ਹੈ ਜਿਵੇਂ ਕਿ ਉਸ ਸੰਗਤ ਵਾਸਤੇ ਫੁਰਮਾਨ ਹੈ –

*ਓਥੈ ਅੰਮ੍ਰਿਤੁ ਵੰਡੀਐ*
*ਸੁਖੀਆ ਹਰਿ ਕਰਣੇ।।*
*ਜਮ ਕੈ ਪੰਥਿ ਨ ਪਾਈਅਹਿ*
*ਫਿਰਿ ਨਾਹੀ ਮਰਣੇ।।*
*ਜਿਸ ਨੋ ਆਇਆ ਪ੍ਰੇਮ ਰਸੁ*
*ਤਿਸੈ ਹੀ ਜਰਣੇ।।*
*ਬਾਣੀ ਉਚਰਹਿ ਸਾਧ ਜਨ*
*ਅਮਿਉ ਚਲਹਿ ਝਰਣੇ।।*
*ਪੇਖਿ ਦਰਸਨੁ ਨਾਨਕੁ ਜੀਵਿਆ*
*ਮਨ ਅੰਦਰਿ ਧਰਣੇ।। ਅੰਗ – ੩੨੦*

ਸੋ ਐਸੇ ਪੁਰਸ਼ਾਂ ਦੀ ਸੋਭਾ ਦਾ ਕੋਈ ਅੰਤ ਨਹੀਂ ਹੋਇਆ ਕਰਦਾ –

*ਸਾਧ ਕੀ ਮਹਿਮਾ ਬੇਦ ਨ ਜਾਨਹਿ।।*
*ਜੇਤਾ ਸੁਨਹਿ ਤੇਤਾ ਬਖਿਆਨਹਿ।।*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।।*
*ਸਾਧ ਕੀ ਉਪਮਾ ਰਹੀ ਭਰਪੂਰਿ।।*
*ਸਾਧ ਕੀ ਸੋਭਾ ਕਾ ਨਾਹੀ ਅੰਤ।।*
*ਸਾਧ ਕੀ ਸੋਭਾ ਸਦਾ ਬੇਅੰਤ।।*
*ਸਾਧ ਕੀ ਸੋਭਾ ਊਚ ਤੇ ਊਚੀ।।*
*ਸਾਧ ਕੀ ਸੋਭਾ ਮੂਚ ਤੇ ਮੂਚੀ।।*
*ਸਾਧ ਕੀ ਸੋਭਾ ਸਾਧ ਬਨਿ ਆਈ।।*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ।।*
*ਅੰਗ– ੨੭੨*

ਸੋ ਇਸ ਵਾਸਤੇ ਗੁਰੂ ਮਹਾਰਾਜ ਜੀ ਸਾਧੂਆਂ ਦੀ ਸੰਗਤ, ਜਿਥੇ ਸਦਾ ਹੀ ਅੰਮ੍ਰਿਤ ਦੇ ਝਰਨੇ ਚਲਦੇ ਹਨ, ਉਸ ਵਿਚ ਪ੍ਰਵੇਸ਼ ਕਰਨ ਲਈ ਸਾਨੂੰ ਪ੍ਰੇਰਨਾ ਕਰਦੇ ਹਨ। ਉਨ੍ਹਾਂ ਦੀ ਸੰਗਤ ਕਰਿਆਂ ਆਦਮੀ ਹਉਮੈ ਦੇ ਕਰੜੇ ਬੰਧਨਾਂ 'ਚੋਂ ਛੁਟ ਜਾਂਦਾ ਹੈ ਅਤੇ ਜਨਮ ਮਰਨ ਦਾ ਖਾਤਮਾ ਕਰ ਲੈਂਦਾ ਹੈ। ਉਨ੍ਹਾਂ ਬਾਰੇ ਆਪ ਦਾ ਫੁਰਮਾਨ ਹੈ –

*ਤਿਨ ਕੀ ਸੋਭਾ ਕਿਆ ਗਣੀ*
*ਜਿਨੀ ਹਰਿ ਹਰਿ ਲਧਾ।।*
*ਸਾਧਾ ਸਰਣੀ ਜੋ ਪਵੈ ਸੁ ਛੁਟੈ ਬਧਾ।।*
*ਗੁਣ ਗਾਵੈ ਅਬਿਨਾਸੀਐ*
*ਜੋਨਿ ਗਰਭਿ ਨ ਦਧਾ।।*
*ਗੁਰੁ ਭੇਟਿਆ ਪਾਰਬ੍ਰਹਮੁ*
*ਹਰਿ ਪੜਿ ਬੁਝਿ ਸਮਧਾ।।*
*ਨਾਨਕ ਪਾਇਆ ਸੋ ਧਣੀ*
*ਹਰਿ ਅਗਮ ਅਗਧਾ।। ਅੰਗ– ੩੨੦*

ਗੁਰੂ ਮਹਾਰਾਜ ਜੀ ਕ੍ਰਿਪਾ ਕਰਨ। ਸਾਨੂੰ ਆਪਣੀ ਬਾਣੀ ਦੇ ਚਾਨਣੇ ਵਿਚ ਚਲਣ ਦਾ ਬਲ ਬਖਸ਼ਣ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-14)*

ਸੋ ਇਹ ਜੋ ਲਾਲਚ ਹੈ, ਮਾਇਆ ਦੀ ਭੁੱਖ ਹੈ ਇਹਨੂੰ ਦੂਰ ਕਰਨ ਦਾ ਇਕੋ ਇਕ ਇਲਾਜ ਪ੍ਰਭੂ ਦਾ ਨਾਮ ਹੈ। ਜੇ ਵਾਸ਼ਨਾ ਕਰਨੀ ਹੀ ਹੈ ਤਾਂ ਪ੍ਰਭੂ ਦੇ ਨਾਮ ਦੀ ਵਾਸ਼ਨਾ ਸੁਖੈਨ ਕਰ ਦਿੰਦੀ ਹੈ ਅਤੇ ਜੀਵਨ ਮਨੋਰਥ ਪ੍ਰਾਪਤ ਹੋ ਜਾਂਦਾ ਹੈ। ਸੋ ਧਨ ਵਾਸ਼ਨਾ ਸਭ ਤੋਂ ਗੰਦੀ ਵਾਸ਼ਨਾ ਹੈ ਜੋ ਆਦਮੀ ਤੋਂ ਅਨੇਕਾਂ ਕਰਮ ਕਰਾਉਂਦੀ ਹੈ। ਸਰੀਰ ਛੱਡ ਕੇ ਜਦੋਂ ਜੀਵ ਜਾਂਦਾ ਹੈ ਤਾਂ ਧਨ ਦੀ ਪ੍ਰਾਪਤੀ ਵਾਸਤੇ ਕੀਤੇ ਕਰਮ ਸਾਮ੍ਹਣੇ ਆ ਜਾਂਦੇ ਹਨ। ਉਸ ਵੇਲੇ ਜੀਵ ਰੋਂਦਾ ਹੈ, ਫੇਰ ਕੋਈ ਵੀ ਉਸ ਦੀ ਬਾਂਹ ਨਹੀਂ ਫੜ੍ਹਦਾ ਜਿਵੇਂ ਕਿ -

***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥***

***ਅੰਗ - ੪੬੪***

ਸੋ ਇਹ ਆਸ਼ਾਵਾਂ ਉਨ੍ਹਾਂ ਅਨੇਕਾਂ ਆਸਾਂ ਵਿਚੋਂ ਇਕ ਹੈ ਜਿਸ ਨੂੰ ਆਸ਼ਾਵਾਂ, ਅੰਦੇਸ਼ਾ ਦੋਵੇਂ ਪਟ ਜੜ੍ਹੇ ਕਰਕੇ ਦਸਿਆ ਹੈ ਕਿ ਭਾਈ! ਇਹ ਵਾਸ਼ਨਾਵਾਂ ਵਾਹਿਗੁਰੂ ਦੇ ਮਿਲਾਪ ਵਿਚ ਬਹੁਤ ਹੀ ਵਿਘਨਕਾਰੀ ਹਨ।

ਦੂਸਰੀ ਮਲੀਨ ਵਾਸ਼ਨਾ ਪੁੱਤਰ ਵਾਸ਼ਨਾ ਹੋਇਆ ਕਰਦੀ ਹੈ।

ਪੁੱਤਰ ਵਾਸ਼ਨਾ ਵੀ ਬਹੁਤ ਹੀ ਭਿਆਨਕ ਵਾਸ਼ਨਾ ਹੈ। ਆਦਮੀ ਨੂੰ ਹਰ ਸਮੇਂ ਇਹ ਧੁਨ ਲੱਗੀ ਰਹਿੰਦੀ ਹੈ ਕਿ ਕਿਸੇ ਤਰੀਕੇ ਨਾਲ ਮੇਰੇ ਵੀ ਪੁੱਤਰ ਹੋਣਾ ਚਾਹੀਦਾ ਹੈ। ਪੁੱਤਰ ਪ੍ਰਾਪਤੀ ਦੇ ਲਈ ਆਦਮੀ ਆਪਣਾ ਧਰਮ ਵੀ ਗੁਆ ਬੈਠਦਾ ਹੈ। ਜਦੋਂ ਸੰਤਾਨ ਨਹੀਂ ਹੁੰਦੀ ਤਾਂ ਮਾਤਾ ਪਿਤਾ ਬੜੇ ਦੁਖੀ ਹੁੰਦੇ ਹਨ। ਮੜ੍ਹੀਆਂ ਮਸਾਣੀਆਂ ਕਬਰਾਂ ਮਨਾਉਂਦੇ ਫਿਰਦੇ ਹਨ। ਪਾਖੰਡੀ ਤਾਂਤਰੀਆਂ ਕੋਲ ਜਾਂਦੇ ਹਨ। ਆਪਣਾ ਧਰਮ ਛੱਡ ਕੇ ਦੂਸਰੇ ਦੇ ਧਰਮ ਦੇ ਮੁਤਾਬਿਕ ਮਾਨਤਾ ਕਰਦੇ ਹਨ। ਵਿਚਾਰ ਸਾਗਰ ਵਿਚ ਆਉਂਦਾ ਹੈ -

***ਜਾਂਕੋ ਹਿੰਦੂ ਕਬਹੁੰ ਨਹਿ ਮਾਂਨੇ॥***
***ਪੁਤ੍ਰ ਹੇਤ ਤਹਿ ਇਸ਼੍ਰ ਪਛਾਨੇ॥***
***ਸੱਯਦ ਖਵਾਜਾ ਪੀਰ ਫਕੀਰਾ॥***
***ਮਾਨਤ ਜੋਰਤ ਹਾਥ ਅਧੀਰਾ॥***
***ਭੈਰਉ ਭੂਤ ਮਨਾਵਤ ਨਾਨਾ॥***
***ਧਰਤ ਸ਼ਿਵਾਬਲ ਭੂਮੀ ਮਸ਼ਾਨਾ॥***
***ਔਰ ਯੰਤ੍ਰ ਤਾਵੀਦ ਘਨੇਰੇ॥***
***ਲਿਖ ਮੜ੍ਹਵਾਵੇ ਪੂਰ ਗਲ ਗੇਰੇ॥***

***ਵਿਚਾਰ ਸਾਗਰ***

ਧਾਰਮਿਕ ਇਤਿਹਾਸ ਵਿਚ ਇਕ ਬਹੁਤ ਹੀ ਪ੍ਰਸਿੱਧ ਕਥਾ ਆਉਂਦੀ ਹੈ ਕਿ ਇਕ ਰਾਜਾ ਸੀ ਜਿਸ ਦਾ ਨਾਮ ਚਿਤ੍ਰ ਕੇਤੂ ਸੀ। ਉਸ ਨੇ ਬਹੁਤ ਹੀ ਸ਼ਾਦੀਆਂ ਕਰਾਈਆਂ ਅਤੇ ਇਹ ਆਸਾ ਰਖਦਾ ਸੀ ਕਿ ਮੇਰੇ ਘਰ ਪੁੱਤਰ ਹੋਵੇ ਪਰ ਕਿਸੇ ਵੀ ਰਾਣੀ ਦੇ ਪੁੱਤਰ ਨਾ ਹੋਇਆ। ਰਾਜਾ ਦੁਖੀ ਰਹਿਣ ਲੱਗਿਆ। ਹਰ ਸਮੇਂ ਉਸ ਦੇ ਮਨ ਵਿਚ ਰਿਹਾ ਕਰੇ ਕਿ ਮੇਰਾ ਕਿੱਡਾ ਵਿਸ਼ਾਲ ਰਾਜ ਹੈ, ਕੌਣ ਇਸ ਨੂੰ ਸੰਭਾਲੇਗਾ, ਮੈਂ ਇਸ ਨੂੰ ਹਾਸਲ ਕਰਨ ਵਾਸਤੇ ਕਿੰਨੇ ਯੁੱਧ ਲੜੇ ਹਨ। ਪਰ ਹੇ ਪ੍ਰਭੂ! ਮੈਨੂੰ ਤੂੰ ਪੁੱਤਰ ਦੀ ਦਾਤ ਨਹੀਂ ਦਿਤੀ। ਉਸ ਨੇ ਅਨੇਕਾਂ ਜਗਰਾਤੇ ਕਰਾਏ ਅਤੇ ਹਰ ਜਗਰਾਤੇ ਵਿਚ ਮਹਾਤਮਾ ਨੂੰ ਕਹਿੰਦਾ ਸੀ ਕਿ ਤੁਸੀਂ ਅਰਦਾਸ ਕਰੋ ਕਿ ਮੇਰੇ ਘਰ ਪੁੱਤਰ ਹੋ ਜਾਵੇ। ਪਰ ਅਨੁਭਵੀ ਮਹਾਤਮਾ ਨਾਂਹ ਕਰ ਦਿੰਦੇ ਸਨ ਕਿ ਤੇਰੇ ਘਰ ਪੁੱਤਰ ਨਹੀਂ ਹੋਣਾ, ਤੇਰੇ ਲੇਖ ਬਿਲਕੁਲ ਸੁੰਨੇ ਹਨ।

ਜਿਉਂ-ਜਿਉਂ ਸਮਾਂ ਲੰਘਦਾ ਗਿਆ ਤਿਉਂ-ਤਿਉਂ ਪੁੱਤਰ ਵਾਸ਼ਨਾ ਵਧਦੀ ਗਈ। ਅਨੇਕਾਂ ਰਿਸ਼ੀਆਂ-ਮੁਨੀਆਂ ਨੇ ਸਮਝਾਇਆ ਕਿ ਜੋ ਸੰਸਾਰ ਵਿਚ ਵਰਤਣ ਹੋ ਰਿਹਾ ਹੈ, ਉਸ ਅਨੁਸਾਰ ਪਹਿਲਾਂ ਤੂੰ ਅਜਿਹੇ ਕਰਮ ਕੀਤੇ ਹਨ ਜਿਸ ਦੇ ਸਦਕਾ ਤੇਰੇ ਓਲਾਦ ਨਹੀਂ ਹੋਣੀ। ਪਰ ਉਹ ਬਾਰ-ਬਾਰ ਇਕੋ ਗੱਲ ਕਹਿੰਦਾ ਸੀ ਕਿ ਰਿਸ਼ੀਆਂ-ਮੁਨੀਆਂ, ਸੰਤਾਂ ਵਿਚ ਤਾਂ ਸ਼ਕਤੀ ਹੁੰਦੀ ਹੈ ਕਿ ਉਹ ਰੇਖ ਵਿਚ ਮੇਖ ਮਾਰ ਕੇ ਲੇਖ ਬਦਲ ਦਿਆ ਕਰਦੇ ਹਨ। ਮੇਰੇ ਘਰ ਪੁੱਤਰ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ। ਉਸ ਨੂੰ ਵੱਡੇ ਮਸ਼ਹੂਰ ਰਿਸ਼ੀਆਂ ਨੇ ਵੀ ਸਮਝਾਇਆ ਪਰ ਰਾਜੇ ਦੀ ਪੁੱਤਰ ਵਾਸ਼ਨਾ ਦੂਰ ਨਾ ਹੋਈ।

ਇਕ ਦਿਨ ਨਾਰਦ ਜੀ, ਅੰਗਰਾ ਰਿਸ਼ੀ ਅਤੇ ਹੋਰ ਰਿਸ਼ੀਆਂ ਨਾਲ ਘੁੰਮਦੇ-ਘੁੰਮਦੇ ਇਸ ਚਿਤ੍ਰ ਕੇਤੂ ਰਾਜੇ ਦੇ ਸ਼ਹਿਰ ਵਿਚ ਆਏ। ਰਾਜੇ ਨੇ ਉਨ੍ਹਾਂ ਪਾਸ ਆਪਣਾ ਦੁਖ ਰੋ-ਰੋ ਕੇ ਸੁਣਾਇਆ। ਉਨ੍ਹਾਂ ਨੇ ਅਨੇਕ ਤਰੀਕਿਆਂ ਨਾਲ ਸਮਝਾਇਆ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ ਦੇ ਰੋਮ-ਰੋਮ ਵਿਚ ਪੁੱਤਰ ਵਾਸ਼ਨਾ ਘਰ ਕਰ ਗਈ ਹੈ, ਇਹ ਸਮਝਾਇਆ ਹੋਇਆ ਵੀ ਕਿਸੇ ਤਰ੍ਹਾਂ ਨਹੀਂ

ਸਮਝਦਾ। ਉਸ ਸਮੇਂ ਇਨ੍ਹਾਂ ਰਿਸ਼ੀਆਂ ਨੇ ਕਿਹਾ ਕਿ ਰਾਜਨ! ਅਸੀਂ ਮੰਤਰ ਬਲ ਨਾਲ ਤੇਰੇ ਘਰ ਪੁੱਤਰ ਪੈਦਾ ਕਰਾ ਦੇਵਾਂਗੇ ਪਰ ਉਹ ਛੇਤੀ ਹੀ ਮਰ ਜਾਵੇਗਾ। ਤੈਨੂੰ ਇਸ ਤੋਂ ਵੀ ਵੱਧ ਦੁੱਖ ਹੋਵੇਗਾ। ਉਸ ਵੇਲੇ ਰਾਜੇ ਨੇ ਕਿਹਾ ਕਿ ਐ ਮਹਾਂਰਿਸ਼ੀਓ! ਮੁਨਵਰੋ! ਮੈਂ ਪੁੱਤਰ ਦਾ ਮੂੰਹ ਦੇਖਣਾ ਚਾਹੁੰਦਾ ਹਾਂ। ਇਕ ਛਿਨ ਵਾਸਤੇ ਮੈਂ ਉਹ ਖੁਸ਼ੀ ਮਾਨਣੀ ਚਾਹੁੰਦਾ ਹਾਂ ਜੋ ਪਿਤਾ ਨੂੰ ਪੁੱਤਰ ਦਾ ਮੂੰਹ ਦੇਖ ਕੇ ਹੁੰਦੀ ਹੈ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਰਾਜਨ! ਸੁੱਖ ਤੋਂ ਬਾਦ ਜੋ ਦੁੱਖ ਹੁੰਦਾ ਹੈ ਉਹ ਬਹੁਤ ਭਿਆਨਕ ਹੁੰਦਾ ਹੈ। ਜੇ ਪਹਿਲਾਂ ਦੁੱਖ ਆ ਜਾਵੇ ਅਤੇ ਫੇਰ ਸੁੱਖ ਆ ਜਾਵੇ ਤਾਂ ਦੁਖ ਦੀ ਯਾਦ ਮਨ ਵਿਚੋਂ ਨਿਕਲ ਜਾਂਦੀ ਹੈ ਤੇ ਆਦਮੀ ਸੁਖੀ ਰਹਿੰਦਾ ਹੈ। ਪਰ ਜੇ ਪਹਿਲਾਂ ਸੁੱਖ ਹੋਵੇ ਅਤੇ ਫੇਰ ਦੁਖ ਆ ਜਾਵੇ ਤਾਂ ਸੁਖ ਦੀ ਸਿਮ੍ਰਤੀ ਮਨ ਵਿਚੋਂ ਨਾ ਨਿਕਲਣ ਕਰਕੇ ਆਦਮੀ ਬਹੁਤ ਦੁਖੀ ਹੁੰਦਾ ਹੈ। ਉਸ ਨੇ ਕਿਹਾ ਕਿ ਤੁਸੀਂ ਇਸ ਗੱਲ ਦੀ ਪ੍ਰਵਾਹ ਨਾ ਕਰੋ, ਮੈਂ ਤਾਂ ਪੁੱਤਰ ਦਾ ਮੂੰਹ ਦੇਖ ਕੇ ਐਨਾ ਸੁਖੀ ਹੋ ਜਾਵਾਂਗਾ ਕਿ ਉਹ ਸੁੱਖ ਦੁਖ ਦਾ ਢਾਹਿਆ ਨਹੀਂ ਢਹਿਣਾ। ਉਸ ਦੀ ਦ੍ਰਿੜ੍ਹ ਵਾਸ਼ਨਾ ਦੇਖ ਕੇ ਉਨ੍ਹਾਂ ਨੇ ਫਲ ਤੇ ਮੰਤਰ ਉਚਾਰਨ ਕਰਕੇ ਦੇ ਦਿਤਾ। ਤਾਂ ਉਨ੍ਹਾਂ ਨੇ ਕਿਹਾ ਕਿ ਇਹ ਫਲ ਰਾਣੀ ਨੂੰ ਖਲਾ ਦੇਣਾ। ਸਮਾਂ ਪਾ ਕੇ ਤੇਰੇ ਘਰ ਪੁੱਤਰ ਹੋਵੇਗਾ।

ਰਾਜਾ ਬਹੁਤ ਪ੍ਰਸੰਨ ਹੋਇਆ। ਫਲ ਰਾਣੀ ਨੂੰ ਖੁਆ ਦਿਤਾ ਅਤੇ ਅਖੀਰ ਰਾਣੀ ਨੇ ਇਕ ਪੁੱਤਰ ਨੂੰ ਜਨਮ ਦਿਤਾ। ਰਾਜੇ ਨੇ ਉਸ ਪੁੱਤਰ ਨੂੰ ਰਾਣੀ ਪਾਸੋਂ ਲੈ ਕੇ ਆਪਣੀ ਗੋਦ ਵਿਚ ਬਿਠਾਇਆ, ਉਸ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਦਾਨ ਪੁੰਨ ਕਰਨ ਲਈ ਖਜ਼ਾਨਿਆਂ ਦੇ ਮੂੰਹ ਖੋਲ੍ਹ ਦਿਤੇ। ਦਿਲ ਅਨੰਦ ਨਾਲ ਭਰ ਗਿਆ। ਉਸ ਰਾਜੇ ਦੇ ਬਹੁਤ ਰਾਣੀਆਂ ਸਨ। ਉਨ੍ਹਾਂ ਵਿਚੋਂ ਪ੍ਰਮੁੱਖ ਰਾਣੀਆਂ ਨੇ ਇਕੱਤਰਤਾ ਕੀਤੀ ਕਿ ਇਸ ਦੇ ਪੁੱਤਰ ਹੋ ਗਿਆ, ਅਸੀਂ ਹਜ਼ਾਰਾਂ ਰਾਣੀਆਂ ਹੁਣ ਬੇਕਦਰੀ ਦਾ ਜੀਵਨ ਜੀਵਾਂਗੀਆਂ ਕਿਉਂਕਿ ਇਸ ਨੇ ਹੀ ਪਟਰਾਣੀ ਕਹਾਉਣਾ ਹੈ। ਉਹ ਰਾਣੀਆਂ ਈਰਖਾ ਵਿਚ ਆ ਕੇ ਅੰਨ੍ਹੀਆਂ ਹੋ ਗਈਆਂ, ਉਨ੍ਹਾਂ ਨੂੰ ਭਲੇ ਬੁਰੇ ਦੀ ਸੋਝੀ ਜਾਂਦੀ ਰਹੀ। ਉਨ੍ਹਾਂ ਨੇ ਗੋਲੀਆਂ ਨੂੰ ਆਪਣੇ ਵਿਸ਼ਵਾਸ਼ ਵਿਚ ਲਿਆ ਕੇ ਰਾਜੇ ਦੇ ਪੁੱਤਰ ਨੂੰ ਜ਼ਹਿਰ ਦੁਆ ਦਿਤੀ। ਰਾਜੇ ਦੀਆਂ ਧਾਹਾਂ ਨਿਕਲ ਗਈਆਂ। ਬਹੁਤ ਵਿਰਲਾਪ ਕਰਨ ਲੱਗਿਆ। ਕਿਸੇ ਦਾ ਸਮਝਾਇਆ ਹੋਇਆ ਨਾ ਸਮਝੇ, ਰੋਂਦਾ ਰਹੇ। ਮਹਾਂਰਿਸ਼ੀ ਅੰਗਰਾ ਅਤੇ ਨਾਰਦ ਮੁਨੀ ਨੂੰ ਖਬਰ ਹੋਈ। ਉਹ ਫੇਰ ਉਚੇਚੇ ਤੌਰ ਤੇ ਰਾਜੇ ਪਾਸ ਆਏ। ਉਨ੍ਹਾਂ ਨੇ ਰਾਜੇ ਨੂੰ ਬਹੁਤ ਸਮਝਾਇਆ। ਰਾਜੇ ਨੇ ਰਾਜ ਛੱਡ ਦਿਤਾ ਅਤੇ ਵਣਾਂ ਵਿਚ ਚਲਿਆ ਗਿਆ ਪਰ ਉਸ ਦਾ ਚਿਤ ਬਿਲਕੁਲ ਸ਼ਾਂਤ ਨਾ ਹੋਇਆ। ਬਹੁਤ ਸਾਧਨਾ ਕੀਤੀਆਂ ਤਾਂ ਵੀ ਕੋਈ ਸ਼ਾਂਤੀ ਨਾ ਆਈ ਅਤੇ ਪੁੱਤਰ ਦੇ ਚਿਹਰੇ ਨੂੰ ਬਾਰ-ਬਾਰ ਮਨ ਵਿਚ ਚਿਤਵਦਾ ਹੈ। ਇਸ ਤਰ੍ਹਾਂ ਹਰ ਸਮੇਂ ਪੁੱਤਰ ਦੀ ਯਾਦ ਵਿਚ ਨੇਤਰਾਂ 'ਚੋਂ ਹੰਝੂ ਚਲਦੇ ਰਹਿੰਦੇ ਸੀ। ਉਸ ਨੇ ਆਪਣਾ ਜਨਮ ਪੁੱਤਰ ਦੀ ਯਾਦ ਵਿਚ ਹੀ ਸਮਾਪਤ ਕਰ ਦਿਤਾ।

ਸਾਸ਼ਤਰਾਂ ਵਿਚ ਆਉਂਦਾ ਹੈ ਕਿ ਜਦੋਂ ਸੰਤਾਨ ਨਹੀਂ ਹੁੰਦੀ ਤਾਂ ਮਾਤਾ ਪਿਤਾ ਸੰਤਾਨ ਨਾ ਹੋਣ ਦੇ ਪੱਖ ਵਿਚ ਸਭ ਕੁਝ ਹੁੰਦਿਆਂ ਹੋਇਆਂ ਵੀ ਹਉਕੇ ਲੈਂਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਜੀਵਨ ਉਜੜੇ ਬਾਗ ਵਰਗਾ ਹੋਇਆ ਕਰਦਾ ਹੈ। ਜੇ ਪੁੱਤਰ ਦੀ ਆਸ ਹੋ ਜਾਵੇ ਅਤੇ ਉਹ ਗਰਭ ਵਿਚ ਗਿਰ ਜਾਵੇ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਕਈ ਜਨਮ ਸੈਲ ਗਿਰਿ ਕਰਿਆ॥***
***ਕਈ ਜਨਮ ਗਰਭ ਹਿਰਿ ਖਰਿਆ॥***
***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥***

***ਅੰਗ - ੧੭੬***

ਤਾਂ ਕਿੰਨਾ ਦੁੱਖ ਹੁੰਦਾ ਹੈ! ਉਸ ਦੁਖ ਨੂੰ ਓਹੀ ਜਾਣ ਸਕਦਾ ਹੈ। ਪੁੱਤਰ ਨੂੰ ਜਨਮ ਦੇਣ ਸਮੇਂ ਮਾਤਾ ਨੂੰ ਕਿੰਨਾ ਦੁੱਖ ਹੁੰਦਾ ਹੈ, ਕਈ ਵਾਰੀ ਪੇਟ ਦਾ ਓਪਰੇਸ਼ਨ ਕਰਕੇ ਪੁੱਤਰ ਨੂੰ ਪੇਟ ਵਿਚੋਂ ਕੱਢਣਾ ਪੈਂਦਾ ਹੈ ਅਤੇ ਕਈ ਵਾਰੀ ਮਾਤਾਵਾਂ ਆਪਣੀ ਜਾਨ ਦੇ ਬੈਠਦੀਆਂ ਹਨ। ਜੇ ਪੁੱਤਰ ਨੂੰ ਜਨਮ ਉਪਰੰਤ ਪੋਲੀਓ ਹੋ ਜਾਵੇ ਤਾਂ ਵੀ ਕਿੰਨਾ ਦੁੱਖ ਹੁੰਦਾ ਹੈ। ਜੇ ਪੁੱਤਰ ਥੋੜ੍ਹਾ ਜੁਆਨ ਹੋ ਜਾਵੇ ਤੇ ਮਰ ਜਾਵੇ ਤਾਂ ਮਾਤਾ ਪਿਤਾ ਨੂੰ ਕਿੰਨਾ ਦੁਖ ਹੁੰਦਾ ਹੈ। ਜੇ ਪੁੱਤਰ ਰੋਗੀ ਹੋ ਜਾਵੇ, ਉਸ ਦਾ ਇਲਾਜ ਕਰਾਇਆਂ, ਇਲਾਜ ਨਾ ਹੋ ਸਕਿਆ, ਫੇਰ ਵੀ ਮਨ ਦੁਖੀ ਹੋ ਜਾਂਦਾ ਹੈ। ਜੇ ਪੁੱਤਰ ਨੂੰ ਕੋਈ ਅਸਾਧ ਰੋਗ ਲਗ ਜਾਵੇ ਤਾਂ ਸਦਾ ਦਾ ਦੁੱਖ ਮਾਤਾ ਪਿਤਾ ਨੂੰ ਖੜ੍ਹਾ ਹੋ ਜਾਂਦਾ ਹੈ। ਜੇ ਮਾਤਾ (ਫਿਨਸੀਆਂ) ਨਿਕਲ ਆਵੇ ਤਾਂ ਗਧਿਆਂ ਦੇ ਉਪਰ ਲਾਲ ਕਪੜਾ ਪਾ ਕੇ ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਮੇਰੇ ਪੁੱਤਰ ਨੂੰ ਰਾਜ਼ੀ ਕਰ ਦੇ। ਅਨੇਕਾਂ ਪੀਰਾਂ ਫਕੀਰਾਂ ਨੂੰ ਪੂਜਿਆ ਜਾਂਦਾ ਹੈ। ਜੇ ਪੁੱਤਰ ਨਸ਼ੇ ਖਾਣ ਲਗ ਜਾਵੇ ਤਾਂ ਮਾਤਾ ਪਿਤਾ ਨੂੰ ਬਹੁਤ ਦੁਖ ਮਹਿਸੂਸ ਹੁੰਦਾ ਹੈ ਭਾਵੇਂ ਕਰੋੜਾਂ ਰੁਪੈ ਬੈਂਕਾਂ ਵਿਚ ਜਮ੍ਹਾਂ ਭੀ ਹੋਣ।

ਜੇ ਪੁੱਤਰ ਨੂੰ ਪੜ੍ਹਨ ਪਾ ਦਿਤਾ, ਇੰਜਨੀਅਰ, ਡਾਕਟਰ ਬਣਾ ਲਿਆ। ਉਸ ਦੇ ਵਾਸਤੇ ਉਸ ਤਰ੍ਹਾਂ ਦੀ ਲੜਕੀ ਤਲਾਸ਼ ਕਰਕੇ ਵਿਆਹ ਕਰ ਦਿਤਾ ਤਾਂ ਮਾਤਾ ਪਿਤਾ ਨੇ ਉਸ ਉਪਰ ਬਹੁਤ ਆਸਾਂ ਰੱਖੀਆਂ ਪਰ ਪੁੱਤਰ ਮਾਤਾ ਪਿਤਾ ਨੂੰ ਐਉਂ ਛੱਡ ਗਿਆ ਜਿਵੇਂ ਕੁਝ ਲਗਦਾ ਹੀ ਨਾ ਹੋਵੇ। ਆਪਣੀ ਐਸ਼ੋ-ਇਸ਼ਰਤ ਵਿਚ ਪੈ ਕੇ ਮਾਤਾ ਪਿਤਾ ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਕਿ ਮਾਤਾ ਪਿਤਾ ਨੂੰ ਇਸ ਦਾ ਕਿੰਨਾ ਦੁੱਖ ਹੋਵੇਗਾ।

ਅੱਜ ਕਲਜੁਗ ਦਾ ਜ਼ਮਾਨਾ ਹੈ, ਅੱਜਕਲ੍ਹ ਪਹਿਲਾਂ

ਹੀ ਮਾਤਾ ਪਿਤਾ ਤੋਂ ਬੱਚੇ ਅਲੱਗ ਹੋ ਜਾਂਦੇ ਹਨ। ਮਾਤਾ ਪਿਤਾ ਤਾਂ ਬੱਚਿਆਂ ਨੂੰ ਪਿਆਰ ਕਰਦੇ ਹਨ ਪਰ ਪੁੱਤਰ, ਧੀਆਂ ਆਪਣੇ ਮਾਤਾ ਪਿਤਾ ਨੂੰ ਪਿਆਰ ਨਹੀਂ ਕਰਦੇ, ਉਹ ਆਪਣੇ ਆਪ ਵਿਚ ਮਸਤ ਰਹਿੰਦੇ ਹਨ। ਮਾਤਾ ਪਿਤਾ ਹਉਕੇ ਲੈ ਕੇ ਆਪਣਾ ਜੀਵਨ ਲੰਘਾਉਂਦੇ ਹਨ। ਉਸ ਸਮੇਂ ਉਨ੍ਹਾਂ ਨੂੰ ਸਤਿਤਾ ਦੀ ਸੋਝੀ ਆਉਂਦੀ ਹੈ ਕਿ ਨਾਮ ਤੋਂ ਬਗੈਰ ਕੋਈ ਚੀਜ਼ ਸਾਥ ਨਹੀਂ ਦਿੰਦੀ। ਮਰਨ ਤੋਂ ਪਿਛੋਂ ਸਾਥ ਦੇਣ ਵਾਲਾ ਪ੍ਰਭੂ ਦਾ ਨਾਮ ਹੀ ਹੈ –

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

***ਅੰਗ – ੨੬੪***

ਸੋ ਇਕੋ ਇਕ ਸਾਥੀ ਜੋ ਹੈ ਉਹ ਪ੍ਰਭੂ ਦਾ ਨਾਮ ਹੈ। ਸੋ ਇਸ ਮਲੀਨ ਵਾਸ਼ਨਾ ਵਿਚ ਪੈ ਕੇ ਕੋਈ ਚੰਗਾ ਕੰਮ ਨਾ ਕੀਤਾ, ਨਾ ਸੰਤਾਂ ਦੀ ਸੇਵਾ ਕੀਤੀ, ਨਾ ਸੰਤਾਂ ਦੇ ਸਤਿਸੰਗ ਸੁਣੇ ਅਤੇ ਆਪਣਾ ਜੀਵਨ ਵਾਸ਼ਨਾਵਾਂ ਵਿਚ ਗੁਆ ਕੇ ਸੰਸਾਰ ਤੋਂ ਰੋਂਦਾ-ਕੁਰਲਾਉਂਦਾ ਚਲਿਆ ਜਾਂਦਾ ਹੈ। ਜਿਸ ਤਰ੍ਹਾਂ ਧਨ ਵਾਸ਼ਨਾ ਨਾਲ ਇਕੱਠਾ ਕੀਤਾ ਧਨ ਇਥੇ ਹੀ ਰਹਿ ਜਾਂਦਾ ਹੈ, ਇਵੇਂ ਹੀ ਇਹ ਪੁੱਤਰ ਧੀਆਂ ਸੰਸਾਰ ਵਿਚ ਰਹਿ ਜਾਂਦੇ ਹਨ। ਓਲਾਦ ਮਾਤਾ ਪਿਤਾ ਨੂੰ ਆਪਣੇ ਕੀਤੇ ਕਰਮਾਂ ਦੇ ਕਾਰਨ ਦੁੱਖ ਪਹੁੰਚਾਉਂਦੀ ਹੈ ਜਿਵੇਂ ਕਿ ਰਹਿਤਨਾਮੇ ਵਿਚ ਆਉਂਦਾ ਹੈ –

*ਤਨਕ ਤਮਾਕੂ ਸੇਵੀਐ*
*ਦੇਵ ਪਿਤਰ ਤਜਿ ਜਾਇ॥*
*ਪਾਨੀ ਤਾ ਕੇ ਹਾਥ ਕਉ*
*ਮਧਰਾ ਸਮ ਅਘਦਾਇ॥*
*ਮਦਰਾ ਦਹਤੀ ਸਪਤ ਕੁਲ*
*ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ*
*ਨਿੰਦਾ ਦਹੈ ਅਨੇਕ॥*

ਨਲਾਇਕ ਪੁੱਤਰ ਹਜ਼ਾਰਾਂ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਨਰਕਾਂ ਵਿਚ ਭੇਜਣ ਦਾ ਕਾਰਨ ਬਣਦਾ ਹੈ ਇਸ ਕਰਕੇ-

*ਜਨਨੀ ਜਨੇ ਤਾਂ ਭਗਤ ਜਨ*
*ਕੈ ਦਾਤਾ ਕੈ ਸੂਰੁ।।*
*ਨਹੀ ਤਾਂ ਜਨਨੀ ਬਾਂਝ ਰਹਿ*
*ਕਾਹੇ ਗਵਾਵੈ ਨੂਰ॥* ***(ਤੁਲਸੀ ਦਾਸ ਜੀ)***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ॥*
*ਜਨਮਤ ਕਸ ਨ ਮੁਓ ਅਪਰਾਧੀ॥*

***ਅੰਗ – ੩੨੮***

ਅਜਕਲ੍ਹ ਸਰਵਣ ਪੁੱਤਰ ਕੋਈ ਨਹੀਂ ਹੁੰਦਾ। ਪੁੱਤਰ ਮਾਤਾ ਪਿਤਾ ਨੂੰ ਇਕ ਬਹੁਤ ਵੱਡਾ ਬੋਝ ਸਮਝਦੇ ਹਨ। ਇਹ ਤਾਂ ਇਕ ਸ੍ਰਵਣ ਪੁੱਤਰ ਹੀ ਸੀ ਜਿਸ ਦੀ ਕਥਾ ਅੱਜ ਵੀ ਸੰਸਾਰ ਨੂੰ ਸੇਧ ਦਿੰਦੀ ਹੈ। ਇਸ ਤਰ੍ਹਾਂ ਦੇ ਨਾਲ ਇਹ ਪੁੱਤਰ ਵਾਸ਼ਨਾ ਵੀ ਜੀਵ ਨੂੰ ਨਰਕਾਂ ਵਿਚ ਧਕੇਲ ਦਿੰਦੀ ਹੈ।

ਇਥੇ ਅਸੀਂ ਵਾਸ਼ਨਾ ਦੀ ਗੱਲ ਕਰਦੇ ਹਾਂ। ਆਦਮੀ ਪੈਸਾ ਵੀ ਕਮਾਉਂਦੇ ਹਨ, ਓਲਾਦ ਵੀ ਹੁੰਦੀ ਹੈ ਪਰ ਵਾਸ਼ਨਾ ਕਰਨੀ ਬਹੁਤ ਬੁਰੀ ਗੱਲ ਹੈ ਕਿਉਂਕਿ ਧਨ ਦੀ ਪ੍ਰਾਪਤੀ ਪਰਾਲਬਧ ਕਰਮਾਂ ਨਾਲ ਹੋਇਆ ਕਰਦੀ ਹੈ ਜਿਵੇਂ ਕਿ ਫੁਰਮਾਨ ਹੈ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

***ਅੰਗ– ੧੩੪***

ਆਦਮੀ ਧਨ ਦੀ ਪ੍ਰਾਪਤੀ ਵਾਸਤੇ ਬਹੁਤ ਯਤਨ ਕਰਦਾ ਹੈ ਪਰ ਧਨ ਓਹੀ ਮਿਲਦਾ ਹੈ ਜੋ ਇਸਦੇ ਪ੍ਰਾਲਬਧ ਕਰਮ ਵਿਚ ਧੁਰ ਦਰਗਾਹ ਤੋਂ ਲਿਖਿਆ ਹੁੰਦਾ ਹੈ –

*ਸੰਪੈ ਕਉ ਈਸਰੁ ਧਿਆਈਐ॥*
*ਸੰਪੈ ਪੁਰਬਿ ਲਿਖੇ ਕੀ ਪਾਈਐ॥*
*ਸੰਪੈ ਕਾਰਣਿ ਚਾਕਰ ਚੋਰ॥*
*ਸੰਪੈ ਸਾਥਿ ਨ ਚਾਲੈ ਹੋਰ॥* ***ਅੰਗ – ੬੩੭***

ਧਨ ਕਮਾਉਣ ਵਾਸਤੇ ਬੇਅੰਤ ਕਿਸਮ ਦੇ ਪਾਪ ਕਰਨੇ, ਛਲ ਕਰਨੇ, ਧੋਖੇ ਕਰਨੇ, ਮਿਲਾਵਟਾਂ ਕਰਨੀਆਂ, ਰਿਸ਼ਵਤਾਂ ਲੈਣੀਆਂ, ਦੁਨੀਆਂ ਨੂੰ ਦੁਖੀ ਕਰਨਾ; ਇਹ ਅਜਿਹੇ ਮਾੜੇ ਕਰਮ ਹਨ ਕਿ ਐਸੇ ਆਦਮੀ ਨੂੰ ਕਦੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਿਆ ਕਰਦੀ ਕਿਉਂਕਿ ਪਾਪਾਂ ਨਾਲ ਕਮਾਈ ਹੋਈ ਮਾਇਆ ਅਨੇਕਾਂ ਉਲਝਣਾਂ ਜ਼ਿੰਦਗੀ ਵਿਚ ਪੈਦਾ ਕਰਕੇ ਰਖਦੀ ਹੈ। ਜਦੋਂ ਆਦਮੀ ਇਸ ਥਾਂ ਤੋਂ ਜਾਂਦਾ ਹੈ, ਸੱਚੀ ਦਰਗਾਹ ਵਿਚ ਜਾ ਕੇ ਕਟਹਿੜੇ ਵਿਚ ਖੜ੍ਹਾ ਕਰਾ ਕੇ ਉਸ ਤੋਂ ਜਵਾਬ ਮੰਗਿਆ ਜਾਂਦਾ ਹੈ, ਉਸ ਥਾਂ ਉਸ ਨੂੰ ਕੁਝ ਵੀ ਨਹੀਂ ਸੁਝਦਾ। ਮਾਇਆ ਪ੍ਰਾਪਤੀ ਵਾਸਤੇ ਕੀਤੇ ਅਨੇਕਾਂ ਛਲ, ਕਪਟ ਇਸ ਜੀਵ ਨੂੰ ਸਜ਼ਾ ਦੇ ਭਾਗੀ ਬਣਾਉਂਦੇ ਹਨ ਅਤੇ ਅਨੇਕਾਂ ਜੂਨਾਂ ਵਿਚ ਭ੍ਰਮਣ ਕਰਾ ਕੇ ਲੇਖੇ ਨਬੇੜਦੇ ਹਨ।

**'ਚਲਦਾ..........।''**

# ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ ਸਤੰਬਰ ਅੰਕ, ਪੰਨਾ-23)*

ਇਕ ਵਾਰੀ ਦੀ ਗੱਲ, ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਸਿਆ ਕਰਦੇ ਸੀ ਕਿ ਇਕ ਮੈਜਿਸਟਰੇਟ ਰਿਸ਼ਵਤ ਲੈ ਕੇ ਜਿਹੜਾ ਸੱਚਾ ਬੰਦਾ ਸੀ ਉਹਨੂੰ ਫਸਾ ਰਿਹਾ ਸੀ, ਜਿਹਨੇ ਗੁਨਾਹ ਕਰਿਆ ਸੀ ਉਹਨੂੰ ਛੱਡ ਰਿਹਾ ਸੀ। ਪੈਸੇ ਲੈ ਲਏ ਉਹਨੇ। ਉਹ ਵੀ ਵਾਹਿਗੁਰੂ ਜੀ ਦੀ ਭਗਤੀ ਕਰਕੇ ਅਰਦਾਸਾਂ ਕਰਦਾ ਸੀ ਕਿ ਹੇ ਵਾਹਿਗੁਰੂ! ਮੈਂ ਤਾਂ ਨਿਰਦੋਸ਼ ਹਾਂ, ਕ੍ਰਿਪਾ ਕਰੋ ਮੇਰੇ 'ਤੇ। ਵਾਹਿਗੁਰੂ ਜੀ ਨੇ ਗੁਪਤ ਖੋਲ੍ਹ ਦਿਤਾ। ਜਿਸ ਵਕਤ ਫੈਸਲਾ ਲਿਖਣ ਲੱਗਿਆ, ਸਾਮ੍ਹਣੇ ਦੇਖਿਆ ਤਾਂ ਬੰਦਾ ਖੜ੍ਹਾ ਹੈ। ਕਹਿਣ ਲੱਗਿਆ, ਤੂੰ ਕਿਥੋਂ ਆ ਗਿਆ, ਦਰਵਾਜ਼ੇ ਤਾਂ ਬੰਦ ਨੇ? ਉਹ ਕਹਿੰਦਾ ਦਰਵਾਜ਼ੇ ਬੰਦ ਮੈਨੂੰ ਰੋਕ ਨਹੀਂ ਸਕਦੇ। ਮੈਂ ਤਾਂ ਤੇਰੇ ਨਾਲ ਰਹਿੰਦਾ ਹਾਂ ਅੱਠੇ ਪਹਿਰ। ਤੂੰ ਸੌਂ ਜਾਂਦੈ, ਮੈਂ ਜਾਗਦਾ ਹਾਂ। ਤੂੰ ਮੈਨੂੰ ਜਾਣਦਾ ਨਹੀਂ, ਮੈਂ ਤੇਰਾ ਸਭ ਕੁਝ ਜਾਣਦਾ ਹਾਂ। ਕਹਿੰਦਾ, ਤੂੰ ਕਰਦਾ ਕੀ ਹੁੰਦੈ? ਕਹਿੰਦਾ, ਤੇਰੀਆਂ ਫੋਟੋਆਂ ਖਿੱਚਦਾ ਹਾਂ। ਮੇਰਾ ਨਾਉਂ ਹੈ ਚਿਤਰਗੁਪਤ। ਚਿੱਤਰ ਖਿੱਚਣ ਵਾਲੀ ਗੁਪਤ ਸ਼ਕਤੀ। ਤੇਰੇ ਨਾਲ ਰਹਿੰਦਾ ਹਾਂ ਮੈਂ। ਦੱਸਾਂ ਤੂੰ ਕੀ ਕਰਿਆ ਹੈ? ਕਹਿੰਦਾ, ਦਸ। ਕਹਿੰਦਾ, ਆਹ ਤੂੰ ਪਾਪ ਕਰਿਆ ਹੈ, ਐਨੀ ਰਿਸ਼ਵਤ ਫਲਾਣੇ ਤੋਂ ਲਈ ਹੈ, ਐਨੀ ਓਥੋਂ ਲਈ ਹੈ। ਕਹਿੰਦਾ ਹਾਂ। ਫੇਰ ਕੀ ਹੋਏਗਾ? ਕਹਿੰਦਾ, ਤੈਨੂੰ ਦਰਗਾਹ ਦਾ ਨਹੀਂ ਪਤਾ, ਉਥੇ ਜਾ ਕੇ ਤੈਨੂੰ ਜਿਵੇਂ ਤਿਲ ਪੀੜਦੇ ਨੇ ਘਾਣੀ 'ਚ ਇਸ ਤਰ੍ਹਾਂ ਪੀੜ ਦੇਣਗੇ। ਲੇਖਾ ਦਏਂਗਾ, ਫੇਰ ਰੋਵੇਂਗਾ। ਫੇਰ ਤੇਰਾ ਬਣਨਾ ਕੁਛ ਨਹੀਂ ਰੋ ਕੇ। ਮਹਾਰਾਜ ਵੀ ਇਸ ਤਰ੍ਹਾਂ ਹੀ ਫੁਰਮਾਉਂਦੇ ਨੇ-

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*
*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਅੰਨ੍ਹਾ ਹੋ ਕੇ ਜਨਮ ਗਵਾ ਬੈਠਿਆ। ਫੇਰ ਨਹੀਂ ਕੋਈ ਸੁਣਦਾ। ਕਹਿਣ ਲੱਗੇ, ਤੈਨੂੰ ਇਥੇ ਜੱਜ ਸਾਹਿਬ ਆਖਦੇ ਨੇ, ਮੈਜਿਸਟਰੇਟ ਸਾਹਿਬ ਆਖਦੇ ਨੇ। ਪਰ ਓਥੇ ਤਾਂ ਪਿਆਰਿਆ, ਜਦੋਂ ਲੇਖਾ ਦੇਣੈ ਘਾਣੀ ਵਿਚ ਪੀੜ ਦੇਣਗੇ ਤੈਨੂੰ। ਕਹਿੰਦਾ, ਦਿਖਾ ਸਕਦੈਂ, ਅਸੀਂ ਜੱਜ ਲੋਕ ਹਾਂ ਦੇਖੇ ਤੋਂ ਬਿਨਾਂ ਨਹੀਂ ਮੰਨਦੇ। ਕਹਿੰਦਾ, ਅੱਖਾਂ ਮੀਚ ਤੈਨੂੰ ਦਿਖਾਵਾਂ। ਅੱਖਾਂ ਮੀਚੀਆਂ ਤਾਂ ਕੀ ਦੇਖਦੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਡਰ ਗਿਆ। ਕਹਿਣ ਲੱਗੇ, ਇਹ ਤਾਂ ਠੀਕ ਹੈ। ਇਹ ਬਿਲਕੁਲ ਸੱਚ ਹੈ ਕੀ? ਕਹਿੰਦਾ, ਤੇਰੇ ਬਿਲਕੁਲ ਸਾਮ੍ਹਣੇ ਮੈਂ ਖੜ੍ਹਾ ਹਾਂ ਸੱਚ। ਖੜ੍ਹਾ ਹਾਂ ਨਹੀਂ? ਕਹਿੰਦਾ, ਜੇ ਭੁਲੇਖਾ ਹੈ ਤਾਂ ਮੈਨੂੰ ਹੱਥ ਲਾ ਕੇ ਦੇਖ ਲੈ। ਸੁੱਤਾ ਤਾਂ ਨਹੀਂ ਤੂੰ ਜਾਗਦਾ ਪਿਐਂ। ਫੈਸਲਾ ਲਿਖਣ ਲੱਗਿਐਂ। ਹੁਣ ਤੂੰ ਫੈਸਲਾ ਵੀ ਰਿਸ਼ਵਤ ਖਾ ਕੇ ਲਿਖ ਰਿਹਾ ਹੈਂ। ਸੁਣ, 1150 ਪਾਪ ਆਹ ਤੇਰੀ ਕਾਲੀ ਕਾਪੀ ਦੇ ਉਤੇ ਤੇਰੇ ਲਿਖੇ ਹੋਏ ਨੇ। ਡਰ ਗਿਆ ਕਿ ਇਹ ਤਾਂ ਮੇਰੇ ਹੀ ਕੀਤੇ ਹੋਏ ਨੇ। ਕਹਿੰਦਾ, ਦੂਜੀ ਕਾਪੀ? ਕਹਿੰਦਾ, ਇਹ ਉਹਨਾਂ ਦੀ ਹੈਗੀ, ਜਿਹੜੇ ਨੇਕ ਕੰਮ ਕਰਦੇ ਨੇ। ਇਹਦੇ ਉਤੇ ਕਾਲੇ ਲੇਖ ਨਹੀਂ ਹੁੰਦੇ।

ਮਹਾਰਾਜ ਵੀ ਕਹਿੰਦੇ ਨੇ ਕਿ ਪਿਆਰਿਆ! ਬਚ, ਕਾਲੇ ਲੇਖ ਨਾ ਲਿਖੀਂ। ਜੇ ਲਿਖ ਦਿਤੇ ਤੈਨੂੰ ਬਹੁਤ ਔਖਾ ਹੋਣਾ ਪੈਣੈਂ -

*ਧਾਰਨਾ - ਕਾਲੇ ਲੇਖ ਨਾ ਲਿਖੀਂ ਓਏ ਮਨਾਂ ਮੇਰਿਆਂ,*
*ਲੇਖਾ ਦੇਣਾ ਔਖਾ ਹੋਜੂਗਾ।*
*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥*
*ਅੰਗ- ੧੩੭੮*

ਹੁਣ ਤਾਂ ਲਿਖ ਲਏਂਗਾ, ਪਰ ਜਦੋਂ ਲੇਖਾ ਮੰਗਿਆ ਗਿਆ ਫੇਰ ਪਿਆਰਿਆ! ਕੋਈ ਥਾਂ ਨਹੀਂ ਤੈਨੂੰ ਲੱਭਣਾ। ਕਹਿਣ ਲੱਗੇ, ਇਥੇ ਤੂੰ ਮੈਜਿਸਟਰੇਟ ਬਣਿਆ ਹੋਇਆ ਹੈਂ। ਜੱਜ ਬਣਿਆ ਹੋਇਆ ਹੈਂ। ਇਨਸਾਫ ਦੀ ਕੁਰਸੀ 'ਤੇ ਬੈਠਾ ਹੈਂ ਤੇ ਐਨੇ ਗਲਤ ਕੰਮ ਤੂੰ ਕਰੇ। ਰਿਸ਼ਵਤਾਂ ਖਾਧੀਆਂ, ਤੇਰੇ ਨਾਲ ਜਾਣੀਆਂ ਨੇ? ਇਥੇ ਹੀ ਰਹਿ ਜਾਣੀਆਂ ਨੇ ਕੋਠੀਆਂ ਬਣੀਆਂ, ਬਣਾਈਆਂ। ਸੱਟ ਲੱਗੀ। ਕਹਿਣ ਲੱਗਿਆ, ਹੈਂ ਮੈਂ ਤਾਂ ਜ਼ਿੰਦਗੀ ਨੂੰ ਹੋਰ ਤਰ੍ਹਾਂ ਸਮਝਦਾ ਸੀ ਕਿ ਪੈਸਾ ਕਮਾਓ। Eat drink and be marry far we shall have to die. ਇਹ ਜ਼ਿੰਦਗੀ ਐਸ਼ ਕਰਨ ਵਾਸਤੇ ਮਿਲੀ ਹੈ। ਇਹ ਤਾਂ ਨਤੀਜਾ ਹੀ ਹੋਰ ਨਿਕਲਿਆ। ਇਹ ਤਾਂ ਜੀਵ ਮਰਦਾ ਹੀ ਨਹੀਂ। ਅਗਾਂਹਾਂ ਜਾ ਕੇ ਲੇਖੇ ਪੱਤੇ ਦਿੰਦੈ। ਸੰਗਲ ਪੈ ਜਾਂਦੇ

ਨੇ ਗਲ ਦੇ ਵਿਚ। ਛੁਡਾਉਂਦਾ ਨਹੀਂ ਹੈ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥* *ਅੰਗ- ੪੭੧*

ਕਹਿੰਦਾ, ਕੁਛ ਹੁਣ ਇਲਾਜ ਹੋ ਸਕਦੈ?

ਕਹਿੰਦੇ, ਹਾਂ। ਸਾਰੀ ਪਾਪ ਦੀ ਕਮਾਈ ਵੰਡ ਦੇ। ਆਹ ਜਿਹੜੀ ਕੋਠੀ 'ਚ ਬੈਠੈਂ, ਇਹ ਨੇਕ ਕਮਾਈ ਹੈ? ਇਹ ਵੀ ਪਾਪ ਦੀ ਹੈ।

ਕਹਿੰਦੇ, ਇਹ ਵੀ ਦੇ-ਦੇ।

ਪਹਿਲਾਂ ਤਾਂ ਜੋੜ ਲੈਂਦੈ, ਫੇਰ ਛੱਡਣਾ ਵੀ ਔਖਾ ਹੋ ਜਾਂਦੈ। ਉਸ ਤੋਂ ਬਾਅਦ ਉਹ ਸੋਚਣ ਲਗ ਗਿਆ। ਉਹਨੇ ਚਿੱਟੀ ਕਾਪੀ ਕੱਢੀ, ਲਿਖਣ ਲਗ ਗਿਆ। ਕਹਿੰਦੇ, ਇਹ ਕੀ ਲਿਖਦੈਂ?

ਕਹਿੰਦਾ, ਤੂੰ ਸੋਚਦੈਂ ਕਿ ਮੈਂ ਇਸ ਤਰ੍ਹਾਂ ਕਰਾਂ, ਪੈਸੇ ਮੋੜ ਦੇਵਾਂ। ਜਿਸ-ਜਿਸ ਤੋਂ ਲਏ ਨੇ, ਉਹਨਾਂ ਦੇ ਘਰ ਜਾ ਕੇ ਮਾਫ਼ੀਆਂ ਮੰਗਾਂ ਤੇ ਕੋਠੀ ਮੈਂ ਵੇਚ ਦੇਵਾਂ, ਕਿਸੇ ਸਕੂਲ ਨੂੰ ਦੇ ਦੇਵਾਂ। ਕਿਤੇ ਹੋਰ ਦੇ ਦੇਵਾਂ।

ਕਹਿੰਦਾ, ਸੋਚ ਜਿਹੜੀ ਤੇਰੀ ਹੈ ਇਹ ਲੇਖੇ ਵਿਚ ਪੈ ਜਾਂਦੀ ਹੈ। ਮਾੜੀ ਸੋਚ ਨੂੰ ਅਸੀਂ ਨਹੀਂ ਲਿਖਦੇ ਕਿ ਸ਼ਾਇਦ ਇਹ ਸੰਭਲ ਜਾਵੇ, ਇਹ ਕੰਮ ਇਹ ਨਾ ਕਰੇ।

ਕਹਿੰਦਾ, ਚੰਗਾ ਮੈਂ ਚੱਲਿਆ। ਉਥੇ ਹੀ ਗਾਇਬ ਹੋ ਗਿਆ।

ਉਸ ਤੋਂ ਬਾਅਦ ਉਹਨੇ ਸਾਰਾ ਕੁਛ ਕਰ ਲਿਆ। ਕਰਨ ਤੋਂ ਬਾਅਦ ਇਕ ਦਿਨ ਫੇਰ ਆਇਆ।

ਕਹਿੰਦਾ, ਅੱਜ ਕਿਵੇਂ ਆਏ?

ਕਹਿੰਦਾ, ਮੈਂ ਤੈਨੂੰ ਦੱਸਣ ਆਇਆ ਹਾਂ, ਤੇਰੇ 1150 ਜਿਹੜੇ ਮਾੜੇ ਕਰਮ ਸੀ ਉਹ ਪੁੰਨਾਂ ਨੇ ਬਰਾਬਰ ਕਰ ਲਏ। ਉਹ ਹੁਣ ਜ਼ੀਰੋ ਬਣ ਗਏ। ਲੇਖਾ ਤੇਰਾ ਮੁੱਕ ਗਿਆ। ਦਰਗਾਹ ਵਿਚ ਪਾਟ ਗਿਆ, ਜਾਹ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸ਼ਰਨ ਵਿਚ ਜਾਹ, ਉਥੋਂ ਜਾ ਕੇ ਨਾਮ ਦੀ ਦਾਤ ਲੈ, ਨਾਮ ਦੀ ਕਮਾਈ ਕਰ, ਆਪਣਾ ਜੀਵਨ ਸਫਲਾ ਕਰ। ਮਹਾਂਪੁਰਸ਼ ਦਸਿਆ ਕਰਦੇ ਸੀ ਕਿ ਉਹਨੇ ਇਸੇ ਤਰ੍ਹਾਂ ਦੇ ਨਾਲ ਕੀਤਾ ਅਤੇ ਚੰਗਾ ਸੰਤ ਹੋ ਕੇ ਸੰਸਾਰ 'ਚੋਂ ਗਿਆ।

ਸੋ ਮਹਾਰਾਜ ਕਹਿਣ ਲੱਗੇ ਕਿ ਭਾਈ ਤਿਲੋਕਾ! ਇਹ ਜਿਹੜੇ ਕਰਮ ਕੀਤੇ ਜਾਂਦੇ ਨੇ ਇਹਨਾਂ ਦਾ ਲੇਖਾ ਦੇਣਾ ਪੈਂਦਾ ਹੈ। ਦਇਆ ਦਾ ਕਰਮ ਕਰੀਂ, ਕਿਸੇ ਜੀਵ ਨੂੰ ਦੁਖ ਨਾ ਦੇਈਂ। ਲਾਗ ਲਗ ਗਈ, ਗੁਰੂਆਂ ਦਾ ਉਪਦੇਸ਼ ਇਹ ਨਹੀਂ ਸੀ, ਸਾਡੇ ਵਰਗਾ ਨਹੀਂ ਸੀਗਾ। ਅਸੀਂ ਤਾਂ ਅੰਮ੍ਰਿਤ ਛਕਾ ਦਿੰਦੇ ਹਾਂ। ਪਹਿਲਾਂ ਤਾਂ ਅਸੀਂ ਦੇਖਦੇ ਨਹੀਂ ਕਿ ਅਧਿਕਾਰੀ ਹੈ ਕਿ ਨਹੀਂ ਹੈ। ਜਿਹੜਾ ਮੂਹਰੇ ਆ ਗਿਆ, ਆ ਜਾ ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਇਹ ਕੋਈ ਸ਼ਰਬਤ ਥੋੜ੍ਹਾ ਹੈ ਕਿ ਛਕਾਈ ਜਾਨੈ। ਇਹਦੇ ਵਾਸਤੇ ਅਧਿਕਾਰੀ ਦੀ ਲੋੜ ਹੈ। ਨਾਮ ਦੀ ਦਾਤ ਮੰਗਦਾ ਹੋਵੇ, ਮਿਹਨਤ ਕਰਨੀ, ਘਾਲ ਕਮਾਈ ਕਰਨੀਂ ਚਾਹੁੰਦਾ ਹੋਵੇ, ਫੇਰ ਥੋੜ੍ਹਾ ਚਿਰ ਦੇਖੋ, ਫੇਰ ਉਸ ਤੋਂ ਥੋੜ੍ਹਾ ਚਿਰ ਬਾਅਦ ਅੰਮ੍ਰਿਤ ਦੀ ਦਾਤ ਦੇ ਦਿਓ। ਅੰਮ੍ਰਿਤ ਕਿਤੇ ਸਸਤਾ ਹੈ? -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

ਪਹਿਲੇ ਜ਼ਮਾਨਿਆਂ 'ਚ ਕਈ-ਕਈ ਸਾਲ ਅੰਮ੍ਰਿਤ ਨਹੀਂ ਸੀ ਦਿੰਦੇ। 12 ਸਾਲ ਬਾਅਦ ਜੋਗ ਮਿਲਦਾ ਹੁੰਦਾ। ਸਾਧੂ 12 ਸਾਲ ਬਾਅਦ ਪੁੱਛਿਆ ਕਰਦੇ ਸੀ। ਇਹ ਬਹੁਤ ਕੀਮਤੀ ਚੀਜ਼ ਹੈ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ - ੧੩੬੫*

ਗਾਹਕੀ ਨਹੀਂ ਹੈ, ਗਾਹਕੀ ਦੇਣੀ ਪੈਂਦੀ ਹੈ, ਆਪਣਾ ਆਪ ਦੇਣਾ ਪੈਂਦਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਕਹਿੰਦੇ, ਦੇਖ ਭਾਈ ਤੈਨੂੰ ਨਾਮ ਦੀ ਦਾਤ ਦਿੰਦੇ ਹਾਂ। ਨਾਮ ਦੀ ਦਾਤ ਜਦੋਂ ਗੁਰੂ ਮਹਾਰਾਜ ਦੇ ਦਿੰਦੇ ਸੀ, ਉਸ ਵੇਲੇ ਸਾਰੇ ਸਰੀਰ ਦੇ ਵਿਚ ਨਾਮ ਦੀਆਂ ਧੁਨੀਆਂ ਉੱਠ ਖੜ੍ਹਦੀਆਂ ਸੀ। ਨਾਮ ਹੀ ਨਾਮ ਸੁਣਦਾ ਸੀ। ਅਨਹਦ ਸ਼ਬਦ ਜਾਗ ਜਾਂਦੇ ਸੀ, ਅੰਦਰ ਜੋਤ ਦਾ ਪ੍ਰਕਾਸ਼ ਹੋ ਜਾਂਦਾ ਸੀ। ਮਿਹਨਤ ਨਹੀਂ ਸੀ ਕਰਨੀ ਪੈਂਦੀ, ਇਥੇ ਪਹੁੰਚਾ ਲਿਆ ਕਰਦੇ ਸੀ। ਲੈ ਹੁਣ ਤੂੰ ਇਹਨੂੰ ਕਾਇਮ ਰੱਖੀਂ। ਉਸ ਤੋਂ ਬਾਅਦ ਉਹ ਘਾਲ ਕਮਾਈ ਕਰਦਾ ਹੁੰਦਾ।

ਸੋ ਇਸ ਤਰ੍ਹਾਂ ਨਾਲ ਭਾਈ ਤਿਲੋਕਾ ਜੀ ਗਏ, ਬੰਦਗੀ ਕਰਦੇ ਨੇ। ਅੰਮ੍ਰਿਤ ਵੇਲੇ ਜਾਗਦੇ ਨੇ, ਗੁਰਦੁਆਰਾ ਹੈ, ਉਥੇ ਜਾਂਦੇ ਨੇ ਬੁਲਾਇਆ ਹੋਇਐ ਸਿੱਖਾਂ ਨੇ। ਉਥੇ ਜਾ ਕੇ ਸ਼ਬਦ ਦੀ ਵਿਚਾਰ ਕਰਦੇ ਨੇ। ਬਹੁਤ ਪਿਆਰੇ ਲਗਦੇ ਨੇ। ਇਸ ਨਵਾਬ ਨੇ ਹੋਰ ਤਰੱਕੀ ਦੇ ਦਿਤੀ। ਭਾਈ ਤਿਲੋਕਾ ਤਾਂ ਬਿਲਕੁਲ ਸਾਧੂ ਬਣ ਗਿਆ। ਇਕ ਦਿਨ ਸ਼ਿਕਾਰ ਨੂੰ ਗਏ, ਨਵਾਬ ਨੇ ਕਿਹਾ ਕਿ ਦੇਖੋ ਜਿਹਦੇ ਮੂਹਰੇ ਕੋਈ ਜਾਨਵਰ ਆਵੇ, ਉਸੇ ਨੇ ਮਾਰਨਾ ਹੈ। ਭਾਈ ਤਿਲੋਕਾ ਦੇ ਸਾਮ੍ਹਣੇ ਇਕ ਹਰਨੀ ਆ ਗਈ, ਇਹਨਾਂ ਨੇ ਘੋੜਾ ਨਠਾਇਆ। ਹੁਕਮ ਦੇ ਮੁਤਾਬਿਕ ਜਾ ਕੇ ਉਹਦੀ ਗਰਦਨ 'ਤੇ ਜਾ ਕੇ ਤਲਵਾਰ ਮਾਰੀ। ਤਲਵਾਰ ਥੋੜ੍ਹੀ

ਜਿਹੀ ਦੋਹਾਂ ਲੱਤਾਂ ਤੋਂ ਪਿੱਛੇ ਲੱਗੀ, ਉਹਦਾ ਜਿਹੜਾ ਪੇਟ ਸੀ ਉਹ ਕੱਟਿਆ ਗਿਆ। ਉਹਦੇ ਵਿਚ ਸੀਗੇ, ਦੋ ਬੱਚੇ, ਦੋਵੇਂ ਬੱਚੇ ਤੜਫ-ਤੜਫ ਕੇ ਇਹਦੇ ਸਾਮ੍ਹਣੇ ਮਰ ਗਏ। ਬੜੀ ਭਾਰੀ ਸੱਟ ਲੱਗੀ। ਕਹਿਣ ਲੱਗਿਆ, ਮਨਾਂ! ਤੂੰ ਗੁਰੂ ਦੇ ਪਾਸ ਗਿਆ, ਗੁਰੂ ਨੇ ਕਿਹਾ -

*ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥*
*ਅੰਗ - ੩੨੨*

ਹੁਣ ਤਾਂ ਬੇਪਤੀ ਦੇ ਨਾਲ ਹੀ ਦਰਗਾਹ ਵਿਚ ਜਾਵਾਂਗੇ। ਧਿਰਕਾਰ ਹੈ ਤੈਨੂੰ ਜਿਹਨੇ ਗੁਰੂ ਦਾ ਬਚਨ ਨਾ ਮੰਨਿਆ। ਗੁਰੂ ਦਾ ਬਚਨ ਮੰਨਣਾ ਚਾਹੀਦਾ ਸੀ। ਸੋਚਦਾ ਰਿਹਾ, ਉਸੇ ਤਰ੍ਹਾਂ ਨਾਲ ਚੁੱਪ ਕੀਤਾ ਘਰ ਆ ਗਿਆ। ਇਕ ਮਿਸਤਰੀ ਬੁਲਾਇਆ, ਬੁਲਾ ਕੇ ਕਹਿਣ ਲੱਗਿਆ ਕਿ ਦੇਖੋ, ਕਾਠ ਦਾ ਕੰਮ ਤੁਸੀਂ ਬਹੁਤ ਸੋਹਣਾ ਕਰਦੇ ਹੋਂ। ਬਿਲਕੁਲ ਇਕ ਤਲਵਾਰ ਜਿਹੜੀ ਹੈ ਮਿਆਨ ਵਿਚ ਪੈ ਜਾਵੇ, ਐਸੀ ਤਲਵਾਰ ਮੈਨੂੰ ਬਣਾ ਕੇ ਦਿਓ। ਮਿਆਨ ਦੇ ਵਿਚ ਮਿਣਤੀ ਕਰ ਲਓ। ਇਹੋ ਜਿਹਾ ਹੀ ਰੰਗ ਹੋਵੇ, ਇਹੋ ਜਿਹਾ ਹੀ ਸਭ ਕੁਝ ਹੋਵੇ, ਪਤਾ ਨਾ ਲੱਗੇ ਕਿਸੇ ਕਿਸਮ ਦਾ, ਇਹੋ ਜਿਹਾ ਹੀ ਮੁੱਠਾ ਹੋਵੇ। ਉਹ ਕਹਿੰਦਾ, ਫਿਕਰ ਨਾ ਕਰੋ, ਮੈਂ ਐਸੀ ਹੀ ਤਲਵਾਰ ਬਣਾ ਦਿੰਦਾ ਹਾਂ। ਚਾਹੀਦੀ ਕਾਹਦੇ ਵਾਸਤੇ ਹੈ? ਕਹਿੰਦੇ, ਵੈਸੀ ਹੀ ਚਾਹੀਦੀ ਹੈ, ਉਹ ਤਲਵਾਰ ਲੈ ਲਈ ਅਤੇ ਆਪ ਨੇ ਇਸਪਾਤ ਦੀ ਤਲਵਾਰ ਵਿਚੋਂ ਕੱਢ ਦਿਤੀ ਤੇ ਲੱਕੜੀ ਦੀ ਪਾ ਲਈ। ਉਹ ਜਿਹੜਾ ਮਿਸਤਰੀ ਸੀ ਇਕ ਹੋਰ ਆਫੀਸਰ ਉਹਦਾ ਮਿੱਤਰ ਸੀ। ਉਹ ਭਾਈ ਤਿਲੋਕੇ ਨਾਲ ਬਹੁਤ ਲਗਦਾ ਸੀ। ਵੈਸੇ ਹੀ ਲਗਦੇ ਸੀ ਕਿ ਦੇਖੋ ਨਵਾਬ ਮੁਸਲਮਾਨ ਹੈ, ਕਿੱਡੇ ਵੱਡੇ-ਵੱਡੇ ਅਸੀਂ ਮੁਸਲਮਾਨ ਨਾਲ ਨੌਕਰੀ ਕਰਦੇ ਹਾਂ, ਪੰਜ ਨਮਾਜ਼ਾਂ ਪੜ੍ਹਦੇ ਹਾਂ, ਜ਼ਕਾਤ ਰਖਦੇ ਹਾਂ, ਰੋਜ਼ੇ ਰਖਦੇ ਹਾਂ। ਮਸਜਿਦ ਜਾਂਦੇ ਹਾਂ। ਸਾਡਾ ਇਤਬਾਰ ਨਹੀਂ ਕਰਦਾ। ਹਿੰਦੂ ਦਾ ਇਤਬਾਰ ਕਰਦਾ ਹੈ। ਨਾਲ ਇਹ ਕਹਿੰਦੇ ਸੀ ਕਿ ਕਦੇ ਨਾ ਕਦੇ ਅੜਿੱਕੇ ਆਇਆ ਤਾਂ ਛੱਡਣਾ ਨਹੀਂ ਹੈ ਇਹਨੂੰ ਕਿਸੇ ਤਰੀਕੇ ਨਾਲ। ਈਰਖਾ ਕਰਦੇ ਸੀ ਬਹੁਤ ਜ਼ਿਆਦਾ। ਉਸ ਈਰਖਾਲੂ ਨੂੰ ਪਤਾ ਲਗ ਗਿਆ ਕਿ ਇਹਦੀ ਜਿਹੜੀ ਤਲਵਾਰ ਹੈ ਇਹ ਲੱਕੜੀ ਦੀ ਹੈ। ਇਹਨੇ ਕਿਹਾ ਕਿ ਇਹ ਤਾਂ ਬਹੁਤ ਸੋਹਣਾ ਪੁਆਇੰਟ ਲੱਭ ਗਿਆ ਤੇ ਨਵਾਬ ਨੂੰ ਦੱਸਾਂਗਾ।

ਸਾਧਸੰਗਤ ਜੀ! ਈਰਖਾ ਜਿਹਨੂੰ ਕਹਿੰਦੇ ਨੇ। ਇਹ ਮਾਨਸਿਕ ਬਿਮਾਰੀ ਹੈ। ਜਿਹਨੂੰ ਇਹ ਲੱਗੀ ਹੋਵੇ ਮਹਾਰਾਜ ਕਹਿੰਦੇ, ਉਹ ਕਿੰਨਾ ਹੀ ਪੁੰਨ ਕਰ ਲਵੇ। ਕਿੰਨਾ ਹੀ ਦਾਨ ਕਰ ਲਵੇ, ਕਿੰਨਾ ਹੀ ਤੀਰਥਾਂ 'ਤੇ ਚਲਿਆ ਜਾਵੇ। ਦੇਖੋ, ਇਹਦਾ ਕਿੰਨਾ ਭਿਆਨਕ ਨਤੀਜਾ ਹੈ। ਮਹਾਰਾਜ ਕਹਿੰਦੇ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮*

ਉਹਦਾ ਭਲਾ ਹੀ ਨਹੀਂ ਹੁੰਦਾ। ਉਹ ਆਪਣਾ ਨੁਕਸਾਨ ਕਰਕੇ ਦੂਸਰਿਆਂ ਦਾ ਨੁਕਸਾਨ ਕਰ ਦਿੰਦੈ।

ਐਸੀ ਹੀ ਇਕ ਸਾਖੀ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਸੁਣਾਇਆ ਕਰਦੇ ਸੀ ਕਿ ਇਕ ਕੋਈ ਗਰੀਬ ਆਦਮੀ, ਬਹੁਤ ਗਰੀਬ ਹੈ। ਕੋਈ ਹੱਥ ਨਹੀਂ ਪੈਂਦਾ ਕਿਸੇ ਪਾਸੇ। ਉਹਨੇ ਸੁਣਿਆ ਕਿ ਕਿਸੇ ਨੇ ਜੇ ਕੋਈ ਚੀਜ਼ ਲੈਣੀ ਹੋਵੇ ਤਾਂ ਮਹਾਂਪੁਰਸ਼ਾਂ ਕੋਲ ਐਸਾ ਅਧਿਕਾਰ ਦਿਤਾ ਹੋਇਆ ਹੈ ਵਾਹਿਗੁਰੂ ਨੇ, ਸੇਵਾ ਕਰਕੇ ਮਿਲ ਜਾਂਦੀ ਹੈ। ਬਾਣੀ ਵਿਚ ਵੀ ਐਸਾ ਫੁਰਮਾਨ ਆਉਂਦੈ, ਪੜ੍ਹੋ ਪਿਆਰ ਨਾਲ -

*ਧਾਰਨਾ - ਜੇ ਤਾਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ।*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ- ੨੬੬*

ਧਰਮ, ਅਰਥ, ਕਾਮ, ਮੋਕਸ਼; ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਨੇ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ ਅੰਗ- ੭੪੮*

ਕਿਉਂਕਿ ਵੱਡੇ ਨੇ, ਪ੍ਰਮੇਸ਼ਰ ਨੇ ਉਹਨਾਂ ਨੂੰ ਵਡਿਆਈ ਦਿਤੀ ਹੋਈ ਹੈ, ਪਰ ਸੰਤ ਹੋਣਾ ਚਾਹੀਦੈ। ਭੇਖ ਨਹੀਂ ਚਾਹੀਦਾ। ਅੰਦਰੋਂ ਗਿਆਨ ਹੋਵੇ, ਸੰਤਾਂ ਵਾਲੇ ਲੱਛਣ ਹੋਣ। ਕਿਸੇ ਸਮੇਂ ਵੀ ਵਾਹਿਗੁਰੂ ਨੂੰ ਨਾ ਭੁੱਲਦਾ ਹੋਵੇ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- ੩੧੯*

ਚਲਿਆ ਗਿਆ, ਸਾਧੂਆਂ ਦੀ ਸੇਵਾ ਕਰਦਾ ਰਿਹਾ। ਇਕ ਦਿਨ ਮਹਾਤਮਾ ਨੇ ਪੁੱਛਿਆ ਕਿ ਪ੍ਰੇਮੀਆਂ! ਕਾਫੀ ਸਮੇਂ ਤੋਂ ਤੂੰ ਸੇਵਾ ਕਰਦਾ ਹੈਂ, ਕੋਈ ਵਾਸ਼ਨਾ ਹੈ ਤੇਰੀ?

ਕਹਿੰਦਾ, ਹਾਂ ਮਹਾਰਾਜ।

ਕੀ ਹੈ?

ਕਹਿੰਦਾ, ਮਹਾਰਾਜ! ਗਰੀਬੀ ਐਨੀ ਹੈ ਕਿ ਦੋ ਡੰਗ ਦਾ ਖਾਣਾ ਨਹੀਂ ਜੁੜਦਾ ਕਦੇ। ਇਕ ਡੰਗ ਖਾ ਲੈਂਦੇ ਹਾਂ, ਦੂਜੇ ਦਾ ਫਿਕਰ ਪੈ ਜਾਂਦੈ। ਕ੍ਰਿਪਾ ਕਰੋ, ਕੋਈ ਬਰਕਤ ਹੋਵੇ ਮੇਰੀ ਕਮਾਈ 'ਚ।

ਕਹਿੰਦੇ, ਅੱਛਾ ਸਵੇਰੇ ਆਈਂ।

ਅੰਮ੍ਰਿਤ ਵੇਲੇ ਜਦੋਂ ਮਹਾਤਮਾ ਦੇ ਕੋਲ ਗਿਆ। ਉਹ ਕਹਿੰਦੇ, ਲੈ ਆ ਸੰਖ ਹੈ, ਚੌਂਕਾ ਦੇ ਕੇ, ਚੌਂਕੀ 'ਤੇ ਰੱਖ ਕੇ ਧੂਫ ਦੇ ਕੇ, ਇਹਨੂੰ ਵਜਾਈਂ, ਜਿਹੜੀ

ਇੱਛਿਆ ਕਰੇਂਗਾ, ਤੇਰੀ ਪੂਰੀ ਹੋ ਜਾਏਗੀ। ਬੜਾ ਖੁਸ਼ ਹੋਇਆ। ਕਹਿੰਦੇ, ਪਰ ਇਹਦੇ ਵਿਚ ਇਕ ਨੁਕਸ ਵੀ ਹੈ। ਬਈ ਤੇਰੇ ਨਾਲੋਂ ਦੁੱਗਣਾ ਤੇਰੇ ਸ਼ਰੀਕਾਂ ਦੇ ਚਲਾ ਜਾਊਗਾ।

ਕਹਿੰਦਾ, ਮਹਾਰਾਜ! ਮੈਨੂੰ ਕੀ ਦੁੱਖ ਹੈ। ਜਾਵੇ, ਉਹ ਤਾਂ ਪਹਿਲਾਂ ਹੀ ਅਮੀਰ ਨੇ। ਮੇਰਾ ਤਾਂ ਗੁਜ਼ਾਰਾ ਚਲਣਾ ਚਾਹੀਦੈ। ਕਹਿੰਦੇ, ਦੇਖ ਲੈ, ਬਿਮਾਰ ਨਾ ਹੋ ਜਾਈਂ? ਉਸ ਤੋਂ ਬਾਅਦ ਘਰ ਗਿਆ, ਘਰਵਾਲੀ ਸਿਆਣੀ ਸੀ ਇਹਦੇ ਨਾਲੋਂ ਕੁਛ। ਕਹਿਣ ਲੱਗੀ, ਹੈ ਤਾਂ ਚੰਗਾ, ਪਰ ਆਹ ਜਿਹੜੇ ਦਿਨ ਰਾਤ ਸਾਡੀਆਂ ਗੱਲਾਂ ਕਰਦੇ ਨੇ, ਟਿਚਰਾਂ ਕਰਦੇ ਨੇ, ਇਹ ਖਾਹਮਖਾਹ ਹੀ ਅਮੀਰ ਬਣ ਜਾਣਗੇ। ਕਹਿੰਦਾ, ਤੂੰ ਕੀ ਲੈਣੈਂ ਬਣੀ ਜਾਣ।

ਉਸੇ ਤਰ੍ਹਾਂ ਸੰਖ ਨੂੰ ਰੱਖਿਆ, ਵਜਾਇਆ, ਵਜਾ ਕੇ ਕਹਿੰਦਾ ਕਿ ਵਧੀਆ ਕੋਠੀ ਚਾਹੀਦੀ ਹੈ। ਬੰਦੋਬਸਤ ਹੋ ਗਿਆ, ਕੋਠੀ ਮਿਲ ਗਈ। ਮੱਝਾਂ, ਗਾਈਆਂ ਦਾ ਫੁਰਨਾ ਕਰ ਲਿਆ, ਹੋਰ ਪੈਸੇ ਟੂਕਰ ਦਾ ਕਰ ਲਿਆ, ਸਭ ਕੁਝ ਹੁੰਦਾ ਤੁਰਿਆ ਜਾ ਰਿਹੈ। ਉਹ ਜਿਹੜੇ ਇਹਨਾਂ ਦੇ ਸ਼ਰੀਕ ਨੇ, ਉਹਨਾਂ ਦੇ ਦੁੱਗਣਾ ਹੀ ਦੁੱਗਣਾ ਆਈ ਜਾਂਦੈ। ਅਖੀਰ ਈਰਖਾ ਦੀ ਬਿਮਾਰੀ ਲਗ ਗਈ। ਈਰਖਾ ਦੀ ਜਿਹੜੇ ਬੰਦੇ ਨੂੰ ਬਿਮਾਰੀ ਲਗ ਜਾਏ, ਉਹ ਬੋਲਦਾ ਘਟ ਹੈ। ਅੰਦਰ ਜਲੀ ਜਾਂਦੈ, ਜਲੀ ਜਾਂਦੈ। ਆਹ ਜਿਹੜਾ ਮੱਥਾ ਹੈ ਨਾ, ਜਿਵੇਂ ਕਮਾਨ ਹੁੰਦੀ ਹੈ, ਇਸ ਤਰ੍ਹਾਂ ਹੋ ਜਾਂਦੈ ਜਲ ਕੇ। ਖੁਸ਼ੀ ਜਾਂਦੀ ਰਹਿੰਦੀ ਹੈ, ਖਾਣਾ ਪੀਣਾ ਘਟ ਜਾਂਦੈ। ਰੋਟੀ ਹਜ਼ਮ ਨਹੀਂ ਹੁੰਦੀ, ਬਿਮਾਰ ਹੋ ਜਾਂਦੈ। ਆਹੀ ਹਾਲ ਹੋ ਗਿਆ। ਪਹਿਲਾਂ ਤਾਂ ਦੋਵੇਂ ਭੁੱਖੇ ਸੀ, ਹਸਦੇ ਸੀ, ਬੋਲਦੇ ਸੀ। ਹੁਣ ਬੋਲਦੇ ਹੀ ਨਹੀਂ ਇਕ ਦੂਜੇ ਨਾਲ। ਉਹ ਜਦੋਂ ਸੰਖ ਵਜਾਉਣ ਲਗਦੈ, ਉਹ ਕਹਿੰਦੀ ਹੈ ਨਾ-ਨਾ ਅਜੇ ਨਹੀਂ ਵਜਾਉਣਾ, ਪਹਿਲਾਂ ਹੀ ਬਥੇਰਾ ਕੁਛ ਇਹਨਾਂ ਦੇ ਕੋਲ ਆ ਗਿਆ। ਅੱਜ ਕਹਿਣ ਲੱਗਿਆ ਕਿ ਦੇਖ, ਹੁਣ ਨਾ ਮੈਨੂੰ ਰੋਕੀਂ। ਦੇਖ ਲਈਂ ਕਿ ਮੈਂ ਕੀ ਕਰਦਾ ਹਾਂ। ਥਾਉਂ ਲਿਪਿਆ ਗਿਆ, ਸੰਖ ਨੂੰ ਧੂਫ ਦੇ ਦਿਤੀ, ਸੰਖ ਵਜਾਇਆ। ਕਹਿੰਦਾ, ਹੇ ਸੰਖ ਦੇਵਤਾ, ਮੇਰੀ ਦੇਹਲੀ ਦੇ ਅੱਗੇ ਇਕ ਖੂਹ ਲਗ ਜਾਵੇ। ਉਹਦੇ ਇਕ ਲੱਗ ਗਿਆ, ਸ਼ਰੀਕਾਂ ਦੇ ਦੋ-ਦੋ ਲਗ ਗਏ। ਅਗਾਂਹਾਂ ਫੇਰ ਸ਼ਰਾਰਤ ਸੁੱਝੀ, ਕਹਿੰਦਾ, ਹੇ ਸੰਖ ਦੇਵਤਾ! ਸਾਡੇ ਟੱਬਰ ਦੀ ਇਕ-ਇਕ ਅੱਖ ਜਾਂਦੀ ਰਹੇ। ਅਸੀਂ ਕਾਣੇ ਹੋ ਜਾਈਏ। ਇਹ ਕਾਣੇ ਹੋ ਗਏ ਤੇ ਜਿਹਨਾਂ ਨੂੰ ਦੁੱਗਣਾ ਮਿਲਣਾ ਸੀ, ਉਹਨਾਂ ਦੀਆਂ ਦੋ-ਦੋ ਅੱਖੀਆਂ ਕਾਣੀਆਂ ਹੋ ਗਈਆਂ। ਆਹ ਕੀ ਹੋ ਗਿਆ? ਨਿਗ੍ਹਾ ਕਿੱਧਰ ਚਲੀ ਗਈ? ਘਬਰਾ ਕੇ ਮਾਰਨ ਨੂੰ ਆਉਂਦੇ ਨੇ, ਮੂਹਰੇ ਹੈ ਖੂਹ, ਵਿਚ ਗਿਰ ਜਾਂਦੇ ਨੇ। ਇਹ ਦੋਵੇਂ ਖੜ੍ਹੇ ਕਾਣੀਆਂ ਅੱਖਾਂ ਨਾਲ ਉਹਨਾਂ ਨੂੰ ਦੇਖੀ ਜਾਂਦੇ ਨੇ। ਕਹਿੰਦਾ ਆਹ ਦੇਖ ਹੁਣ ਕੀ ਹੋ ਰਿਹੈ। ਇਹਨੂੰ ਈਰਖਾ ਦੀ ਬਿਮਾਰੀ ਕਹਿੰਦੇ ਨੇ। ਮਹਾਰਾਜ ਕਹਿੰਦੇ, ਬੜੀ ਭੈੜੀ ਹੈ ਜਿਹਨੂੰ ਲਗ ਜਾਵੇ, ਕਹਿੰਦੇ ਉਹਦਾ ਭਲਾ ਹੀ ਨਹੀਂ ਕਦੇ ਹੋ ਸਕਦਾ। ਦਾਨ ਕਰੀ ਜਾਏ, ਪੁੰਨ ਕਰੀ ਜਾਏ, ਜੋ ਕਰਨਾ ਹੈ ਕਰ ਲੈ। ਸ੍ਰੀ ਹਜ਼ੂਰ ਸਾਹਿਬ ਜਾ ਆਵੇ, ਸ੍ਰੀ ਹੇਮਕੁੰਟ ਸਾਹਿਬ ਜਾ ਆਵੇ, ਜਿਥੇ ਜਾਣਾ ਹੈ ਜਾ ਆਵੇ, ਇਹਦਾ ਇਲਾਜ ਕੀ ਹੈ? ਮਹਾਰਾਜ ਕਹਿੰਦੇ, ਹੈ ਤਾਂ ਸਾਰੀਆਂ ਬਿਮਾਰੀਆਂ ਦਾ ਇਲਾਜ ਇਕੋ ਨਾਮ ਪ੍ਰਮੇਸ਼ਰ ਦਾ ਪਰ ਫੇਰ ਵੀ ਸਾਧੂਆਂ ਦੀ ਸੰਗਤ ਇਹਦਾ ਇਲਾਜ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

ਸੋ ਉਹ ਈਰਖਾਲੂ, ਸੀਗਾ ਮਿੱਤਰ ਲੇਕਿਨ ਮਨ ਵਿਚ ਈਰਖਾ ਸੀ ਕਿ ਇਹ ਐਡੀ ਪਦਵੀ 'ਤੇ ਪਹੁੰਚ ਗਿਆ। ਕੋਈ ਮੌਕਾ ਮਿਲੇ ਅਤੇ ਇਹਨੂੰ ਥੱਲੇ ਸੁੱਟੀਏ। ਹੁਣ ਮੌਕਾ ਮਿਲ ਗਿਆ। ਮਿਸਤਰੀ ਨੂੰ ਪੁੱਛਿਆ ਕਿ ਪੱਕੀ ਤਰ੍ਹਾਂ ਨਾਲ ਹੈ? ਕਹਿੰਦਾ, ਹਾਂ, ਜਿਹੜੀ ਇਹਦੇ ਤਲਵਾਰ ਹੁਣ ਵੀ ਪਹਿਨੀ ਹੋਈ ਹੈ, ਇਹ ਵੀ ਲੱਕੜੀ ਦੀ ਹੈ। ਕਹਿੰਦਾ, ਕੋਈ ਗਲਤੀ ਤਾਂ ਨਹੀਂ ਹੋ ਜਾਊ। ਕਹਿੰਦਾ, ਨਾ ਬਿਲਕੁਲ ਨਹੀਂ ਹੁੰਦੀ। ਮੇਰੇ ਹੱਥ ਦੀ ਬਣੀ ਹੋਈ ਹੈ, ਮੈਨੂੰ ਪਛਾਣ ਹੈ।

ਨਵਾਬ ਦੇ ਪਾਸ ਚਲਿਆ ਗਿਆ, ਕਹਿਣ ਲੱਗਿਆ, ਨਵਾਬ ਸਾਹਿਬ! ਅਸੀਂ ਤੁਹਾਡਾ ਨਮਕ ਖਾਂਦੇ ਹਾਂ, ਸਾਡਾ ਫਰਜ਼ ਹੈ ਕਿ ਕੋਈ ਗੱਲ ਗਲਤ ਹੁੰਦੀ ਹੋਵੇ, ਤੁਹਾਨੂੰ ਦੱਸੀਏ। ਉਹ ਵੀ ਬਰਾਬਰ ਦਾ ਹੀ ਜਰਨੈਲ ਸੀ, ਕਹਿਣ ਲੱਗੇ, ਕਿਆ ਬਾਤ ਜਰਨੈਲ ਸਾਹਿਬ? ਕਹਿਣ ਲੱਗਿਆ, ਮਹਾਰਾਜ! ਤੁਸੀਂ ਇਸ ਹਿੰਦੂ ਜਰਨੈਲ ਦੇ ਉਤੇ ਬਹੁਤ ਵਿਸ਼ਵਾਸ਼ ਕਰਿਆ ਹੈ, ਪਰ ਇਹ ਕਾਫਰ ਹੈ, ਸ਼ਰ੍ਹਾਂ ਇਹਨੂੰ ਕਾਫਰ ਕਹਿੰਦੀ ਹੈ, ਕਾਫਰ ਕਦੇ ਵੀ ਨੇਕੀ ਨਹੀਂ ਕਰਦਾ। ਜਦ ਵੀ ਕਰੇਗਾ ਬੁਰਿਆਈ ਕਰੇਗਾ।

ਨਵਾਬ ਕਹਿਣ ਲੱਗਿਆ, ਖੋਲ੍ਹ ਕੇ ਗੱਲ ਦਸ।

ਕਹਿਣ ਲੱਗਿਆ, ਮਹਾਰਾਜ! ਜਿਸ ਜਰਨੈਲ ਦੀ ਤਲਵਾਰ ਕਾਠ ਦੀ ਹੋਵੇ, ਮੈਦਾਨ-ਏ-ਜੰਗ 'ਚ ਤੁਹਾਡੀ ਰਾਖੀ ਕਿਵੇਂ ਕਰੇਗਾ?

ਕਹਿੰਦੇ, ਗੱਲ?

ਕਹਿੰਦਾ, ਭਾਈ ਤਿਲੋਕੇ ਨੇ ਕਾਠ ਦੀ ਤਲਵਾਰ ਪਹਿਨੀ ਹੋਈ ਹੈ।

ਨਵਾਬ ਕਹਿਣ ਲੱਗਿਆ, ਹੋ ਨਹੀਂ ਸਕਦਾ। ਗੁਰੂ ਦਾ ਹੋਵੇ ਸਿੱਖ ਤੇ ਮੈਨੂੰ ਧੋਖਾ ਦੇਵੇ, ਇਹ ਹੋ ਨਹੀਂ ਸਕਦੀਆਂ ਦੋਵੇਂ ਗੱਲਾਂ। ਮੇਰਾ ਤਾਂ ਸਾਰਾ ਇਤਬਾਰ ਇਹਦੇ ਉਤੇ ਇਸ ਕਰਕੇ ਹੈ ਕਿ ਇਹ

ਗੁਰੂ ਦਾ ਸਿੱਖ ਹੈ, ਕਦੇ ਗਲਤ ਕੰਮ ਨਹੀਂ ਕਰੇਗਾ।

ਕਹਿੰਦਾ, ਮਹਾਰਾਜ! ਹੱਥ ਕੰਗਣ ਨੂੰ ਆਰਸੀ ਕੀ। ਆਪੇ ਹੀ ਤੁਸੀਂ inspection (ਪੜਤਾਲ) ਕਰ ਲਓ। ਇਹਦੀ ਜਦੋਂ ਵਾਰੀ ਆਏਗੀ, ਆਪੇ ਦੇਖ ਲਿਓ।

ਭਾਈ ਤਿਲੋਕੇ ਨੂੰ ਬੁਲਾਇਆ ਨਵਾਬ ਨੇ, ਕਹਿੰਦਾ, ਭਾਈ ਤਿਲੋਕਾ! ਇਸੇ ਵੇਲੇ, ਹੁਣੇ ਹੀ ਬਿਗਲ ਵਜਾ ਦੇ। ਸਾਰੀ ਫੌਜ ਪਰੇਡ ਗਰਾਊਂਡ ਦੇ ਵਿਚ ਇਕੱਠੀ ਕੀਤੀ ਜਾਵੇ। ਕਈ ਯੁੱਧ ਆਪਾਂ ਲੜੇ ਨੇ। ਕਈ ਹਥਿਆਰਾਂ ਦੇ ਵਿਚ ਟੱਕ ਪੈ ਗਏ, ਕਈਆਂ ਦੀਆਂ ਮੁੱਠੀਆਂ ਟੁੱਟ ਗਈਆਂ ਤੇ ਮੈਂ ਦੇਖਣਾ ਚਾਹੁੰਦਾ ਹਾਂ ਕਿ ਕਿੰਨੇ ਹਥਿਆਰ ਸਾਨੂੰ ਨਵੇਂ ਲੈਣੇ ਪੈਣਗੇ। ਉਸੇ ਵੇਲੇ ਆਪ ਦਾ ਮੱਥਾ ਠਣਕ ਗਿਆ ਕਿ ਕਿਸੇ ਨੇ ਚੁਗ਼ਲੀ ਕਰ ਦਿਤੀ ਮੇਰੀ। ਚੁਗ਼ਲੀ ਬੜੀ ਬੁਰੀ ਚੀਜ਼ ਹੁੰਦੀ ਹੈ ਸਾਧਸੰਗਤ ਜੀ। ਇਹ ਬਿਮਾਰੀਆਂ ਨੇ ਮਾਨਸਿਕ।

ਉਸ ਵੇਲੇ ਕਿਉਂਕਿ ਹੁਕਮ ਮੰਨਣਾ ਸੀ, ਜਾ ਕੇ ਬਿਗਲ ਵਜਾ ਦਿਤਾ। ਪਰ ਦੂਸਰੇ ਪਾਸੇ ਇਹ ਨਿਯਮ ਹੈ, ਜਿਹੜਾ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਨਾਲ ਖਹਿਣ ਲਗ ਜਾਵੇ, ਮਹਾਰਾਜ ਕਹਿੰਦੇ ਪਿਆਰਿਓ! ਉਹਨਾਂ ਨੂੰ ਸੁਖ ਨਹੀਂ ਮਿਲਿਆ ਕਰਦਾ –

*ਧਾਰਨਾ – ਸੁੱਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*

*ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*
*ਅੰਗ– ੩੧੬*

ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਨਵਾਬ ਦੂਸਰੇ ਜਰਨੈਲ ਨੂੰ ਕਹਿਣ ਲੱਗਿਆ ਕਿ ਦੇਖ, ਜੇ ਉਹਦੀ ਤਲਵਾਰ ਲੋਹੇ ਦੀ ਹੋਈ, ਮੈਂ ਤੈਨੂੰ ਦੰਡ ਦੇਵਾਂਗਾ। ਬੰਦੀਖਾਨੇ 'ਚੋਂ ਨਹੀਂ ਕੱਢਾਂਗਾ। ਕਹਿਣ ਲੱਗਿਆ, ਨਵਾਬ ਸਾਹਿਬ! ਤੁਸੀਂ ਤਾਂ ਦੰਡ ਦੀ ਗੱਲ ਕਰਦੇ ਹੋਂ। ਜੇ ਮੇਰੀ ਗੱਲ ਸਹੀ ਹੋਈ ਤਾਂ ਤੁਸੀਂ ਮੈਨੂੰ ਆਪ ਹੀ ਤਰੱਕੀ ਦੇਣੀ ਹੈ। ਮੈਂ ਤਾਂ ਤਰੱਕੀ ਦੀ ਆਸ ਲਾਈਂ ਬੈਠਾ। ਮੇਰਾ ਦੂਜਾ ਨੰਬਰ ਹੈ, ਸੀਨੀਅਰ ਇਹ ਹੈ। ਇਹਦਾ ਤਾਂ ਹੋ ਹੀ ਜਾਣੈ। ਕਹਿੰਦੇ, ਨਹੀਂ ਇਹ ਕਦੇ ਗਲਤ ਗੱਲ ਨਹੀਂ ਕਰ ਸਕਦਾ। ਉਹ ਕਹਿੰਦਾ, ਮਹਾਰਾਜ! ਪਰਖ ਲਓ ਤੁਸੀਂ।

ਉਸ ਵੇਲੇ ਪਰੇਡ ਗਰਾਊਂਡ ਦੇ ਵਿਚ ਸਾਰੀ ਫੌਜ ਹਾਜ਼ਰ ਹੋ ਜਾਂਦੀ ਹੈ। ਐਸਾ ਮੌਕਾ ਜਦੋਂ ਆਉਂਦੈ ਸਾਧਸੰਗਤ ਜੀ! ਉਸ ਵੇਲੇ ਸਹਾਇਤਾ ਵਾਹਿਗੁਰੂ ਜੀ ਕਰਿਆ ਕਰਦੇ ਨੇ ਆਪਣੇ ਪਿਆਰਿਆਂ ਦੀ। ਬਹੁਤ ਸਾਰੀਆਂ ਮਿਸਾਲਾਂ ਐਸੀਆਂ ਨੇ। ਬੰਦਗੀ ਕਰਨ ਵਾਲੇ ਦੀ ਮਦਦ ਕਰਨ ਆਪ ਆ ਜਾਂਦੇ ਨੇ।

ਪਿਛਲੇ ਦੀਵਾਨ 'ਚ ਦਸਿਆ ਸੀ ਕਿ ਪ੍ਰਹਿਲਾਦ ਦੀ ਮਦਦ ਕਰਨ ਵਾਸਤੇ ਪ੍ਰਮੇਸ਼ਰ ਨੇ ਆਪ ਨਰਸਿੰਗ ਦਾ ਰੂਪ ਧਾਰਿਆ –

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥ ਅੰਗ– ੪੫੧*

ਜਦੋਂ-ਜਦੋਂ ਵੀ ਭਗਤ ਦੇ ਉਤੇ ਪੀੜਾ ਆਉਂਦੀ ਹੈ, ਉਸ ਵੇਲੇ ਪ੍ਰਮੇਸ਼ਰ ਉਹਦੀ ਰਾਖੀ ਕਰਦੈ।

ਧਾਰਮਿਕ ਇਤਿਹਾਸ ਦੇ ਅੰਦਰ ਇਕ ਗੱਲ ਆਉਂਦੀ ਹੈ ਕਿ ਇਕ ਰਿਸ਼ੀ ਸੀ। ਉਹ ਇਕੱਲਾ ਹੀ ਰਹਿੰਦਾ ਹੁੰਦਾ, ਕਿਸੇ ਨੂੰ ਕੋਲ ਨਹੀਂ ਸੀ ਰੱਖਦਾ ਹੁੰਦਾ। ਇਕ ਵਾਰੀ ਐਸਾ ਹੋਇਆ ਕਿ ਹਰਨਾਂ ਦੀ ਡਾਰ ਜਾਂਦੀ ਹੈ। ਇਕ ਹਰਨ ਦਾ ਬੱਚਾ ਡਾਰ ਨਾਲੋਂ ਟੁੱਟ ਕੇ, ਇਹਦੇ ਆਸ਼ਰਮ 'ਚ ਆ ਗਿਆ। ਇਹਨੇ ਦੇਖਿਆ ਕਿ ਜੰਗਲ ਦੇ ਵਿਚ ਸ਼ੇਰ ਖਾ ਜਾਏਗਾ ਇਹਨੂੰ ਕੋਈ। ਆਪਣੇ ਕੋਲ ਰੱਖ ਲਿਆ। ਉਹਦੇ ਨਾਲ ਐਨਾ ਪਿਆਰ ਪਿਆ। ਜਦੋਂ ਇਹ ਸਮਾਧੀ 'ਚ ਬੈਠੇ, ਤਾਂ ਉਹ ਇਹਦੇ ਪੱਟਾਂ 'ਤੇ ਬੂਥੀ ਰਖ ਕੇ ਬੈਠਾ ਰਿਹਾ ਕਰੇ, ਸੌਂਵੇਂ ਤਾਂ ਕੋਲ ਬੈਠਾ ਰਿਹਾ, ਤੁਰੇ ਤਾਂ ਨਾਲ ਜਾਵੇ। ਅਖੀਰ ਜਦੋਂ ਜਵਾਨ ਹੋ ਗਿਆ। ਇਕ ਵਾਰੀ ਹਰਨਾਂ ਦੀ ਡਾਰ ਆਈ, ਉਹ ਉਸ ਡਾਰ ਦੇ ਵਿਚ ਚਲਿਆ ਗਿਆ। ਇਹਨੂੰ ਬੜਾ ਅਫਸੋਸ ਹੋਇਆ, ਅਫਸੋਸ ਦੇ ਵਿਚ ਚੜ੍ਹਾਈ ਕਰ ਗਿਆ।

ਹੁਣ ਅੰਤ ਦੇ ਵੇਲੇ ਜਿਹੋ ਜਿਹੇ ਖਿਆਲ ਹੁੰਦੇ ਨੇ, ਉਹੋ ਜਿਹਾ ਹੀ ਜਨਮ ਮਿਲਿਆ ਕਰਦੈ –

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥*
*ਅੰਗ– ੫੨੬*

ਸੱਪ ਬਣ ਜਾਂਦੈ। ਮਕਾਨਾਂ 'ਚ, ਜਾਇਦਾਦ 'ਚ ਜਿਹਦੀ ਸੁਰਤ ਹੈ, ਉਹ ਭੂਤ ਬਣਦੈ, ਪਿੰਡ ਦੇ ਵਿਚ ਹੀ, ਉਥੇ ਹੀ ਰਹਿੰਦੈ –

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ– ੫੨੬*

ਜੇ ਵਾਹਿਗੁਰੂ ਜੀ ਦਾ ਧਿਆਨ ਆਵੇ, ਸਿੱਧਾ ਸਚਖੰਡ ਨੂੰ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ ਚੜ੍ਹਾਈ ਕਰ ਗਿਆ। ਚੜ੍ਹਾਈ ਕਰਿਆ, ਹਰਨ ਦਾ ਖਿਆਲ ਸੀ, ਵਾਹਿਗੁਰੂ ਜੀ ਨੇ ਹਰਨ ਬਣਾ ਦਿਤਾ ਇਹਨੂੰ, ਪਰ ਗਿਆਨ ਅੰਦਰ ਰਿਹਾ ਕਿ ਮੈਂ ਆਹ ਗਲਤੀ ਕਰੀ ਸੀ ਤਾਂ ਮੈਨੂੰ ਹਰਨ ਦਾ ਜਨਮ ਮਿਲਿਆ। ਮੋਹ 'ਚ ਪਿਆ ਹੋਇਆ। ਮੋਹ ਬਹੁਤ ਹੀ ਬੁਰੀ ਬਿਮਾਰੀ ਹੈ। ਕਈ-ਕਈ ਜਨਮ ਇਕ-ਇਕ ਘਰ 'ਚ ਲੈਣੇ ਪੈਂਦੇ ਨੇ। ਇਹਨੂੰ ਫੇਰ ਜੂਨ ਕੱਟਣ ਤੋਂ ਬਾਅਦ ਜਦੋਂ ਅਗਲਾ

ਜਨਮ ਮਿਲਿਆ ਇਹ ਕਿਸੇ ਨਾਲ ਵੀ ਨਹੀਂ ਸੀ ਬੋਲਦਾ। ਨਾ ਮਾਂ ਨੂੰ ਮਾਂ ਕਹਿੰਦਾ ਸੀ, ਨਾ ਬਾਪ ਨੂੰ ਬਾਪ, ਨਾ ਭਾਈਆਂ ਨੂੰ ਭਾਈ। ਇਹਦਾ ਨਾਉਂ ਜੜ੍ਹ ਪੈ ਗਿਆ ਕਿ ਜੜ੍ਹ ਹੈ ਇਹ ਤਾਂ। ਨਾਉਂ ਸੀ ਭਰਤ। ਇਸੇ ਤਰ੍ਹਾਂ ਵੱਡਾ ਹੋ ਗਿਆ। ਕੋਈ ਪ੍ਰਸ਼ਾਦਾ ਦੇ ਗਿਆ, ਠੀਕ ਹੈ ਨਹੀਂ ਤਾਂ ਨਾ ਸਹੀ। ਗੱਲ ਕਰਦਾ ਹੀ ਨਹੀਂ ਸੀ ਕਿਸੇ ਨਾਲ। ਅੱਠ ਭਰਾ ਸੀਗੇ। ਇਹ ਵਾਧੂਆਂ ਵਿਚ ਹੀ ਹੋ ਗਿਆ।

ਉਸ ਦੇਸ਼ ਦੇ ਰਾਜੇ ਦੇ ਓਲਾਦ ਨਹੀਂ ਸੀ ਹੁੰਦੀ। ਤਾਂਤਰੀਆਂ ਨੇ ਕਿਹਾ ਕਿ ਮਹਾਰਾਜ! ਓਲਾਦ ਤਾਂ ਹੋ ਸਕਦੀ ਹੈ। ਪਰ ਉਹਦੇ ਵਾਸਤੇ ਅਸੀਂ ਯਤਨ ਬਹੁਤ ਕਰੇ ਨੇ। ਸਾਨੂੰ ਜੋ ਅਵਾਜ਼ ਆਈ ਹੈ ਦੇਵਤੇ ਦੀ ਉਹ ਇਹ ਆਈ ਹੈ ਕਿ 18 ਸਾਲ ਦਾ ਲੜਕਾ ਹੋਵੇ, ਮਾਂ ਬਾਪ ਖੁਸ਼ੀ ਨਾਲ ਦੇ ਦੇਣ। ਉਹ ਲੜਕਾ ਖੁਸ਼ੀ ਨਾਲ ਕਹੇ ਕਿ ਮੇਰੀ ਬਲੀ ਦੇ ਦਿਓ। ਕਹਿੰਦਾ, ਐਸਾ ਕੋਈ ਲੜਕਾ ਲੱਭ ਜਾਵੇ, ਉਹਦੀ ਬਲੀ ਦੇ ਦਿਤੀ ਜਾਵੇ ਦੇਵਤੇ ਨੂੰ। ਫੇਰ ਤੁਹਾਡੇ ਲੜਕਾ ਹੋ ਹੀ ਜਾਣੈ। ਰਾਜੇ ਨੇ ਢੰਡੋਰਾ ਫਿਰਾ ਦਿਤਾ ਕਿ ਕੋਈ ਐਸਾ ਮਾਂ-ਬਾਪ ਹੈ? ਉਹ ਵਾਧੂ ਸੀਗਾ। ਸਾਰਿਆਂ ਨੇ ਸਲਾਹ ਕਰੀ, ਮਾਂ-ਬਾਪ ਨੇ ਕਿ ਪੈਸੇ ਲੈ ਲਓ, ਦੋ ਲੱਖ ਰੁਪਿਆ ਦਿੰਦੈ ਰਾਜਾ। ਇਹ ਵਿਹਲਾ ਐਵੇਂ ਹੀ ਤੁਰਿਆ ਫਿਰਦੈ। ਉਸ ਵੇਲੇ ਲੈ ਕੇ ਚਲੇ ਗਏ ਕਿ ਮਹਾਰਾਜ! ਅਸੀਂ ਆਪਣਾ ਆਹ ਪੁੱਤਰ ਦਿੰਦੇ ਹਾਂ। ਰਾਜਾ ਕਹਿਣ ਲੱਗਿਆ ਕਿ ਦੇਖੋ, ਅਸੀਂ ਉਹ ਤਾਂ ਲੈਣੈ ਜੇ ਤੁਸੀਂ ਖੁਸ਼ੀ ਨਾਲ ਦੇਵੋਂ। ਇਹ ਵੀ ਕਹੇ ਕਿ ਮੈਂ ਖੁਸ਼ੀ ਨਾਲ ਵਿਕਦਾ ਹਾਂ। ਉਹ ਕਹਿੰਦਾ, ਹਾਂ ਮੈਂ ਵੀ ਕਰਜ਼ਾ ਲਾਹੁਣੈ ਇਹਨਾਂ ਦਾ, ਦੇ ਦਿਓ ਇਹਨਾਂ ਨੂੰ ਦੋ ਲੱਖ। ਦੋ ਲੱਖ ਰੁਪਿਆ ਦੇ ਦਿਤਾ ਗਿਆ। ਉਸ ਵੇਲੇ ਦਿਨ ਬੰਨ੍ਹਿਆ ਗਿਆ ਕਿ ਫਲਾਣੇ ਦਿਨ ਬਲੀ ਦੇਣੀ ਹੈ। ਉਸ ਵੇਲੇ ਜਿਸ ਦਿਨ ਉਹ ਦਿਨ ਆਇਆ ਕਿ ਅੱਜ ਬਲੀ ਦੇਣੀ। ਰਾਜਾ ਆਇਆ, ਕਹਿਣ ਲੱਗਿਆ, ਐ ਲੜਕੇ! ਤੇਰੀ ਬਲੀ ਦਿਤੀ ਜਾਣੀ ਹੈ ਅੱਜ ਤੇ ਤੂੰ ਨਹਾ ਲੈ। ਕਹਿਣ ਲੱਗਿਆ, ਮਹਾਰਾਜ! ਮੈਨੂੰ ਢਾਈ ਘੰਟੇ ਦਾ ਸਮਾਂ ਦੇ ਦਿਓ। ਮੈਂ ਆਹ ਨਾਲ ਲਗਦੀ ਨਦੀ 'ਚ ਇਸ਼ਨਾਨ ਕਰਨਾ ਚਾਹੁੰਦਾ ਹਾਂ। ਇਜਾਜ਼ਤ ਮਿਲ ਗਈ, ਪਹਿਰੇ ਲਗ ਗਏ, ਦੂਰ-ਦੂਰ ਕਿ ਕਿਤੇ ਚਲਿਆ ਨਾ ਜਾਵੇ। ਉਥੇ ਉਹਨੇ ਇਸ਼ਨਾਨ ਕਰਿਆ। ਇਸ਼ਨਾਨ ਕਰਕੇ ਢਾਈ ਘੰਟੇ ਬੈਠ ਕੇ ਸਿਮਰਨ ਕਰਿਆ। ਵਾਹਿਗੁਰੂ ਜੀ ਵਿਚ ਮਨ ਲਾਇਆ। ਉਸ ਤੋਂ ਬਾਅਦ ਉਠਿਆ, ਉਠ ਕੇ ਉਹਨੇ ਚਾਰ ਢੇਰੀਆਂ ਬਣਾਈਆਂ। ਫੇਰ ਉਹਦੇ ਦੁਆਲੇ ਘੁੰਮਿਆ। ਪਹਿਲੀ ਢੇਰੀ ਦੇ ਲੱਤ ਮਾਰੀ, ਦੂਸਰੀ ਢੇਰੀ ਦੇ ਦੂਸਰੇ ਚੱਕਰ 'ਚ ਲੱਤ ਮਾਰੀ। ਤੀਸਰੇ ਚੱਕਰ 'ਚ ਤੀਸਰੀ ਦੇ ਮਾਰੀ। ਚੌਥੇ ਚੱਕਰ ਦੇ ਵਿਚ ਚੌਥੀ ਢੇਰੀ ਦੇ ਅੱਗੇ ਮੱਥਾ ਟੇਕਿਆ। ਇਕ ਪ੍ਰਕਰਮਾ ਹੋਰ ਕਰਕੇ ਮੱਥਾ ਟੇਕ ਕੇ ਬਹਿ ਗਿਆ। ਰਾਜਾ ਆਪਣੇ ਮਹਿਲਾਂ 'ਚੋਂ ਦੇਖ ਰਿਹੈ ਕਿ ਇਹ ਕੀ ਕਰਦੈ। ਜਿਸ ਵਕਤ ਢਾਈ ਘੰਟੇ ਦਾ ਸਮਾਂ ਪੂਰਾ ਹੋ ਗਿਆ, ਉਹ ਤੁਰ ਕੇ ਆ ਗਿਆ। ਰਾਜੇ ਤੇ ਰਾਣੀ ਦੇ ਮਨ ਵਿਚ ਬੜਾ ਹੋਇਆ ਕਿ ਇਸ ਤੋਂ ਪੁੱਛੀਏ ਤਾਂ ਸਹੀ ਕਿ ਇਹ ਕੀ ਕਰਿਆ ਇਹਨੇ। ਜਦ ਪੁੱਛਿਆ ਕਿ ਐ ਲੜਕੇ! ਤੂੰ ਇਸ਼ਨਾਨ ਕਰਿਆ, ਉਸ ਤੋਂ ਤੂੰ ਬੈਠਿਆ, ਸਾਨੂੰ ਲਗ ਗਿਆ ਪਤਾ ਕਿ ਰੱਬ ਦੇ ਕੋਲ ਅਰਦਾਸਾਂ ਕਰਦੈ। ਤੂੰ ਇਹ ਜਿਹੜੀਆਂ ਢੇਰੀਆਂ ਬਣਾਈਆਂ ਉਹ ਕਾਹਦੇ ਵਾਸਤੇ ਬਣਾਈਆਂ? ਜਦੋਂ ਬਾਰ-ਬਾਰ ਪੁੱਛਿਆ ਤਾਂ ਕਹਿਣ ਲੱਗਿਆ, ਮਹਾਰਾਜ! ਮੈਂ ਚਾਰ ਆਸਰੇ ਤੱਕੇ ਸੀ। ਪਹਿਲਾ ਮਾਂ-ਬਾਪ ਦਾ, ਦੂਜਾ ਤੇਰਾ, ਤੀਸਰਾ ਦੇਵਤੇ ਦਾ, ਚੌਥਾ ਵਾਹਿਗੁਰੂ ਦਾ। ਨਿਰਣਾ ਕਰਨ ਲਈ ਮੈਂ ਪ੍ਰਕਰਮਾ ਕਰੀ। ਮਾਂ-ਬਾਪ ਦੀ ਢੇਰੀ ਨੂੰ ਪੁੱਛਿਆ ਕਿਸੇ ਮਾਂ-ਬਾਪ ਨੇ ਅੱਜ ਤੱਕ ਮਰਨ ਵਾਸਤੇ ਵੇਚਿਆ ਨਹੀਂ ਹੈ। ਤੁਸੀਂ ਧਨ ਲੇ ਕੇ ਐਨੇ ਪਿਆਰੇ ਆਪਣੇ ਪੁੱਤਰ ਨੂੰ ਵੇਚ ਦਿਤਾ। ਮੇਰੀ ਕੀ ਸਹਾਇਤਾ ਕਰੋਂਗੇ। ਕਹਿੰਦਾ, ਫੇਰ ਮੈਂ ਸਾਰੇ ਰਿਸ਼ਤੇਦਾਰ ਯਾਦ ਕੀਤੇ ਪਰ ਇਕ ਵੀ ਰਿਸ਼ਤੇਦਾਰ ਐਸਾ ਨਹੀਂ ਨਿਕਲਿਆ ਜਿਹਨਾਂ ਨੇ ਮੇਰੇ ਮਾਂ-ਬਾਪ ਨੂੰ ਸਮਝਾਇਆ ਹੋਵੇ। ਭਰਾ ਵੀ ਵੈਰੀ ਹੋ ਗਏ, ਮਾਂ ਵੀ ਵੈਰੀ ਹੋ ਗਈ। ਰਿਸ਼ਤੇਦਾਰ ਵੀ ਵੈਰੀ ਹੋ ਗਏ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਭੈਣਾਂ ਤੇ ਭਾਈ ਜੀ,*
*ਲਾਗੂ ਸਭ ਦੁਸ਼ਮਣ ਬਣ ਗਏ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥*

*ਅੰਗ- ੭੦*

ਹੇ ਰਾਜਨ! ਕੋਈ ਵੀ ਆਸਰਾ ਨਾ ਰਿਹਾ ਮੇਰਾ। ਜਿਹਦੇ ਨਾਲ ਭਾਈਚਾਰਾ, ਨਜਾਇਜ਼ ਕਰਨ, ਲੋਕ ਨਜਾਇਜ਼ ਕਰਨ, ਫੇਰ ਉਹ ਰਾਜੇ ਕੋਲ ਜਾਂਦੈ, ਅਰਜ਼ੀ ਪੱਤਰ ਦਿੰਦੈ, ਉਹਦੀ ਸੁਣੀ ਜਾਂਦੀ ਹੈ। ਸੋ ਮੈਂ ਤੇਰੀ ਢੇਰੀ ਕੋਲ ਆ ਕੇ ਕਿਹਾ ਕਿ ਤੂੰ ਤਾਂ ਆਪ ਹੀ ਮੇਰੇ ਪ੍ਰਾਣਾਂ ਦਾ ਭੁੱਖਾ ਹੈਂ। ਤੂੰ ਮੈਨੂੰ ਮੁੱਲ ਲਿਆ ਹੀ ਮਾਰਨ ਵਾਸਤੇ ਹੈ। ਤੇਰਾ ਕਾਹਦਾ ਆਸਰਾ? ਮੈਂ ਤੇਰੀ ਢੇਰੀ ਵੀ ਢਾਹ ਦਿਤੀ। ਲੋਕੀ ਦੇਵਤਾ 'ਤੇ ਆਸ ਰਖਦੇ ਨੇ, ਦੇਵਤਾ ਵੀ ਮੇਰੇ ਖੂਨ ਦਾ ਪਿਆਸਾ ਹੈ, ਮੈਂ ਲੱਤ ਮਾਰ ਕੇ ਉਹਦੀ ਢੇਰੀ ਵੀ ਢਾਹ ਦਿਤੀ। ਹੁਣ ਮਹਾਰਾਜ ਇਕ ਢੇਰੀ ਰਹਿ ਗਈ ਉਹ ਰਹਿ ਗਈ, ਜਿਹੜਾ ਸਾਰਿਆਂ ਦਾ ਆਸਰਾ ਹੈ। ਜਿਹਦਾ ਕੋਈ ਨਾ ਹੋਵੇ -

*ਨਾਥ ਅਨਾਥਾਂ ਬਾਣ ਧੁਰਾਂਦੀ। ਭਾਈ ਗੁਰਦਾਸ ਜੀ*

ਜਿਹਦਾ ਕੋਈ ਨਾ ਸੰਸਾਰ 'ਤੇ - ***"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥"*** ਮਹਾਰਾਜ ਮੈਂ ਫੇਰ ਪ੍ਰਕਰਮਾ ਕੀਤੀ, ਸਾਮ੍ਹਣੇ ਖੜ੍ਹੇ ਹੋ ਕੇ ਉਸ ਵੇਲੇ ਬੇਨਤੀ ਕੀਤੀ -

*ਧਾਰਨਾ – ਹੋਰ ਸਾਰੀਆਂ ਢੇਰੀਆਂ ਢਾਹ ਕੇ,*
*ਤੇਰੀ ਢੇਰੀ ਰੱਖੀ ਮਾਲਕਾ।*
*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ।*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।*

ਰਾਜਨ! ਜਿਸਦਾ ਦੁਨੀਆਂ ਵਿਚ ਕੋਈ ਨਾ ਹੋਵੇ, ਉਹਦਾ ਵਾਹਿਗੁਰੂ ਬਣ ਜਾਂਦਾ ਹੈ ਕਿਉਂਕਿ ਉਹਦਾ ਸੁਭਾਅ ਹੈ, ਅਨਾਥ ਬੰਦਿਆਂ ਦੀ ਮਦਦ ਕਰਨੀ,ਵਾਹਿਗੁਰੂ ਦੀ ਧੁਰ ਤੋਂ ਆਦਤ ਹੈ। ਮੈਂ ਆਪਣੇ ਮਾਲਕ ਨਾਲ ਦੋ ਗੱਲਾਂ ਕੀਤੀਆਂ ਸੀ।

ਉਸ ਵੇਲੇ ਐਸੀ ਪ੍ਰੇਰਨਾ ਹੋਈ, ਰਾਜੇ ਦਾ ਮਨ ਵੀ ਦਰੱਵ ਗਿਆ। ਰਾਣੀ ਦੇ ਹੰਝੂ ਆਉਣ ਲਗ ਪਏ। ਕਹਿਣ ਲੱਗੀ, ਦੇਖੋ ਰਾਜਨ! ਬੇਗਾਨਾ ਪੁੱਤ ਮਾਰ ਕੇ ਆਪਾਂ ਪੁੱਤਰ ਚਾਹੁੰਦੇ ਹਾਂ। ਇਹ ਤਾਂ ਪਾਖੰਡੀ ਲੋਕ ਨੇ ਸਾਰੇ। ਜੇ ਆਪਣੀ ਕਿਸਮਤ ਵਿਚ ਹੋਏਗਾ, ਵਾਹਿਗੁਰੂ ਆਪੇ ਹੀ ਦੇ ਦੇਵੇਗਾ। ਬੱਚੇ ਦਾ ਕਿਉਂ ਘਾਤ ਕਰਦੇ ਹਾਂ। ਉਸੇ ਵੇਲੇ ਕਹਿਣ ਲੱਗੇ, ਬੇਟਾ! ਜਾਹ ਤੂੰ। ਬੜਾ ਵੱਡਾ ਰਿਸ਼ੀ ਹੋਇਐ, ਜੜ੍ਹ ਭਰਤ ਜਿਸਨੂੰ ਆਖਿਆ ਜਾਂਦੈ।

ਸੋ ਇਸ ਤਰ੍ਹਾਂ ਦੇ ਨਾਲ ਜਿਹਦਾ ਕੋਈ ਆਸਰਾ ਨਾ ਹੋਵੇ ਤੇ ਬਿਪਤਾ ਦੇ ਵਿਚ ਫਸ ਜਾਵੇ, ਉਸੇ ਵੇਲੇ ਆਪਣਾ ਯਾਦ ਆਇਆ ਕਰਦੈ।

ਜਿਸ ਵਕਤ ਪਰੇਡ ਦੇ ਵਿਚ ਖੜ੍ਹ ਗਏ, ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਹੁਣ ਤਾਂ ਕੁਛ ਵੀ ਨਹੀਂ ਹੋ ਸਕਦਾ। ਮੈਂ ਬਦਲਾਅ ਵੀ ਨਹੀਂ ਸਕਦਾ। ਇਸ ਵੇਲੇ ਜੇ ਮੇਰੀ ਕੋਈ ਸਹਾਇਤਾ ਕਰ ਸਕਦੈ ਤਾਂ ਮੇਰਾ ਗੁਰੂ ਕਰ ਸਕਦੈ। ਹੋਰ ਕੋਈ ਨਹੀਂ ਕਰ ਸਕਦੈ।

ਉਸ ਵੇਲੇ ਆਪ ਸਾਵਧਾਨ ਹੋਏ। ਅੰਤਰ ਆਤਮੇ ਗੁਰੂ ਦੇ ਚਰਨਾਂ ਨਾਲ ਸੁਰਤ ਜੋੜੀ ਤੇ ਮਨੋ ਤਨੋ ਹੋ ਇਸ ਤਰ੍ਹਾਂ ਬੇਨਤੀ ਕਰਦੇ ਨੇ। ਇਸ ਤਰ੍ਹਾਂ ਪੜ੍ਹੋ ਪਿਆਰ ਨਾਲ –

*ਧਾਰਨਾ – ਜਿਵੇਂ ਰੱਖੀ ਸੀ ਦਰੋਪਤੀ ਦੀ ਆ ਕੇ,*
*ਏਵੇਂ ਮੇਰੀ ਲਾਜ ਰੱਖ ਲੈ।*

ਹੇ ਪ੍ਰਭੂ! ਉਸ ਵਿਚਾਰੀ ਅਬਲਾ ਨੂੰ ਖਿੱਚ ਕੇ ਲੈ ਆਏ। ਹੁਕਮ ਹੋ ਗਿਆ ਕਿ ਉਹਦੇ ਕੱਪੜੇ ਲਾਹ ਦਿਓ, ਭਰੀ ਸਭਾ ਵਿਚ। ਉਸ ਵੇਲੇ ਤੈਨੂੰ ਜਦੋਂ ਅਵਾਜ਼ ਦਿਤੀ ਤੂੰ ਉਹਦੀ ਰੱਖਿਆ ਕਰੀ। ਇਵੇਂ ਮੈਂ ਤੇਰਾ ਸਿੱਖ ਹਾਂ। ਬੜੀ ਭਾਰੀ ਬਦਨਾਮੀ ਹੋਵੇਗੀ ਕਿ ਸਿੱਖ ਹੋ ਕੇ ਇਸ ਨੇ ਲੋਹੇ ਦੀ ਤਲਵਾਰ ਛੱਡ ਕੇ ਕਾਠ ਦੀ ਪਹਿਨ ਲਈ। ਹੇ ਪਾਤਸ਼ਾਹ! ਹੁਣ ਤਾਂ ਤੂੰ ਲਾਜ ਰੱਖੀਂ, ਚਰਨਾਂ ਦੇ ਨਾਲ ਜੁੜਿਆ ਹੋਇਐ, ਗੁਰੂ ਸਾਖਸ਼ਾਤ ਹੋ ਕੇ ਆਪ ਹੀ ਕੋਈ ਕਲਾ ਵਰਤਾਏਗਾ। ਉਸ ਵੇਲੇ ਆਵਾਜ਼ ਆਈ, ਭਾਈ ਤਿਲੋਕਾ! ਘਬਰਾ ਨਾ, ਵਾਹਿਗੁਰੂ ਕਹਿ ਕੇ ਸ੍ਰੀ ਸਾਹਿਬ ਖਿੱਚ ਲੈ ਬਾਹਰ, ਜਦੋਂ ਨਵਾਬ ਆਇਆ, ਵਾਹਿਗੁਰੂ ਕਹਿ ਕੇ ਐਸੀ ਖਿੱਚੀ, ਐਨੀ ਚਮਕ ਹੋਈ ਤਲਵਾਰ ਦੀ ਕਿ ਦੋ ਕਦਮ ਪਿੱਛੇ ਹਟ ਗਿਆ ਉਹ। ਕਹਿਣ ਲੱਗਿਆ, ਹੈਂ! ਭਾਈ ਤਿਲੋਕਾ ਐਸਾ ਸ਼ਸਤਰ ਤਾਂ ਮੈਂ ਅੱਜ ਤਕ ਨਹੀਂ ਦੇਖਿਆ। ਇਹ ਇਸਪਾਤ ਕਿੰਨਾ ਚਮਕਦਾਰ ਹੈ, ਜਿਹੋ ਜਿਹੀ ਬਿਜਲੀ ਚਮਕੀ, ਓਹੋ ਜਿਹੀ ਤੇਰੀ ਤਲਵਾਰ ਚਮਕੀ। ਉਸੇ ਵੇਲੇ ਜੈ-ਜੈਕਾਰ ਹੋ ਗਈ ਸਾਧਸੰਗਤ ਜੀ। ਉਹ ਨਾਲ ਖੜ੍ਹਾ ਸੀ ਜਿਹਨੇ ਚੁਗਲੀ ਕੀਤੀ ਸੀ। ਨਵਾਬ ਨੇ ਦੇਖਿਆ, ਕਹਿਣ ਲੱਗੇ, ਕਿਉਂ ਬਈ! ਹੁਣ ਦਸ? ਕਹਿੰਦਾ ਲੈ ਭਾਈ ਤਿਲੋਕਾ! ਤੇਰੀ ਮੈਂ ਅੱਜ ਤੋਂ ਬਾਅਦ ਦੁੱਗਣੀ ਤਨਖਾਹ ਕਰਦਾਂ।

ਦੂਜੇ ਜਰਨੈਲ ਨੂੰ ਕਹਿਣ ਲੱਗਿਆ ਕਿ ਤੂੰ ਮੇਰੇ ਵਿਸ਼ਵਾਸ਼ਯੋਗ ਜਰਨੈਲ ਦੀ ਆ ਕੇ ਚੁਗਲੀ ਕਰੀ। ਤੂੰ ਰਹਿੰਦੀ ਉਮਰ ਜੇਲ੍ਹਖਾਨੇ ਵਿਚ ਰਹੇਂਗਾ। ਕਾਲਾ ਮੂੰਹ ਕਰਕੇ ਸਾਰੀ ਫੌਜ ਦੇ ਸਾਮ੍ਹਣੇ ਘੁੰਮਾਇਆ। ਫੇਰ ਨੌਕਰੀ 'ਚੋਂ ਕੱਢ ਦਿਤਾ। ਜੇਲ੍ਹ ਦੇ ਵਿਚ ਉਹਨੇ ਦਿਨ ਕੱਟਣੇ ਪਏ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਸੋ ਦੁਖ ਕੈਸਾ ਪਾਵੇ ਜਿਸਦਾ ਰਾਖਾ ਹੈ ਪ੍ਰਮਾਤਮਾ।*

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥* *ਅੰਗ- ੭੪੯*

ਸੋ ਨਾਮ ਜੋ ਹੈ ਉਸ ਵੇਲੇ ਸਹਾਇਤਾ ਕਰਦੈ ਜਦੋਂ ਕਿਤੇ ਹੱਥ ਨਾ ਪਹੁੰਚਦਾ ਹੋਵੇ। ਮਹਾਰਾਜ ਨੇ ਬਹੁਤ ਮਿਸਾਲਾਂ ਦਿਤੀਆਂ ਹਨ –

*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥* *ਅੰਗ- ੬੩੨*

ਹਾਥੀ ਡੁੱਬ ਰਿਹੈ, ਲੇਕਿਨ ਇਕ ਅਵਾਜ਼ ਰਾਮ ਦੀ ਦਿਤੀ ਹੈ ਉਸੇ ਵੇਲੇ ਤੰਦੂਏ ਨੇ ਆ ਕੇ ਤੰਦ ਕੱਟ ਦਿਤੇ। ਸੋ ਇਸ ਤਰ੍ਹਾਂ ਸਾਧਸੰਗਤ ਜੀ! ਔਖੇ ਵੇਲੇ ਇਥੇ ਵੀ ਤੇ ਦਰਗਾਹ ਵਿਚ ਨਾਮ ਨੇ ਸਹਾਇਤਾ ਕਰਨੀ ਹੈ। ਉਹ 'ਨਾਮ' ਮਿਲਦਾ ਕਿੱਥੋਂ ਹੈ? ਗੁਰੂ ਤੋਂ ਮਿਲਦੈ। ਗੁਰੂ ਘਰ ਵਿਚ ਸਾਨੂੰ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛਕਣਾ ਪੈਂਦੈ, ਉਹ ਵਾਹਿਗੁਰੂ ਮੰਤਰ ਦਿੰਦੇ ਨੇ। ਵਾਹਿਗੁਰੂ ਮੰਤਰ ਦੀ ਘਾਲ ਕਮਾਈ ਦੇ ਨਾਲ ਨਾਮ ਜੋ ਇਸ ਸਰੀਰ ਦੇ ਅੰਦਰ ਹੈ ਉਹ ਪ੍ਰਗਟ ਹੋ ਜਾਇਆ ਕਰਦੈ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 722 ਦੀ ਬਾਕੀ)***

# ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਧਾਰਨਾ – ਏਕੋ ਕਹੀਐ ਨਾਨਕਾ,*
*ਪਿਆਰੇ ਦੂਜਾ ਕਾਹੇ ਕੂ।*
*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*

*ਅੰਗ – ੧੨੯੧*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਜੋ ਆਪਾਂ ਸ਼ਬਦ ਪੜ੍ਹਿਆ ਹੈ, ਇਹ ਗੁਰਮਤਿ ਦਾ ਸਿਧਾਂਤ ਹੈ, ਜੋ ਸਾਡੀ ਮੰਜ਼ਲ ਹੈ। ਜਿਸ ਰਾਹੀਂ ਨੂੰ ਇਹ ਨਹੀਂ ਪਤਾ ਕਿ ਮੈਂ ਕਿੱਥੇ ਜਾ ਕੇ ਠਹਿਰਨਾ ਹੈ, ਮੇਰੀ ਮੰਜ਼ਿਲ ਕਿਹੜੀ ਹੈ। ਉਹ ਤਾਂ ਅਨਜਾਣ ਹੋਇਆ ਨਾ। ਪਤਾ ਹੀ ਨਹੀਂ ਕਿ ਕਿੱਥੇ ਜਾ ਕੇ ਠਹਿਰਨਾ ਹੈ। ਸਾਡੀ ਜੋ ਮੰਜ਼ਿਲ ਹੈ, ਜਿਸ ਅਵਸਥਾ ਵਿਚ ਵੀ ਅਸੀਂ ਬੈਠੇ ਹਾਂ, ਕਾਰੋਬਾਰ ਵਿਚ, ਬਾਲ ਬੱਚਿਆਂ ਵਿਚ, ਖੇਤੀਆਂ–ਬਾੜੀਆਂ, ਨੌਕਰੀਆਂ ਚਾਕਰੀਆਂ, ਕਿਹੋ ਜਿਹੀ ਚਾਹੇ ਸਾਡੀ ਮੱਤ ਹੈ, ਦਵੈਤ ਵਿਚ ਫਸੇ ਹੋਏ ਹਾਂ। ਵੈਰ–ਵਿਰੋਧ ਵਿਚ ਫਸੇ ਹੋਏ ਹਾਂ। ਲੋਭ, ਮੋਹ, ਅਭਿਮਾਨ ਸਾਨੂੰ ਤੰਗ ਕਰ ਰਿਹਾ ਹੈ। ਕਿਸੇ ਵਾਸਤੇ ਬੰਧਸ਼ ਨਹੀਂ ਹੈ, ਮੰਜ਼ਿਲ ਵਲ ਨੂੰ ਜਿਹੜਾ ਤੁਰ ਪਿਆ, ਮੰਜ਼ਿਲ ਤਾਂ ਪ੍ਰਾਪਤ ਹੋਣੀ ਹੈ, ਜੇ ਬਿਲਕੁਲ ਸਹੀ ਹੋ ਕੇ ਚਲਦਾ ਰਹੇਗਾ। ਨਹੀਂ ਤਾਂ ਨਹੀਂ ਹੁੰਦੀ। ਸੋ ਮੰਜ਼ਿਲ ਜੋ ਸਾਡੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ, ਪਹਿਲਾਂ ਜਿਥੋਂ ਸ਼ੁਰੂ ਹੁੰਦੈ ਮੰਗਲਾਚਰਣ ਤੋਂ ਬਾਅਦ, ਜਪੁ ਜਿਥੇ ਲਿਖਿਆ ਹੈ ਮਹਾਰਾਜ ਨੇ ਇਹ ਸਾਡੀ ਮੰਜ਼ਿਲ ਹੈ। ਰੋਜ਼ ਜਪੁਜੀ ਸਾਹਿਬ ਪੜ੍ਹਦੇ ਹਾਂ ਆਪਾਂ। ਆਪਾਂ ਸਾਧਾਰਣ ਬੰਦੇ ਹਾਂ, ਵੱਡੇ–ਵੱਡੇ ਪੜ੍ਹੇ ਲਿਖੇ ਹੋਏ, ਪੀਐਚ.ਡੀ. ਡਾਕਟਰੇਟਾਂ ਕੀਤੀਆਂ ਹੋਈਆਂ। ਪ੍ਰੋਫੈਸਰ, ਬੱਚਿਆਂ ਨੂੰ ਪੜ੍ਹਾਉਣ ਵਾਲੇ। ਸਾਡੇ ਹੀ ਆਪਣੇ ਮੈਗਜ਼ੀਨ ਦੇ ਜਿਹੜੇ ਡਾ. ਜਗਜੀਤ ਸਿੰਘ ਜੀ ਨੇ 11 ਸਾਲ ਉਹਨਾਂ ਨੇ ਬੱਚਿਆਂ ਨੂੰ ਗੁਰਮਤਿ ਦੀ ਪੜ੍ਹਾਈ ਕਰਾਈ। ਇਕ ਦਿਨ ਮੈਂ ਪੁੱਛ ਬੈਠਿਆ, ਮੈਂ ਕਿਹਾ, ਡਾਕਟਰ ਸਾਹਿਬ! ਤੁਹਾਨੂੰ ਪਤਾ ਹੈ ਕਿ ਆਪਣੀ ਮੰਜ਼ਿਲ ਕਿੱਥੇ ਹੈ? ਕਈ ਗੱਲਾਂ ਉਨ੍ਹਾਂ ਨੇ ਕਰਨ ਤੋਂ ਬਾਅਦ ਕਹਿਣ ਲੱਗੇ, ਮੈਨੂੰ ਤਾਂ ਕੁਛ ਸਮਝ ਨਹੀਂ ਆਉਂਦੀ। ਮੈਂ ਕਿਹਾ, ਤੁਸੀਂ ਗੁਰਮਤਿ ਦੀ ਪੜ੍ਹਾਈ ਕਰਾਈ ਗਏ 11 ਸਾਲ, ਉਹ ਕਹਿੰਦੇ, ਉਹ ਹੋਰ ਪੜ੍ਹਾਈ ਹੈ, ਆਹ ਤੁਹਾਡੇ ਵਾਲੀ ਪੜ੍ਹਾਈ ਨਹੀਂ ਅਸੀਂ ਕਰਾ ਸਕਦੇ। ਮੈਂ ਕਿਹਾ, ਸ੍ਰੀ ਗੁਰੂ ਨਾਨਕ ਸਾਹਿਬ ਨੇ ਤਾਂ ਛੁਪਾ ਕੇ ਕੁਛ ਨਹੀਂ ਰੱਖਿਆ। ਉਹਨਾਂ ਨੇ ਸਾਫ–ਸਾਫ ਲਿਖ ਦਿਤਾ। ਜਿਥੇ ਮੂਲਮੰਤ੍ਰ ਦਸਿਆ ਹੈ, ਉਥੇ ਨਾਲ ਹੀ ਮਹਾਰਾਜ ਨੇ ਕਹਿ ਦਿਤਾ –

*ਜਪੁ*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਕਹਿੰਦੇ, ਇਹਦੇ ਅਰਥ ਤਾਂ ਮੈਨੂੰ ਆਉਂਦੇ ਨੇ। ਮੈਂ ਕਿਹਾ, ਤੁਸੀਂ ਜਾਣੇ ਨੇ, ਬੁੱਝੇ ਨਹੀਂ ਹੈਗੇ। ਜਾਨਣ ਅਤੇ ਬੁੱਝਣ ਵਿਚ ਫਰਕ ਹੈ। ਇਥੋਂ ਅਸੀਂ ਨਕਸ਼ਾ ਦੇਖ ਲਈਏ। ਰੇਲਵੇ ਲਾਈਨਾਂ ਦੇਖ ਲਈਏ, ਸੜਕ ਦਾ ਨਕਸ਼ਾ ਦੇਖ ਲਈਏ। ਦਰਿਆ ਦੇਖ ਲਈਏ, ਕਲਕੱਤੇ ਬਾਰੇ ਕੁਝ ਅਨੁਮਾਨ ਹੋ ਜਾਏਗਾ ਕਿ ਇਹੋ ਜਿਹਾ ਹੈਗਾ। ਬੰਬਈ ਦਾ ਨਕਸ਼ਾ ਦੇਖ ਲਈਏ, ਸਮੁੰਦਰ ਵਿਚ ਨਜ਼ਰ ਆਏਗਾ, ਅਬਾਦੀਆਂ ਨਜ਼ਰ ਆਉਣਗੀਆਂ ਪਰ ਬੁੱਝਿਆ ਤਾਂ ਹੈ ਨਹੀਂ। ਬੁੱਝਿਆ ਤਾਂ ਉਹਨੇ ਹੈ ਜਿਹੜਾ ਬੰਬਈ ਪਹੁੰਚ ਗਿਆ, ਉਹਨੇ ਜਾਣ ਲਿਆ ਸਭ ਕੁਛ। ਜੇ ਬੁੱਝਦੇ ਨਹੀਂ ਹਾਂ ਤਾਂ ਮਹਾਰਾਜ ਕਹਿੰਦੇ, ਪਿਆਰਿਓ! ਤੁਹਾਡਾ ਦਰਜਾ ਮਨੁੱਖ ਦਾ ਵੀ ਨਹੀਂ ਹੈ। ਸਾਧਾਰਣ ਮਨੁੱਖ ਵੀ ਨਹੀਂ ਹੋ ਤੁਸੀਂ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ – ੨੫੧*

ਦੋਵੇਂ ਲਾਈਨਾਂ ਨੇ ਵੱਧ ਤਾਂ ਹੈ ਨਹੀਂ – ***'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'*** ਜੇ ਤਾਂ ਬੁਝ ਲਿਆ ਤਾਂ, ਤਾਂ ਤੁਸੀਂ ਪ੍ਰਮੇਸ਼ਰ ਬਣ ਗਏ। ਜੇ ਨਾ ਬੁੱਝਿਆ ਕੇਵਲ ਗਿਆਨੀ ਰਹੇ ਤਾਂ ਮੁਰਦੇ ਹੋਵੋਂਗੇ। ਕਿਉਂਕਿ ਜਿਸਦੇ ਮਨ ਵਿਚ ਨਹੀਂ ਵਸਿਆ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*

*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ - ੧੪੨*

ਸਿੱਧਾ ਮਤਲਬ ਹੈ, ਸਾਰੇ ਜਾਣਦੇ ਹੋਂ ਤੁਸੀਂ। ਕਿਹੜਾ ਬੰਦਾ ਹੈ ਇਹਦਾ ਅਰਥ ਨਹੀਂ ਜਾਣਦਾ। ਪਰ ਅਸਲੀ ਅਰਥ ਸਮਝ 'ਚ ਨਹੀਂ ਆਉਂਦਾ। ਅਸਲੀ ਅਰਥ ਓਨੀਂ ਦੇਰ ਤਕ ਸਮਝ ਵਿਚ ਨਹੀਂ ਆਉਂਦਾ, ਜਿੰਨੀ ਦੇਰ ਤਕ ਤੱਤ ਬੇਤੇ ਮਹਾਂਪੁਰਸ਼ ਤੋਂ ਚਾਬੀ ਨਹੀਂ ਲਈ ਜਾਂਦੀ। ਖੁਲ੍ਹਦਾ ਨਹੀਂ ਇਹ। ਆਪਣੇ ਆਪ ਰੂਹਾਨੀ ਮਾਰਗ ਕੋਈ ਦੁਨੀਆਂ 'ਚ ਅੱਜ ਤਕ ਨਹੀਂ ਆਇਆ, ਜਿਹੜਾ ਤਹਿ ਕਰੇ ਕਿਉਂਕਿ ਮਹਾਰਾਜ ਨੇ ਫੁਰਮਾਨ ਕਰ ਦਿਤਾ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥* *ਅੰਗ - ੨੦੫*

ਅਸੀਂ ਕਹੀਏ ਕਿ ਅਸੀਂ ਵੇਦ ਪੜ੍ਹ ਲਵਾਂਗੇ, ਫਿਲਾਸਫੀਆਂ ਪੜ੍ਹ ਲਵਾਂਗੇ। ਫੇਰ ਵੀ ਸਾਨੂੰ ਇਹਦਾ ਅਰਥ ਨਹੀਂ ਆਏਗਾ? ਮਹਾਰਾਜ ਕਹਿੰਦੇ, ਬਿਲਕੁਲ ਨਹੀਂ -

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥* *ਅੰਗ - ੧*

ਜਿੰਨਾਂ ਜੀਅ ਕਰਦੈ ਪੜ੍ਹ ਲੈ। ਆਹ ਅਰਥ ਨਹੀਂ ਸਮਝ ਵਿਚ ਆਉਂਦਾ। ਕਿਉਂਕਿ ਸਮਝ ਤੋਂ ਪਰ੍ਹੇ ਹੈ ਇਹਦਾ ਅਰਥ। ਚਾਹੇ ਚੁੱਪ ਕਰ ਰਹਿ, ਚਾਹੇ ਭੋਗਾਂ ਦੇ ਵਿਚ ਪੈ ਕੇ ਮਨ ਨੂੰ ਰਿਝਾਉਣ ਦਾ ਯਤਨ ਕਰ ਲੈ ਤੇ ਹਜ਼ਾਰਾਂ ਸਿਆਣਪਾਂ ਤੇਰੇ ਕੋਲ ਹੋਣ, ਤਰਕਾਂ-ਵਿਤਰਕਾਂ ਮਹਾਰਾਜ ਕਹਿੰਦੇ, ਬਿਲਕੁਲ ਨਹੀਂ -

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥*
*ਅੰਗ - ੧*

ਹੁਣ ਇਹਦੇ 'ਚ ਦੋ ਗੱਲਾਂ ਨੇ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਅੰਗ - ੧*

ਅਸੀਂ ਇਸ ਸੱਚ ਨੂੰ ਜਾਣ ਕੇ ਸਚਿਆਰੇ ਕਿਵੇਂ ਹੋਈਏ? ਸਚਿਆਰਾ ਹੋਣਾ ਬਈ ਰੱਬ ਦਾ ਰੂਪ ਕਿਵੇਂ ਬਣੀਏ? ਕਿਉਂਕਿ ਓਹ ਸੱਚ ਹੈ, ਬਾਕੀ ਸੱਚ ਨਹੀਂ ਹੈ ਇਥੇ ਕੁਝ ਵੀ। ਫੇਰ ਆਹ ਜਿਹੜੀ ਕੂੜ ਦੀ ਕੰਧ ਸਾਡੇ ਅਤੇ ਪ੍ਰਮੇਸ਼ਰ ਦੇ ਵਿਚਾਲੇ ਪੈ ਗਈ, ਇਹ ਟੁੱਟੇ ਕਿਵੇਂ?

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ - ੧੨੬੩*

ਕੰਧ ਬੜੀ ਕਰਾਰੀ ਬਣ ਗਈ, ਸਾਡੇ ਅਤੇ ਰੱਬ ਦੇ ਵਿਚ। ਰੱਬ ਨਾਲ ਹੀ ਹੈ, ਕਿਸੇ ਤੋਂ ਦੂਰ ਨਹੀਂ ਹੈ। ਜੇ ਇਥੇ ਕਹਿ ਦਿਤਾ ਜਾਵੇ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੈ ਨਹੀਂ ਕੁਛ ਵੀ, ਇਹ ਵੀ ਠੀਕ ਹੈ। ਪਰ ਇਹ ਗੱਲ ਸਮਝ ਵਿਚ ਨਹੀਂ ਆ ਸਕਦੀ, ਜਦੋਂ ਤਕ ਚਾਬੀ ਨਹੀਂ ਲਗਦੀ। ਅਕਲ ਦੀ ਤਾਂ ਇਹ ਗੱਲ ਹੀ ਨਹੀਂ ਹੈ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥* *ਅੰਗ - ੧੪੮*

ਬੁੱਝਣਾ ਪੈਂਦਾ ਹੈ। ਬੁੱਝ ਨਹੀਂ ਹੁੰਦਾ, ਪੂਰੇ ਸਤਿਗੁਰੂ ਤੋਂ ਬਗੈਰ। ਹਉਮੈ ਦੀ, ਕੂੜ ਦੀ ਕੰਧ ਨਹੀਂ ਟੁੱਟਦੀ। ਬੜੇ-ਬੜੇ ਜ਼ੋਰ ਲਾ ਕੇ ਸੰਸਾਰ ਤੋਂ ਚਲੇ ਗਏ। ਸੋ ਇਹ ਚੀਜ਼ ਸਾਨੂੰ ਸਮਝਣੀ ਪੈਣੀ ਹੈ, ਸਾਧਸੰਗਤ ਜੀ! ਗੁਰਬਾਣੀ, ਮਹਾਂਪੁਰਸ਼ ਬਿਲਕੁਲ ਸਾਫ ਸੁਥਰੀਆਂ ਗੱਲਾਂ ਕਰਦੇ ਨੇ। ਲਕੋ ਕੇ ਨਹੀਂ ਰਖਦੇ ਕੋਈ ਗੱਲ ਕਿ ਆਹ ਛੁਪੀ ਹੋਈ ਹੈ ਕਿ ਕਿਸੇ ਖਾਸ ਬੰਦੇ ਨੂੰ ਦਸਣੀ ਹੈ। ਉਹ ਤਾਂ ਸਾਰਿਆਂ ਦੇ ਸਾਮ੍ਹਣੇ ਦਸਦੇ ਨੇ, ਲੇਕਿਨ ਉਹਨੂੰ ਫੜ ਨਹੀਂ ਸਕਦਾ, ਖਾਸ ਬੰਦਾ ਹੀ ਫੜੇਗਾ। ਮਹਾਂਪੁਰਸ਼ ਨਹੀਂ ਛੁਪਾਉਂਦੇ, ਜੇ ਛੁਪਾਉਣਾ ਹੁੰਦਾ ਗੁਰੂ ਸਾਹਿਬ ਛੁਪਾ ਲੈਂਦੇ। ਉਹਨਾਂ ਨੇ ਪਹਿਲਾਂ ਜਿਥੇ ਸ਼ੁਰੂ ਹੁੰਦਾ ਹੈ ਸਭ ਕੁਝ, ਉਥੇ ਹੀ ਇਹ ਕਹਿ ਦਿਤਾ ਕਿ ਜਦੋਂ ਕੁਛ ਵੀ ਨਹੀਂ ਸੀ ਉਸ ਵੇਲੇ ਵੀ ਉਹ ਸੱਚ ਸੀਗਾ। ਵਾਹਿਗੁਰੂ ਸੀ। ਜਦੋਂ ਸਮਾਂ ਅਤੇ ਖਲਾਅ ਬਣਿਆ ਉਸ ਵੇਲੇ ਵੀ ਵਾਹਿਗੁਰੂ ਆਪ ਹੀ ਸੀਗਾ। ਹੁਣ ਜਦੋਂ ਰਚਨਾ ਰਚੀ ਗਈ, ਇਥੇ ਪੈ ਗਿਆ ਭੁਲੇਖਾ। ਭੁਲੇਖਾ ਇਹ ਪੈ ਗਿਆ, ਬਹੁਤ ਸਾਰੇ ਵਿਚਾਰਵਾਨਾਂ ਨੇ ਕਿਹਾ ਕਿ ਨਹੀਂ, ਨਿਰਾ ਵਾਹਿਗੁਰੂ ਨਹੀਂ ਹੈ। ਉਹਦੇ ਨਾਲ ਮਾਇਆ ਵੀ ਹੈਗੀ। ਪ੍ਰਕ੍ਰਿਤੀ ਵੀ ਉਹਦੇ ਨਾਲ ਹੈਗੀ। ਕਈਆਂ ਨੇ ਤਾਂ ਇਹ ਲਿਖ ਦਿਤਾ ਕਿ ਅਗਿਆਨ ਛੁਪਿਆ ਹੋਇਆ ਸੀਗਾ। ਸੀਗਾ ਈਸ਼ਵਰ ਦੇ ਨਾਲ ਹੀ। ਮਹਾਰਾਜ ਕਹਿੰਦੇ, ਬਿਲਕੁਲ ਗਲਤ। ਉਥੇ ਕੁਝ ਵੀ ਨਹੀਂ ਸੀ, ਉਥੇ ਆਪੇ ਆਪ ਸੀ, ਉਹਦੇ ਵਿਚ ਦੂਜੇ ਦੀ ਗੁਜਾਇੰਸ਼ ਨਹੀਂ ਸੀਗੀ। ਕਹਿੰਦੇ, ਹੁਣ ਜਿਹੜਾ ਕੁਝ ਤੁਸੀਂ ਦੇਖਦੇ ਹੋਂ, ਇਹ ਇਕ ਭਰਮ ਹੈ, ਭਰਮ ਪੈ ਗਿਆ। ਕਿਉਂ ਪੈ ਗਿਆ ਭਰਮ? ਗੋਰਖਨਾਥ ਨੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਪੁਛਿਆ, ਹੇ ਗੁਰੂ ਨਾਨਕ! ਤੇਰਾ ਸਿਧਾਂਤ ਮੈਂ ਸੁਣਿਆ ਹੈ। ਪਰ ਮੇਰਾ ਮਨ ਨਹੀਂ ਮੰਨਦਾ ਇਸ ਚੀਜ਼ ਨੂੰ। ਮੈਨੂੰ ਇਸ ਤਰ੍ਹਾਂ ਦਸ ਕਿ ਰੱਬ ਦੇ ਵਿਚ ਦੁੱਖ ਵੀ ਹੈ? ਕਹਿੰਦੇ, ਨਹੀਂ? ਵਾਹਿਗੁਰੂ ਦੇ ਵਿਚ ਅਗਿਆਨ ਵੀ ਹੈ? ਕਹਿੰਦੇ, ਨਹੀਂ। ਵਾਹਿਗੁਰੂ ਦੇ ਵਿਚ ਪਰੇਸ਼ਾਨੀਆਂ ਵੀ ਨੇ? ਕਹਿੰਦੇ, ਨਹੀਂ। ਫੇਰ ਮੈਨੂੰ ਇਹ ਦਸ ਕਿ ਇਹ ਸੰਸਾਰ ਕਿਥੋਂ ਬਣ ਗਿਆ ਦੁੱਖਾਂ ਦਾ ਘਰ? ਇਹਦੇ ਬਾਰੇ ਆਪ ਤੁਸੀਂ ਕਹਿੰਦੇ ਹੋਂ। ਤੁਸੀਂ ਮੰਨ ਲਓ ਕਿ ਰੱਬ ਦੇ ਨਾਲ ਪ੍ਰਕ੍ਰਿਤੀ ਸੀ, ਮਾਇਆ ਸੀ। ਮਾਇਆ ਨੇ ਆਪਣੀ ਰਚਨਾ ਰੱਬ ਨਾਲ ਰਲ ਕੇ ਰਚੀ ਹੈ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਉਹ ਆਪੇ ਹੀ ਆਪ ਹੈ, ਉਹਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*

*ਅੰਗ – ੪੬੩*

ਵਾਹਿਗੁਰੂ ਜੀ ਨੇ ਆਪਣੇ ਆਪ ਨੂੰ ਆਪੇ ਹੀ ਸਾਜ ਕੇ ੴ ਦੇ ਵਿਚ ਪ੍ਰਗਟ ਕੀਤਾ। ਭਾਈ ਗੁਰਦਾਸ ਜੀ ਲਿਖਦੇ ਨੇ –

*ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ॥*

ਪਾਰਾਵਾਰ ਤੋਂ ਰਹਿਤ ਓਹੀ ਨਿਰੰਕਾਰ, ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ। ਏਕੰਕਾਰ ਕਿਰਿਆਸ਼ੀਲ ਹੈ। ਬਹੁਤ ਸਾਰੇ ਮੱਤ ਨੇ ਕਿ ਰੱਬ ਅਕਰਤਾ ਹੈ, ਉਹ ਕੁਝ ਨਹੀਂ ਕਰਦਾ। ਉਹਨਾਂ ਨੂੰ ਲੋੜ ਹੋਣੀ ਹੈ। ਸਾਡੇ ਗੁਰੂ ਕਹਿੰਦੇ ਨੇ ਕਿ ਉਹ ਅਕਰਤਾ ਹੀ ਨਹੀਂ ਹੈ, ਸਭ ਕੁਝ ਬਣਾਉਣ ਵਾਲਾ ਹੈ। ਫੇਰ 'ਪੁਰਖੁ' ਹੈ, ਹਰੇਕ ਦੇ ਵਿਚ ਸਮਾਇਆ ਹੋਇਆ ਹੈ। ਮਹਾਰਾਜ ਕਹਿੰਦੇ, ਗੋਰਖਨਾਥ! ਮਾਇਆ ਦੀ ਨਹੀਂ ਲੋੜ ਪ੍ਰਮੇਸ਼ਰ ਨੂੰ। ਇਹ ਤਾਂ ਉਹਨੇ ਆਪੇ ਹੀ ਸਾਜ ਦਿਤਾ, ਜਿਵੇਂ ਨਾਮ ਸ਼ਕਤੀ ਸਾਜ ਦਿਤੀ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ –

*ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ॥*

ਏਕੰਕਾਰਹੁ ਦਿੱਬਯ ਸ਼ਬਦ ਦੀ ਧੁਨ ਉੱਠੀ। ਉਹਨੂੰ ਨਹੀਂ ਅਸੀਂ ਜਾਣ ਸਕਦੇ ਕਿਉਂਕਿ ਸਾਡਾ ਸਰੀਰ ਪ੍ਰਕ੍ਰਿਤੀ ਦਾ ਬਣਿਆ ਹੋਇਆ ਹੈ। ਸਾਡੀ ਬੁੱਧੀ ਤੇ ਸਾਡੀ ਹੋਸ਼ ਪ੍ਰਕ੍ਰਿਤਿਕ ਹੱਦਾਂ ਤੋਂ ਉਪਰ ਨਹੀਂ ਜਾ ਸਕਦੀ। ਜੇ ਅਸੀਂ ਗੱਲ ਸਮਝਾਂਗੇ ਤਾਂ ਇਸੇ ਹਿਸਾਬ ਨਾਲ –

*ਜੈਸੀ ਮਤਿ ਦੇਇ ਤੈਸਾ ਪਰਗਾਸ ॥ ਅੰਗ– ੨੭੫*

ਜਿਹੋ ਜਿਹੀ ਮੱਤ ਸਾਨੂੰ ਦਿਤੀ ਹੈ ਓਹੋ ਜਿਹਾ ਹੀ ਪ੍ਰਕਾਸ਼ ਸਾਨੂੰ ਹੋਵੇਗਾ, ਸਮਝਣ ਦਾ ਯਤਨ ਕਰਾਂਗੇ ਪਰ ਇਥੇ ਅਕਲ ਪਹੁੰਚਦੀ ਨਹੀਂ ਹੈ। ਭਾਈ ਵੀਰ ਸਿੰਘ ਜੀ ਲਿਖਦੇ ਨੇ –

*ਜਿਨ੍ਹਾਂ ਉਚਯਾਈਆਂ ਉਤੇ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਿਆਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*
*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।*

*ਡਾ. ਭਾਈ ਵੀਰ ਸਿੰਘ ਜੀ*

ਜਿਹਨੇ ਆਤਮ ਮੰਡਲ ਦੇ ਵਿਚ ਪ੍ਰਵੇਸ਼ ਕਰ ਲਿਆ। ਉਹਨੂੰ ਇਹ ਗੱਲ ਸਮਝ ਵਿਚ ਆਉਂਦੀ ਹੈ। ਹੋਰ ਕੋਈ ਸਮਝ ਨਹੀਂ ਸਕਦਾ। ਮੁਸ਼ਕਲ ਹੈ ਸਾਡੇ ਸਾਮ੍ਹਣੇ ਬਹੁਤ ਭਾਰੀ। ਗੱਲ ਬਿਲਕੁਲ ਸਾਮ੍ਹਣੇ ਹੈ ਲੇਕਿਨ ਸਾਡੀ ਸਮਝ ਤੋਂ ਬਾਹਰ ਹੈ। ਉਹ ਜਵਾਬ ਦਿੰਦੇ ਨੇ –

*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।'*

*ਡਾ. ਭਾਈ ਵੀਰ ਸਿੰਘ ਜੀ*

ਬੈਠ ਤੂੰ ਇਥੇ ਤੈਨੂੰ ਉਥੇ ਦੀ ਪਹੁੰਚ ਨਹੀਂ ਹੈ। ਸੋ ਜਿਨ੍ਹਾਂ ਦੀ ਉਥੇ ਪਹੁੰਚ ਹੈ ਉਹਨਾਂ ਨੂੰ ਪਤਾ ਹੈ ਕਿ ਦਿੱਬਯ ਸ਼ਬਦ ਕਿਹੜਾ ਹੁੰਦਾ ਹੈ। ਸ਼ਬਦ ਦੇ ਬੜੇ ਮਾਇਅਨੇ ਨੇ। ਹੁਣ ਮੈਂ ਬੋਲਦਾ ਹਾਂ, ਇਹ ਸ਼ਬਦ ਹੋ ਰਿਹਾ ਹੈ। ਜਦੋਂ ਵਾਜਾ ਵਜਦਾ ਹੈ, ਵਾਜੇ ਦਾ ਸ਼ਬਦ ਹੋ ਰਿਹਾ ਹੈ। ਜੇ ਮੈਂ ਤਾੜੀ ਮਾਰ ਦੇਵਾਂ, ਤਾੜੀ ਦਾ ਸ਼ਬਦ ਹੈ। ਇਹ ਸਾਰੇ ਪ੍ਰਕ੍ਰਿਤਕ ਸ਼ਬਦ ਨੇ, ਇਹ ਉਹ ਸ਼ਬਦ ਨਹੀਂ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਕਹਿੰਦੇ ਨੇ –

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ– ੧੨੪*

ਇਹ ਸ਼ਬਦ ਉਹ ਸ਼ਬਦ ਨਹੀਂ ਹੈ। ਇਹਨਾਂ ਸਾਰੇ ਸ਼ਬਦਾਂ ਤੋਂ ਸ੍ਰੇਸ਼ਠ ਹੈ ਗੁਰੂ ਦਾ ਸ਼ਬਦ। ਗੁਰੂ ਦਾ ਸ਼ਬਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਹਦਾ ਸਾਰ ਜਿਹੜਾ ਹੈ ਉਹ 'ਮੂਲਮੰਤ੍ਰ' ਹੈ, ਉਹਦਾ ਵੀ ਜਿਹੜਾ ਸਾਰ ਹੈ, ਉਹ 'ਮੰਤ੍ਰ' ਹੈ ਜਿਹੜਾ ਪੰਜ ਪਿਆਰੇ ਅੰਮ੍ਰਿਤ ਛਕਾਉਣ ਵੇਲੇ ਦਿਆ ਕਰਦੇ ਨੇ। 'ਵਾਹਿਗੁਰੂ' ਮੰਤ੍ਰ। ਲੇਕਿਨ ਜਿਹੜਾ ਅਕਾਲ ਪੁਰਖ ਦਾ ਸ਼ਬਦ ਹੈ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਉਹ ਸ਼ਬਦ ਬੁੱਝਣਾ ਪੈਂਦਾ ਹੈ। ਉਹ ਅੱਖਰਾਂ ਵਿਚ ਨਹੀਂ ਆਉਂਦਾ। ਉਹਦੀ ਨਾਲ ਨਕਲ ਕਰਕੇ ਦਸਿਆ ਜਾ ਸਕਦਾ ਹੈ, ਸਿਆਣਿਆਂ ਨੇ ਉਹਨੂੰ 'ਓ.....ਅੰ....ਕਾ....ਰ।' ਇਸ ਤਰ੍ਹਾਂ ਦੇ ਨਾਲ ਸਾਨੂੰ ਸਮਝਾਉਣ ਵਾਸਤੇ ਦਸ ਦਿਤਾ ਹੈ। ਲੇਕਿਨ ਉਹ ਸ਼ਬਦ ਇਸ ਤੋਂ ਵੀ ਵਿਲੱਖਣ ਹੈ। ਉਸੇ ਸ਼ਬਦ ਨੂੰ ਬ੍ਰਹਮ ਕਹਿੰਦੇ ਨੇ, ਉਸੇ ਨੂੰ ਗੁਰੂ ਕਹਿੰਦੇ ਨੇ। 'ਸਬਦਿ ਗੁਰੂ ਸੁਰਤਿ ਧੁਨ ਚੇਲਾ।' ਸ਼ਬਦ ਤਾਂ ਜੇ ਅਸੀਂ ਲਈਏ, ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਣੀ ਆ ਰਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਇਸ ਦੀ ਗੱਲ ਨਹੀਂ ਕਰ ਰਹੇ। ਸ੍ਰੀ ਗੁਰੂ ਨਾਨਕ ਸਾਹਿਬ ਉਸ ਸ਼ਬਦ ਦੀ ਗੱਲ ਕਰ ਰਹੇ ਨੇ, ਜੋ ਸਾਰੇ ਪ੍ਰੀਪੂਰਨ ਹੈ। ਉਹਨੂੰ ਸ਼ਬਦ ਬ੍ਰਹਮ ਆਖਦੇ ਨੇ –

*ਆਦਿ ਅੰਤ ਏਕੈ ਅਵਤਾਰਾ।*
*ਸੋਈ ਗੁਰੂ ਸਮਝਹੁ ਹਮਾਰਾ॥*

ਪਰ ਸਾਨੂੰ ਇਸ ਸ਼ਬਦ ਤੱਕ ਪਹੁੰਚਣ ਵਾਸਤੇ ਤੱਤ ਬੇਤੇ ਮਹਾਂਪੁਰਸ਼ ਦੀ ਮਦਦ ਲੈਣੀ ਪਵੇਗੀ। ਗੁਰੂ ਧਾਰਨਾ ਪਵੇਗਾ। ਗੁਰੂ ਘਰ ਦੀ ਮਰਿਯਾਦਾ ਦੇ ਅਨੁਸਾਰ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਮੰਤ੍ਰ ਹਾਸਿਲ ਕਰਨਾ ਪਵੇਗਾ। ਓਸ ਮੰਤ੍ਰ ਦਾ ਜਾਪ ਕਰਕੇ, ਹੌਲੀ–ਹੌਲੀ ਮਹਾਂਪੁਰਸ਼ਾਂ ਦੀ ਸੰਗਤ ਦੇ ਵਿਚ ਥੋੜ੍ਹੀ

ਬਹੁਤੀ ਸੋਝੀ ਆਉਂਦੀ ਜਾਏਗੀ। ਜਦੋਂ ਸੋਝੀ ਆ ਗਈ, ਫੇਰ ਸ਼ਬਦ ਬ੍ਰਹਮ ਦਾ ਗਿਆਨ ਹੋ ਗਿਆ। ਜਦੋਂ ਸ਼ਬਦ ਬ੍ਰਹਮ ਦਾ ਗਿਆਨ ਹੋਇਆ, ਮੈਂ ਮਰ ਗਈ, ਮੈਂ ਰਿਹਾ ਹੀ ਨਾ। ਗੋਰਖਨਾਥ ਨੂੰ ਕਹਿਣ ਲੱਗੇ, ਗੋਰਖਨਾਥ! ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਆਪੇ ਹੀ ਆਪ ਹੈ। ਕਹਿੰਦਾ, ਹੇ ਨਾਨਕ! ਫੇਰ ਮੈਨੂੰ ਮੁਕਦੀ ਗੱਲ ਦਸ। ਸੰਸਾਰ ਕਿਵੇਂ ਬਣ ਗਿਆ? ਤੇ ਦੁੱਖ ਕਿੱਥੋਂ ਆ ਗਿਆ? ਕਿਉਂਕਿ ਦੁਖ ਪ੍ਰਮੇਸ਼ਰ ਵਿਚ ਨਹੀਂ ਹੈ ਤੇ ਸੰਸਾਰ ਪ੍ਰਮੇਸ਼ਰ ਵਿਚ ਨਹੀਂ ਹੈ। ਤੂੰ ਕਹਿੰਦੇ, ਇਕੋ ਹੀ ਹੈ, ਦੂਜਾ ਇਥੇ ਹੈ ਕੋਈ ਨਹੀਂ। ਫੇਰ ਇਹ ਚੀਜ਼ਾਂ ਕਿੱਥੋਂ ਆ ਗਈਆ, ਮਹਾਰਾਜ ਕਹਿੰਦੇ, ਗੋਰਖਨਾਥ! ਪ੍ਰਭੂ ਨੇ ਹਉਮੈ ਤੱਤ ਪਾ ਦਿਤਾ। ਸਾਡੀ ਹੋਸ਼ ਨੂੰ ਪਤਾ ਲਗ ਗਿਆ ਕਿ ਮੈਂ ਹਾਂ, ਮੈਂ। ਮੈਂ ਦੇ ਨਾਲ ਪਤਾ ਲਗ ਗਿਆ, ਮੇਰਾ ਹੈ। ਇਹ ਜਿਹੜਾ ਮੈਂ ਤੇ ਮੇਰੇ ਦਾ ਗਿਆਨ ਹੈ ਇਹਨੂੰ ਹਉਮੈ ਕਹਿੰਦੇ ਨੇ। ਹਉਮੈ ਅਭਿਮਾਨ ਨਹੀਂ ਹੋਇਆ ਕਰਦਾ। ਉਹ ਮੈਂ ਤੇ ਮੇਰੇ ਦੇ ਗਿਆਨ ਨੇ ਇਹਨੂੰ ਛੋਟਾ ਕਰਕੇ ਜੀਵ ਬਣਾ ਦਿਤਾ। ਘਿਰ ਗਿਆ ਇਹ ਹਉਮੈ ਦੇ ਅੰਦਰ। ਹੁਣ ਜਦੋਂ ਤਕ ਹਉਮੈ ਤੋਂ ਛੁਟਕਾਰਾ ਨਹੀਂ ਹੁੰਦਾ। ਇਹਦੀ ਕਲਿਆਣ ਨਹੀਂ ਹੁੰਦੀ। ਜਦੋਂ ਤਕ ਇਹ ਕਹਿੰਦਾ ਹੈ ਕਿ ਮੈਂ ਹਾਂ, ਮੇਰਾ ਹੈ। ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਬਣਨਾ ਤੇਰਾ। ਗੋਰਖਨਾਥ! ਹਉਮੈ ਦੇ ਆਉਣ ਨਾਲ 'ਨਾਮ' ਭੁੱਲਿਆ ਹੈ ਇਹ। ਨਾਮ ਜਿਹੜਾ ਭੁੱਲ ਜਾਏਗਾ ਉਥੇ ਦੁਖ ਆਉਣਗੇ ਹਮੇਸ਼ਾ ਹੀ। ਦੁੱਖ ਬਾਹਰੋਂ ਨਹੀਂ ਆਏ, ਦੁੱਖ ਨਾਮ ਨੂੰ ਭੁੱਲਣ 'ਚ ਆਏ ਨੇ। ਸਵਾਲ ਉਹਨੇ ਕਰਿਆ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥* ਅੰਗ- ੯੪੬

ਸੰਸਾਰ ਕਿਵੇਂ ਬਣਿਆ ਤੇ ਦੁੱਖ ਦਾ ਖਾਤਮਾ ਕਿਵੇਂ ਹੋਵੇ? ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* ਅੰਗ- ੯੪੬

ਜਿੰਨੇ ਸੰਸਾਰ ਦੇ ਅੰਦਰ ਦੁਖ ਨੇ, ਮਹਾਰਾਜ ਕਹਿੰਦੇ -

*ਦੁਖੁ ਤਦੇ ਜਾ ਵਿਸਰਿ ਜਾਵੈ ॥* ਅੰਗ - ੯੮

ਵਿਸਰੇ 'ਤੇ ਦੁਖ ਨੇ। ਜਦੋਂ ਉਹ ਯਾਦ ਵਿਚ ਸਮਾਅ ਜਾਵੇ, ਫੇਰ ਸਾਰੇ ਹੀ ਸੁਖ ਨੇ। ਉਹਨੂੰ ਵਿਸਰਿਆਂ ਤੇ ਦੁਖ ਪੈਦਾ ਹੁੰਦੈ। ਫੇਰ ਨਾਮ ਕੀ ਹੈ? ਨਾਮ ਉਹ ਅਨੁਭਵ ਹੈ ਜਿਥੇ ਇਕ ਸਕਿੰਟ ਵਾਸਤੇ ਵੀ ਅਗਿਆਨ ਦਾ ਪਰਛਾਵਾਂ ਨਹੀਂ ਪੈਂਦਾ। ਉਹ ਚਾਹੇ ਸੁੱਤਾ ਹੈ, ਚਾਹੇ ਜਾਗਦਾ ਹੈ, ਉਹਨੂੰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਆਉਂਦਾ ਨਹੀਂ ਕਿਉਂਕਿ ਉਹਦਾ ਭਰਮ ਟੁੱਟ ਗਿਆ, ਸੰਸਾ ਟੁੱਟ ਗਿਆ। ਸੋ ਸਾਧਸੰਗਤ ਜੀ ਜੇ ਸਮਝ ਵਿਚ ਆ ਜਾਵੇ - ***'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'*** ਫੇਰ ਕੀ ਹੁੰਦੈ, ਮੈਂ ਮਰਦੈ ਸਭ ਤੋਂ ਪਹਿਲਾਂ। ਜਦੋਂ ਹੈ ਹੀ ਵਾਹਿਗੁਰੂ ਫੇਰ ਮੈਂ ਕਿੱਥੋਂ ਆ ਗਿਆ। ਇਸ ਗੱਲ ਨੂੰ ਸਮਝਾਉਣ ਵਾਸਤੇ ਜਪੁਜੀ ਸਾਹਿਬ ਦੀ ਰਚਨਾ ਕੀਤੀ ਹੈ। ਜਪੁਜੀ ਸਾਹਿਬ ਨੂੰ ਸਮਝਾਉਣ ਵਾਸਤੇ 1430 ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਬਹੁਤ ਵਿਆਖਿਆ ਨਾਲ ਲਿਖਿਆ ਹੋਇਆ ਹੈ। ਇਹਨੂੰ ਸਾਧੂ ਤੱਤ ਬੇਤੇ ਮਹਾਂਪੁਰਸ਼, ਸਾਧੂ ਮਹਾਤਮਾ ਸਮਝਾਉਂਦੇ ਫਿਰਦੇ ਨੇ ਬਈ ਦਵੈਤ ਦੇ ਵਿਚੋਂ ਨਿਕਲ ਜਾ, ਪ੍ਰਮੇਸ਼ਰ ਤੋਂ ਬਿਨਾਂ ਕੋਈ ਹੈ ਨਹੀਂ। ਪਹਿਲਿਆਂ ਨੇ ਗਲਤੀ ਖਾਧੀ। ਨਿਕਲੇ ਹੈ ਨਾ ਲੇਕਿਨ ਉਥੇ ਹੀ ਕਹਿ ਦਿਤਾ 'ਅਹੰ ਬ੍ਰਹਮ ਅਸਵੀ', ਮੈਂ ਹੀ ਬ੍ਰਹਮ ਹਾਂ, ਮੈਂ ਹੀ ਖੁਦਾ ਹਾਂ। ਲੇਕਿਨ ਸੀਗੇ ਜੀਵ, ਜੀਵ ਹੁੰਦੇ ਹੋਏ ਦਾਅਵਾ ਕਰ ਲਿਆ। ਇਕ ਮੰਗਤਾ ਸੜਕ 'ਤੇ ਬੈਠਾ ਹੈ ਭੁੱਖਾ-ਨੰਗਾ, ਪੈਸਾ-ਪੈਸਾ ਮੰਗਦਾ ਹੈ, ਕਹਿੰਦਾ ਮੈਂ ਤਾਂ ਬਾਦਸ਼ਾਹ ਦੇਸ਼ ਦਾ ਹਾਂ। ਲੇਕਿਨ ਇਹਦਾ ਮਤਲਬ ਇਹ ਹੋ ਗਿਆ - ਦਿਮਾਗ ਦੇ ਵਿਚ ਕਸਰ ਹੈ ਕੋਈ।

ਇਕ ਵਾਰੀ ਮੈਂ ਕਿਸੇ ਰਿਸ਼ਤੇਦਾਰੀ 'ਚ ਚਲਿਆ ਗਿਆ। ਉਥੇ ਇਕ ਪ੍ਰੇਮੀ ਸੀ, ਉਹ ਤਾਂਗਾ ਲੈ ਕੇ ਆਉਂਦਾ ਹੁੰਦਾ, ਜਦੋਂ ਮੈਂ ਜਾਣਾ। ਮੇਰੇ ਮਨ ਵਿਚ ਆਇਆ ਕਿ ਉਹ ਵਿਚਾਰਾ ਬਚਪਨ ਦੇ ਵਿਚ, ਤਾਂਗੇ ਵਿਚ ਇਕੋ ਸਵਾਰੀ ਲੈ ਕੇ ਤੁਰ ਪੈਂਦਾ ਸੀ। ਉਹਨੂੰ ਮਿਲ ਕੇ ਆਈਏ। ਅਗਾਂਹਾਂ ਮੈਂ ਗਿਆ, ਹਾਕ ਮਾਰੀ ਉਹਨੇ। ਜਦੋਂ ਮੈਂ ਨੇੜੇ ਜਾਣ ਲੱਗਿਆ, ਕਿਸੇ ਨੇ ਪਿਛੋਂ ਹਾਕ ਮਾਰੀ ਕਿ ਨੇੜੇ ਨਾ ਜਾਈਂ, ਇਹ ਕਮਲਾ ਹੋਇਆ-ਹੋਇਆ ਹੈ, ਜੱਫਾ ਨਾ ਪਾ ਲਵੇ। ਖਿੜਕੀ 'ਚ ਖੜ੍ਹ ਗਿਆ ਮੈਂ। ਲੱਕੜਾਂ ਪਈਆਂ ਸੀ, ਕਹਿਣ ਲੱਗਿਆ, ਸੌਫੇ ਸੈੱਟ ਪਏ ਨੇ, ਇਹਨਾਂ 'ਤੇ ਬਹਿ ਜਾ ਤੂੰ। ਕੋਲ ਥੇਹ ਸੀ, ਥੇਹ ਦੇ ਵਿਚੋਂ ਕੋਈ ਗੱਡਾ ਭਰਨ ਲਗ ਗਿਆ। ਉਥੇ ਹੀ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣ ਲਗ ਗਿਆ ਕਿ ਤੁਸੀਂ ਮੇਰਾ ਕਿਲ੍ਹਾ ਢਾਹ ਰਹੇ ਹੋਂ। ਮੇਰੀਆਂ ਰਾਣੀਆਂ ਅੰਦਰ ਨੇ, ਮੇਰਾ ਸਮਾਨ ਅੰਦਰ ਹੈ। ਮੇਰੀਆਂ ਫੌਜਾਂ ਨੇ, ਮੈਂ ਹੁਕਮ ਕਰ ਦੇਣੈ ਆਪਣੀਆਂ ਫੌਜਾਂ ਨੂੰ। ਉਹ ਕੋਈ ਬਨਾਉਟੀ ਨਹੀਂ ਸੀ ਕਹਿ ਰਿਹਾ, ਸੱਚਮੁੱਚ ਹੀ ਉਹਦੇ ਦਿਮਾਗ 'ਚ ਕੋਈ ਨੁਕਸ ਪੈ ਕੇ ਇਸ ਤਰ੍ਹਾਂ ਦਾ ਭਰਮ ਪੈ ਗਿਆ ਸੀ ਕਿ ਮੈਂ ਰਾਜਾ ਹਾਂ। ਪਰ ਉਹ ਰਾਜਾ ਹੈ ਨਹੀਂ ਸੀ, ਇਸੇ ਤਰ੍ਹਾਂ ਦੇ ਨਾਲ ਅਸੀਂ ਹਾਂ ਤਾਂ ਆਤਮ ਸ਼ਹਿਜ਼ਾਦੇ ਵਾਹਿਗੁਰੂ ਜੀ ਵਰਗੇ, ਪਰ ਸਾਨੂੰ ਭਰਮ ਪੈਣ ਕਰਕੇ ਅਸੀਂ ਜੀਵ ਬਣ ਗਏ, ਜੀਵ 'ਤੇ ਵੀ ਜੇ ਰਹਿ ਜਾਂਦੇ ਤਾਂ ਵੀ ਚੰਗਾ ਹੁੰਦਾ, ਅਸੀਂ ਉਥੋਂ ਜਿਉਂ ਥੱਲੇ ਤਿਲਕੇ, ਪੰਜ ਤੱਤਾਂ ਦੀ ਦੇਹ ਬਣ ਗਏ। ਹੁਣ ਨਹੀਂ ਸਾਨੂੰ ਸਮਝ ਵਿਚ ਆਉਂਦੀ ਕੋਈ ਗੱਲ। ਉਸੇ ਵਾਸਤੇ ਸੰਤ ਤੁਰੇ ਫਿਰਦੇ ਨੇ। ਸੰਤਾਂ ਨੇ

ਲੈਣਾ ਦੇਣਾ ਕੁਛ ਨਹੀਂ ਹੁੰਦਾ ਕਿਸੇ ਤੋਂ। ਉਹ ਤਾਂ ਡਿਊਟੀ ਲੱਗੀ ਹੁੰਦੀ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

ਸੰਤਾਂ ਨੇ ਇਹ ਅਨੁਭਵ ਉਜਾਗਰ ਕਰਨਾ ਹੈ ਉਹਨਾਂ ਪ੍ਰੇਮੀਆਂ ਨੂੰ ਜਿਨ੍ਹਾਂ ਦੇ ਭਾਗ ਜਾਗੇ ਨੇ ਪਰ ਇਹ ਹੁੰਦਾ ਨਹੀਂ ਹੈ ਜਦੋਂ ਤਕ ਸਮਰੱਥ ਮਹਾਂਪੁਰਸ਼ ਨਾ ਮਿਲ ਜਾਣ।

ਸੰਤ ਮਹਾਰਾਜ ਜੀ ਬਹੁਤ ਢੰਗ ਦੇ ਨਾਲ ਬਹੁਤ ਵਿਆਖਿਆਂ ਦੇ ਨਾਲ ਇਹਨਾਂ ਬਚਨਾਂ ਬਾਰੇ ਖੋਲ੍ਹ ਕੇ ਦਸਿਆ ਕਰਦੇ ਸੀ। ਸੰਤ ਮੇਵਾ ਸਿੰਘ ਜੀ ਬੈਠੇ ਨੇ ਮੇਰੇ ਕੋਲ, ਗੁਰ ਭਾਈ ਨੇ ਮੇਰੇ, 57 ਸਾਲ ਹੋ ਗਏ ਜਦੋਂ ਇਥੇ ਕੀਰਤਨ ਕਰਿਆ ਸੀ, ਜਦੋਂ ਇਹ ਵੀ ਜਵਾਨ ਹੁੰਦੇ, ਸੰਤ ਮਹਾਰਾਜ ਦੇ ਢੋਲਕੀ ਵਜਾਉਂਦੇ ਹੁੰਦੇ। ਇਥੇ ਬੋਹੜ ਸੀਗੇ ਸਾਮ੍ਹਣੇ ਪਿੰਡ ਵਿਚ, ਉਹਦੇ ਥੱਲੇ ਦੀਵਾਨ ਲੱਗਿਆ ਸੀ। 57 ਸਾਲ ਬਾਅਦ ਮੈਂ ਮੁੜ ਕੇ ਤੁਹਾਡੇ ਦਰਸ਼ਨ ਕਰੇ ਨੇ, ਇਹਨਾਂ ਦੇ ਕਰੇ ਨੇ। ਮੇਰੇ ਮਨ ਵਿਚ ਕਈ ਦਿਨ ਦਾ ਸੀ ਕਿ ਮਿਲੇ ਹੀ ਨਹੀਂ ਹਨ। ਇਹਨਾਂ ਨੂੰ ਪਤਾ ਹੈ ਸਾਰੀ ਗੱਲ ਦਾ ਕਿ ਕਿਸ ਤਰ੍ਹਾਂ ਮਹਾਰਾਜ ਜੀ ਛੋਟੀ-ਛੋਟੀ ਗੱਲ, ਕਿਸ ਤਰ੍ਹਾਂ ਵਿਸਥਾਰ ਦੇ ਨਾਲ ਸਮਝਾਇਆ ਕਰਦੇ ਸੀ। ਆਪ ਮਿਸਾਲ ਦੇ ਤੌਰ 'ਤੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਸਾਖੀ ਲਿਆ ਕਰਦੇ ਸੀ ਤੇ ਨਾਲ ਦਸਿਆ ਕਰਦੇ ਸੀ ਕਿ ਸੇਵਾ ਤੇ ਸਿਮਰਨ ਦੋ ਚੀਜ਼ਾਂ ਨੇ ਜਿਵੇਂ ਜਹਾਜ਼ ਨਹੀਂ ਉਡਦਾ ਦੋ ਫੰਘਾਂ ਤੋਂ ਬਿਨਾਂ, ਇਵੇਂ ਰੂਹਾਨੀ ਉਡਾਰੀ ਨਹੀਂ ਲਗਦੀ ਜਿੰਨਾਂ ਚਿਰ ਤਕ ਦੋਵੇਂ ਚੀਜ਼ਾਂ ਪੂਰੀਆਂ ਨਾ ਹੋਣ। ਇਕ ਬੰਦਾ ਇਕੱਲੀ ਸੇਵਾ ਕਰਦਾ ਹੈ। ਡਬਲ ਸਮਾਂ ਲਗ ਜਾਏਗਾ ਉਹਦਾ, ਇਕ ਬੰਦਾ ਇਕੱਲਾ ਨਾਮ ਜਪਦਾ ਹੈ ਉਹਦਾ ਡਬਲ ਸਮਾਂ ਲਗ ਜਾਏਗਾ। ਜਿਹੜਾ ਸੇਵਾ ਤੇ ਸਿਮਰਨ ਕਰਦਾ ਹੈ, ਉਹਦੇ ਨਾਲ ਜਿਹੜੇ ਮਾਨਸਿਕ ਦੁੱਖ ਨੇ; ਸਾਰੇ ਦੁਖਾਂ ਦਾ ਜੇ ਕੋਈ ਇਲਾਜ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - ੨੭੪*

ਸੇਵਾ ਜਿਹੜੀ ਹੈ ਇਹ ਆਦਮੀ ਨੂੰ ਚੁਕ ਕੇ ਉੱਚੇ ਤੋਂ ਉੱਚੇ ਦਰਜੇ 'ਤੇ ਪਹੁੰਚਾ ਦਿੰਦੀ ਹੈ। ਇਸ ਤਰ੍ਹਾਂ ਦੇ ਨਾਲ ਪਿਆਰ ਨਾਲ ਪੜ੍ਹੋ ਸਾਰੇ ਪ੍ਰੇਮੀ -

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸੇਵਾ ਤੇ ਸਿਮਰਨ ਗੁਰੂ ਘਰ ਦੇ ਅੰਦਰ ਰੂਹਾਨੀ ਸਫ਼ਰ ਤਹਿ ਕਰਨ ਵਾਸਤੇ ਦੋ ਜ਼ਬਰਦਸਤ ਸਾਧਨ ਨੇ। ਜਿਵੇਂ ਆਪਾਂ ਧਾਨ ਬੀਜਦੇ, ਚੌਲ ਜਿਹਨੂੰ ਕਹਿੰਦੇ ਹੋਂ ਤੁਸੀਂ, ਤੇੜਾਂ ਫਟਣ ਵਾਲਾ ਖੇਤ ਹੋਵੇ, ਉਹ ਇਕ ਟਿਊਬਵੈਲ ਦਾ ਪਾਣੀ ਚਲਾ ਦਿਓ, ਉਹ ਕਦੇ ਵੀ ਨਹੀਂ ਭਰ ਹੁੰਦਾ, ਤ੍ਰੇੜਾਂ ਪਾਣੀ ਖਾਈ ਜਾਣਗੀਆਂ, ਜੇ ਦੋ ਛੱਡ ਦਿਓ ਇਕ ਦਮ ਖੇਤ ਭਰ ਜਾਂਦੈ। ਇਸੇ ਤਰ੍ਹਾਂ ਦੇ ਨਾਲ ਇਹ ਡਬਲ ਸਾਧਨ ਹੈ, ਛੇਤੀ ਸਫ਼ਰ ਤਹਿ ਕਰਨ ਵਾਸਤੇ। ਸੇਵਾ ਵੀ ਕੀਤੀ ਜਾਵੇ ਤੇ ਸਿਮਰਨ ਵੀ ਨਾਲ ਕੀਤਾ ਜਾਵੇ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਜਦੋਂ ਗੁਰਿਆਈ ਨਹੀਂ ਸੀ ਅਜੇ ਮਿਲੀ। ਆਪ 22 ਵਾਰੀ ਗੰਗਾ ਦੀ ਯਾਤਰਾ 'ਤੇ ਗਏ। ਬੜੀ ਸ਼ਰਧਾ ਸੀ ਆਪ ਦੇ ਮਨ ਦੇ ਅੰਦਰ ਗੰਗਾ ਮਈਆ ਦੀ। ਆਪ ਅਠੋਤਰੀ ਮਾਲਾ, 108 ਮਣਕੇ ਦੀ ਮਾਲਾ 'ਓਮ ਨਮਹੁ ਭਗਵਤੇ ਸਿਧੰ' ਇਸ ਮੰਤਰ ਦੀ, ਜੋ ਧਰੂ ਨੇ ਜਪਿਆ ਸੀ, ਦੀ ਮਾਲਾ ਵੀ ਫੇਰਨੀ ਉਹਨਾਂ ਨੇ। ਪੁੰਨ ਦਾਨ ਵੀ ਕਰਨਾ। ਬਹੁਤ ਹੀ ਨੇਕ ਸੀ ਹਰ ਪਾਸੇ ਤੋਂ, ਤੇ ਆਪ ਤੀਰਥ ਯਾਤਰਾ 'ਤੇ ਜਾਂਦੇ ਨੇ। ਇਹ ਨਹੀਂ ਕਿ ਨਾਹੁੰਣ ਤਕ ਹੀ ਸੀ ਉਹਨਾਂ ਨੂੰ, ਅੰਦਰ ਖਿਆਲ ਸੀ ਕਿ ਕੋਈ ਭਾਗਾਂ ਕਰਕੇ ਤੀਰਥ ਦੇ ਉਤੇ ਕੋਈ ਮਹਾਤਮਾ ਮਿਲ ਜਾਵੇ, ਜਿਹਦੇ ਉਤੇ ਮੇਰਾ ਮਨ ਮੰਨ ਜਾਵੇ। ਮਹਾਤਮਾ ਤਾਂ ਬੇਅੰਤ ਮਿਲੇ, ਇਹ ਤਾਂ ਨਹੀਂ ਕਿ 22 ਸਾਲ ਦੇ ਵਿਚ ਮਹਾਤਮਾ ਉਹਨਾਂ ਨੂੰ ਮਿਲਿਆ ਨਾ ਕੋਈ ਉਹਨਾਂ ਨੂੰ ਪਰ ਐਸਾ ਨਾ ਮਿਲਿਆ ਜਿਹੜਾ ਤਸੱਲੀ ਕਰਾ ਦੇਵੇ ਜਾਂ ਐਸਾ ਨਾ ਮਿਲਿਆ ਜਿਨ੍ਹਾਂ ਦੇ ਨਾਲ ਉਹਨਾਂ ਦਾ ਸੰਜੋਗ ਹੋਵੇ। ਇਕ ਮੈਂ ਬੇਨਤੀ ਕਰਦਾ ਹਾਂ ਸਾਧਸੰਗਤ ਜੀ! ਮਹਾਂਪੁਰਸ਼ਾਂ ਦੇ ਕੋਲ ਅਮਾਨਤਾਂ ਪਈਆਂ ਹੁੰਦੀਆਂ ਨੇ। ਉਹ ਇਸ ਤਰ੍ਹਾਂ ਨਹੀਂ ਕਿ ਸੋਨੇ ਚਾਂਦੀ ਦੀਆਂ ਅਮਾਨਤਾਂ ਨੇ। ਰੂਹਾਨੀ ਅਮਾਨਤਾਂ ਹੁੰਦੀਆਂ ਨੇ। ਉਹ ਸਾਂਭ ਕੇ ਰਖਦੇ ਨੇ, ਪਤਾ ਹੁੰਦਾ ਹੈ ਕਿ ਇਹ ਫਲਾਣੇ ਦੀ ਅਮਾਨਤ ਹੈ।

ਜਦੋਂ ਰੇਰੂ ਸਾਹਿਬ ਮਹਾਰਾਜ ਜੀ ਆਏ ਪਟਿਆਲੇ ਤੋਂ ਪੜ੍ਹਦੇ-ਪੜ੍ਹਦੇ। ਪਹਿਲੀ ਮਿਲਣੀ ਹੋਈ ਤੇ ਮਹਾਂਪੁਰਸ਼ਾਂ ਦਾ ਪਹਿਲਾ ਹੀ ਬਚਨ ਸੀ। ਕਾਕਾ! ਕਿਥੇ ਛੁਪਿਆ ਰਿਹਾ ਐਨੀ ਦੇਰ। ਅਸੀਂ ਤਾਂ ਤੈਨੂੰ ਤਲਾਸ਼ ਕਰ ਰਹੇ ਸੀ। ਤੇਰੀ ਅਮਾਨਤ ਹੈ ਸਾਡੇ ਪਾਸ। ਨਹੀਂ ਪਤਾ ਲਗਦਾ ਹਰ ਕਿਸੇ ਨੂੰ। ਇਹ ਸਤਿਸੰਗ ਕਰਨ ਵਾਲਿਆਂ ਨੂੰ ਪਤਾ ਹੋਇਆ ਕਰਦੈ। ਉਹ ਪਹਿਲਾਂ ਹੀ ਮਹਾਂਪੁਰਸ਼ਾਂ ਨੇ ਕਹਿ ਦਿਤਾ। ਇਥੇ ਲੁਧਿਆਣੇ ਇਕ ਮੰਗਲ ਸਿੰਘ ਮਿਸਤਰੀ ਸੀ, ਕਾਰੋਬਾਰ ਕਰਦਾ ਸੀ ਉਹ, ਸੋਹਣਾ ਕੰਮ ਉਹਦਾ ਚਲਦਾ ਸੀ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਕਿਥੇ ਲੁਧਿਆਣਾ, ਕਿਥੇ ਹਰਖੋਵਾਲ ਵਾਲੇ, ਇਕ ਦਿਨ ਸੇਵਾਦਾਰ ਨੂੰ ਬੁਲਾਇਆ, ਕਹਿੰਦੇ ਇਸ ਤਰ੍ਹਾਂ ਕਰ ਲੁਧਿਆਣੇ ਨੂੰ ਜਾਹ। ਉਥੇ ਇਕ ਮੰਗਲ ਸਿੰਘ ਨਾਮ ਦਾ ਇਕ ਬੰਦਾ ਤੈਨੂੰ ਮਿਲੇਗਾ, ਫਲਾਣੇ ਪਾਸੇ। ਕਹਿੰਦੇ, ਬਾਬਾ ਜੀ! ਤੁਸੀਂ ਉਹਨੂੰ ਜਾਣਦੇ ਹੋਂ? ਕਹਿੰਦੇ, ਹਾਂ। ਇਸ ਜਨਮ 'ਚ ਤਾਂ ਨਹੀਂ, ਪਹਿਲੇ ਜਨਮ ਤੋਂ ਜਾਣਦੇ ਹਾਂ, ਇਹ ਸਾਨੂੰ ਪਤਾ ਹੈ ਕਿ

ਉਹ ਇਥੇ ਲੁਧਿਆਣੇ ਰਹਿੰਦਾ ਹੈ। ਜਾਹ ਉਹਨੂੰ ਸਾਡੇ ਕੋਲ ਬੁਲਾ ਕੇ ਲਿਆ। ਉਹ ਸਿੰਘ ਆ ਗਿਆ ਲੁਧਿਆਣੇ। ਉਹਨੂੰ ਆ ਕੇ ਕਿਹਾ ਕਿ ਬਾਬਾ ਜੀ ਬੁਲਾਉਂਦੇ ਨੇ। ਉਹ ਕਹਿੰਦਾ, ਬਾਬਾ ਜੀ ਨੂੰ ਮੈਂ ਜਾਣਾ ਨਾ, ਪਛਾਣਾਂ ਨਾ, ਐਵੇਂ ਮੈਂ ਆਪਣਾ ਕੰਮ ਵੀ ਛੱਡਾਂ। ਕਾਹਦੇ ਵਾਸਤੇ ਬੁਲਾਉਂਦੇ ਨੇ ਪ੍ਰੇਮੀਆਂ ਕੋਈ ਹੋਰ ਮੰਗਲ ਸਿੰਘ ਹੋਣਾ। ਮੈਂ ਤਾਂ ਜਾਣਦਾ ਹੀ ਨਹੀਂ। ਉਹ ਮੈਨੂੰ ਕਿਵੇਂ ਜਾਣਦੇ ਨੇ, ਜਦ ਮੈਂ ਨਹੀਂ ਜਾਣਦਾ? ਸਿੰਘ ਵਾਪਸ ਚਲਿਆ ਗਿਆ। ਵਾਪਸ ਆਇਆ, ਤਾਂ ਮਹਾਤਮਾ ਕਹਿਣ ਲੱਗੇ, ਕਿ ਜਾਹ ਉਹਨੂੰ ਕਹਿ ਦੇ ਕਿ ਤੇਰੀ ਚੀਜ਼ ਪਈ ਹੈ ਬਹੁਤ ਕੀਮਤੀ, ਅਮਾਨਤ ਪਈ ਹੈ ਸਾਡੇ ਕੋਲ, ਤੈਨੂੰ ਨਹੀਂ ਪਤਾ, ਸਾਨੂੰ ਪਤਾ ਹੈ। ਤੂੰ ਭੁੱਲਿਆ ਬੈਠਾ ਹੈਂ। ਦੁਬਾਰਾ ਫੇਰ ਇਥੇ ਆਇਆ, ਇਥੇ ਆ ਕੇ ਉਹਨੇ ਕਿਹਾ ਕਿ ਬਾਬਾ ਜੀ ਨੇ ਕਿਹੈ ਤੇਰੀ ਕੋਈ ਕੀਮਤੀ ਚੀਜ਼ ਪਈ ਹੈ। ਨਾਲ ਤੁਰ ਪਿਆ, ਜਦੋਂ ਹਰਖੋਵਾਲ ਗਿਆ, ਕਹਿਣ ਲੱਗੇ, ਆ ਬਈ, ਮੰਗਲ ਸਿੰਘ! ਤੇਰੀ ਵਾਸਤੂ ਅਸੀਂ ਕਿੰਨੀ ਦੇਰ ਤੋਂ ਸਾਂਭੀ ਫਿਰਦੇ ਹਾਂ। ਆਪਣੀ ਸਾਂਭ ਆ ਕੇ। ਇਕ ਪਾਸੇ ਲੈ ਗਏ। ਉਥੇ ਜਾ ਕੇ ਕ੍ਰਿਪਾ ਕਰ ਦਿਤੀ। ਵਸਤੂ ਅੰਦਰ ਪ੍ਰਗਟ ਕਰ ਦਿਤੀ। ਜੋਤ ਜਗ ਪਈ, ਅਨਹਦ ਸ਼ਬਦ ਸੁਣਨ ਲਗ ਪਏ। ਕਹਿੰਦੇ, ਆਹ ਤੇਰੀ ਵਸਤੂ ਹੈ ਇਹਨੂੰ ਸਾਂਭ, ਹੁਣ ਤੂੰ ਜਾ ਕੇ ਸਾਧਨ ਕਰ, ਇਥੇ ਆਉਣ ਦੀ ਤੈਨੂੰ ਬਾਰ-ਬਾਰ ਲੋੜ ਨਹੀਂ। ਉਹ ਬੁਲਾ ਕੇ ਦੇ ਦਿਤੀ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਫਫੜੇ ਭਾਈ ਕੇ, ਗੁਰਸਿੱਖ ਨੂੰ ਭੇਜਿਆ ਕਿ ਜਾਹ ਉਥੇ ਬਹਿਲੋ ਨਾਮ ਦਾ ਇਕ ਸਿੱਖ ਹੈ। ਸਿੱਖ ਨਹੀਂ ਹੈ ਉਹ ਸੁਲਤਾਨੀਆ ਹੈ। ਉਹਨੂੰ ਕਹਿ ਕਿ ਸਾਨੂੰ ਮਿਲੇ ਆ ਕੇ। ਅਸੀਂ ਉਹਨੂੰ ਜਾਣਦੇ ਹਾਂ, ਉਹ ਨਹੀਂ ਜਾਣਦਾ। ਉਹ ਭੁੱਲਿਆ ਬੈਠਾ ਹੈ। ਗੁਰਸਿੱਖ ਗਿਆ, ਉਥੇ ਦਾ ਉਹ ਜਥੇਦਾਰ ਸੀ, ਸਾਰੇ ਸੰਗ ਨੂੰ ਲੈ ਕੇ ਨਿਗਾਹੇ ਜਾਂਦਾ ਹੁੰਦਾ। ਗੁਰਸਿੱਖ ਨੇ ਕਿਹਾ, ਪ੍ਰੇਮੀਆਂ! ਤੈਨੂੰ ਗੁਰੂ ਮਹਾਰਾਜ ਨੇ ਬੁਲਾਇਆ ਹੈ, ਕਹਿੰਦਾ ਦੇਖ ਤੈਨੂੰ ਮੈਂ ਸਾਫ਼-ਸਾਫ਼ ਗੱਲ ਕਰਦਾ ਹਾਂ, ਅਸੀਂ ਹਾਂ ਸਰਵਰੀਏ, ਅਸੀਂ ਸਿੱਖਾਂ ਦੇ ਨਾਲ ਨਾ ਵਰਤੀਏ, ਨਾ ਸਿੱਖਾਂ ਦੇ ਗੁਰੂ ਕੋਲ ਜਾਈਏ। ਮੈਂ ਨਹੀਂ ਜਾਣਾ। ਵਾਪਸ ਚਲਿਆ ਗਿਆ, ਮਹਾਰਾਜ ਕਹਿੰਦੇ, ਜਾਹ ਬੁਲਾ ਕੇ ਲਿਆ ਫੇਰ, ਉਹਨੂੰ ਕਹਿ ਉਹਦੀ ਅਮਾਨਤ ਪਈ ਹੈ ਸਾਡੇ ਕੋਲ। ਦੁਬਾਰਾ ਫੇਰ ਗਿਆ, ਦੁਬਾਰਾ ਫੇਰ ਨਾ ਆਇਆ। ਮਹਾਰਾਜ ਨੇ ਤੀਜੀ ਵਾਰੀ ਫੇਰ ਭੇਜ ਦਿਤਾ। ਕਹਿਣ ਲੱਗਿਆ, ਮੈਂ ਚੱਲਦਾਂ, ਹੁਣ ਤੂੰ ਤਿੰਨ ਵਾਰੀ ਆਇਆ ਹੈਂ, ਪਰ ਜੇ ਮੇਰੇ ਪੀਰ ਨੇ ਕਿਹਾ ਕਿ ਨਾ ਜਾਹ, ਫੇਰ ਨਹੀਂ ਮੈਂ ਜਾਣਾ।

ਕਹਿੰਦਾ, ਪੁੱਛੇਂਗਾ ਕਿੱਥੇ?

ਕਹਿੰਦਾ, ਸਤਿਲੁਜ ਲੰਘਣ ਵੇਲੇ, ਕਿਸ਼ਤੀ ਵਿਚ ਪੁੱਛਾਂਗਾ। ਉਹਦੇ ਨਾਲ ਤੁਰਿਆ ਜਾਂਦਾ ਹੈ। ਜਦੋਂ ਕਿਸ਼ਤੀ ਵਿਚ ਬੈਠ ਗਏ, ਕਹਿੰਦੇ, ਪੁੱਛ ਲੈ।

ਕਹਿੰਦਾ, ਇਥੇ ਨਹੀਂ ਪੁੱਛਣਾ, ਵਿਚਕਾਰਲੀ ਧਾਰ ਦੇ ਵਿਚ ਪੁੱਛਾਂਗਾ ਜਾ ਕੇ। ਜਦੋਂ ਦਰਿਆ ਦੇ ਵਿਚਾਲੇ ਆਇਆ। ਉਹ ਜਿਹੜੀ ਚਮੜੇ ਦੀ ਜੈਕਟ ਸੀ ਪਾਈ ਹੋਈ, ਛਟੀ ਸੀ ਉਹਦੇ ਕੋਲ, ਹੋਰ ਚੀਜ਼ਾਂ ਸੀ, ਖੇਲ੍ਹ ਪਾਉਣ ਵਾਸਤੇ, ਉਹਨੇ ਉਹ ਲਾਹ ਲਈਆਂ। ਲਾਹ ਕੇ ਕਹਿਣ ਲੱਗਿਆ, ਲੈ ਪੀਰ ਜੀ! ਔਹ ਆ ਗਿਆ, ਅੱਧ ਜੇ ਤਾਂ ਮੈਂ ਹੈਗਾ ਤੇਰਾ ਤਾਂ ਤੂੰ ਮੋੜ ਲੈ, ਤੈਨੂੰ ਕਰਾਮਾਤੀ ਕਹਿੰਦੇ ਨੇ, ਸ਼ਕਤੀ ਵਾਲਾ ਕਹਿੰਦੇ ਨੇ, ਕਿਸ਼ਤੀ ਦਾ ਮੂੰਹ ਬਦਲ ਦੇ ਪਿਛਲੇ ਪਾਸੇ ਨੂੰ। ਜੇ ਮੈਂ ਅੱਧ ਲੰਘ ਗਿਆ ਫੇਰ ਮੈਂ ਗੁਰੂ ਦਾ ਬੰਦਾ ਹਾਂ। ਫੈਸਲਾ ਮੈਂ ਦਰਿਆ ਵਿਚ ਕਰਨਾ ਹੈ। ਪੰਜ ਸੱਤ ਵਾਰੀ ਉੱਚੀ ਅਵਾਜ਼ਾਂ ਮਾਰੀਆਂ। ਕੁਝ ਵੀ ਨਾ ਹੋਇਆ। ਅੱਧ 'ਚ ਆ ਗਿਆ। ਕਹਿਣ ਲੱਗਿਆ, ਲੈ ਪੀਰ ਜੀ! ਹੁਣ ਮੈਂ ਅੱਧ ਲੰਘ ਚਲਿਆ, ਆਹ ਫੜ ਆਪਣੀ ਜੈਕਟ, ਆਹ ਫੜ ਆਪਣੀ ਛਟੀ, ਸਭ ਕੁਝ ਸੁੱਟ ਦਿਤਾ।

ਸ੍ਰੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਆ ਗਿਆ। ਸੇਵਾ 'ਤੇ ਲਾ ਦਿਤਾ, ਬਹੁਤ ਸੇਵਾ ਕਰੀ। ਮਹਾਰਾਜ ਨੇ ਕਿਹਾ, ਭਾਈ ਬਹਿਲੋ! ਸਭ ਤੋਂ ਪਹਿਲੋ, ਘਰੋਂ ਮੰਗਵਾ ਕੇ ਵਸਤੂ ਦਿਤੀ ਗਈ। ਸੋ ਜਿਸ ਦੇ ਪਾਸ ਅਮਾਨਤ ਹੁੰਦੀ ਹੈ, ਉਥੋਂ ਹੀ ਮਿਲਦੀ ਹੈ, ਹੋਰ ਥਾਂ ਤੋਂ ਨਹੀਂ ਮਿਲਦੀ। ਜੇ ਮਹਾਤਮਾ ਦੇ ਕੋਲ ਆਓ, ਮਹਾਤਮਾ ਦੇਖ ਲੈਂਦੇ ਨੇ ਕਿ ਇਹ ਫਲਾਣੇ ਮਹਾਤਮਾ ਦਾ ਹੈਗਾ ਸੰਗੀ। ਨਾਲ ਦੀ ਨਾਲ ਨਿਗ੍ਹਾ ਮਾਰ ਕੇ ਦੇਖਦੇ ਨੇ ਕਿ ਇਹਦੀ ਵਸਤੂ ਸਾਡੇ ਕੋਲ ਤਾਂ ਨਹੀਂ ਹੈ? ਕਿਉਂਕਿ ਇਹਦੇ ਸ਼ੁਭ ਕਰਮ ਸਾਡੇ ਕੋਲ ਇਹਨੂੰ ਲੈ ਆਏ ਨੇ। ਉਥੇ ਕਹਿੰਦੇ ਨੇ ਕਿ ਪਿਆਰਿਆ! ਤੇਰੀ ਵਸਤੂ ਸਾਡੇ ਕੋਲ ਨਹੀਂ ਤੂੰ ਫਲਾਣੇ ਮਹਾਤਮਾ ਨੂੰ ਜਾ ਕੇ ਮਿਲ। ਉਹ ਅਮਾਨਤ ਤੇਰੀ ਸਾਂਭੀ ਫਿਰਦੇ ਨੇ। ਸੋ ਇਹ ਚੀਜ਼ਾਂ ਨੇ ਗੁਪਤ ਦੇਸ਼ ਦੀਆਂ। ਮਹਾਤਮਾ ਨੂੰ ਪਤਾ ਹੁੰਦਾ ਹੈ ਇਹਨਾਂ ਗੱਲਾਂ ਦਾ। ਸੋ ਜਿਥੇ ਵਸਤੂ ਹੈ ਉਥੇ ਹੀ ਪਹੁੰਚਣਾ ਪੈਂਦਾ ਹੈ।

ਸੋ ਬਾਬਾ ਅਮਰਦਾਸ ਜੀ 22 ਵਾਰੀ ਗੰਗਾ ਦੇ ਇਸ਼ਨਾਨ ਨੂੰ ਗਏ, ਕੁੰਭਾਂ ਦੇ ਮੌਕਿਆਂ 'ਤੇ। ਉਥੇ ਵੱਡੇ-ਵੱਡੇ ਸਾਧੂਆਂ ਨੂੰ ਮਿਲੇ। ਵੱਡੇ-ਵੱਡੇ ਵੇਸ਼ ਭੁਸਾ ਵਾਲਿਆਂ ਨੂੰ ਮਿਲੇ। ਲੇਕਿਨ ਕਿਤੇ ਵੀ ਤਸੱਲੀ ਨਾ ਹੋਈ। ਨਾ ਤਸੱਲੀ ਹੋਣ 'ਤੇ ਫੇਰ ਅਰਦਾਸ ਕਰਦੇ ਨੇ ਕਿ ਹੇ ਗੰਗਾ ਮਈਆ! ਮੈਂ ਤੇਰੇ ਕਿੰਨੀ ਵਾਰੀ ਇਸ਼ਨਾਨ ਕਰਨ ਆਇਆ ਹਾਂ। ਮੈਂ ਸੁਣਿਆ ਹੈ

ਕਿ –

*ਤੀਰਥ ਕੀਏ ਏਕ ਫਲ,*
*ਸੰਤ ਮਿਲੇ ਫਲ ਚਾਰ,*
*ਗੁਰੂ ਮਿਲੇ ਫਲ ਅਨੇਕ ਹੈਂ,*
*ਕਹਤ ਕਬੀਰ ਵਿਚਾਰ।*

ਮੈਨੂੰ ਇਹ ਫਲ ਦੇਹ ਕਿ ਮੈਨੂੰ ਸਮਰੱਥ ਗੁਰੂ ਮਿਲ ਜਾਵੇ। 22ਵੀਂ ਵਾਰੀ ਜਦੋਂ ਇਹ ਗੱਲ ਕਹੀ, ਵਾਪਸ ਮੁੜਦੇ ਨੇ, ਇਕ ਪਿੰਡ ਦੇ ਅੰਦਰ ਦੁਰਗਾ ਨਾਮ ਦਾ ਪੰਡਤ ਹੈ। ਉਥੇ ਸਰ੍ਹਾਂ ਵਿਚ ਠਹਿਰੇ ਹੋਏ ਨੇ। ਮਹਾਰਾਜ ਦੇ ਚਰਨ ਨੰਗੇ ਨੇ। ਰੇਖਾ ਵਿਦਿਆ ਦਾ ਜਾਣਕਾਰ ਸੀ ਉਹ। ਕੁਦਰਤੀ ਮਹਾਰਾਜ ਦੇ ਚਰਨ ਵਿਚ ਪਦਮ ਰੇਖਾ ਸੀ, ਉਹ ਦੇਖ ਲਈ ਉਹਨੇ। ਦੇਖ ਕੇ ਉਥੇ ਹੀ ਮੱਥਾ ਟੇਕਿਆ। ਮਹਾਰਾਜ ਵੀ ਸਹਿਜ ਨਾਲ ਪਏ ਉਡੀਕਦੇ ਸੀ ਕਿ ਪੈਸੇ ਦੇ ਚੱਲੀਏ ਕਿਰਾਏ ਦੇ। ਉਠ ਕੇ ਬੈਠ ਕੇ ਕਹਿੰਦੇ, ਲਓ ਪੰਡਤ ਜੀ ਕਿੰਨਾ ਕਿਰਾਇਆ ਹੋਇਆ, ਕਈ ਦਿਨ ਦੇ ਤੁਹਾਡੀ ਸਰ੍ਹਾਂ ਵਿਚ ਆਰਾਮ ਕਰ ਰਹੇ ਹਾਂ। ਉਹ ਕਹਿਣ ਲੱਗਿਆ, ਬਾਬਾ! ਕਿਰਾਇਆ ਮੈਂ ਕੀ ਲੈਣੈ, ਕਿਰਾਇਆ ਮੈਂ ਲਵਾਂਗਾ ਜ਼ਰੂਰ, ਤੇਰੇ ਪੈਰ ਵਿਚ ਪਦਮ ਹੈ। ਜਾਂ ਤਾਂ ਤੂੰ ਬਾਦਸ਼ਾਹ ਬਣੇਂਗਾ ਜਾਂ ਦੁਨੀਆਂ ਦਾ ਪੂਜ ਬਣੇਂਗਾ। ਮਹਾਰਾਜ ਕਹਿੰਦੇ, ਚੰਗਾ! ਜੋ ਤੂੰ ਮੂੰਹੋਂ ਮੰਗੇਂਗਾ, ਉਹ ਤੈਨੂੰ ਮਿਲ ਜਾਵੇਗਾ।

ਸੋ ਇਸ ਤਰ੍ਹਾਂ ਦੇ ਨਾਲ ਅਜੇ ਕੁਝ ਮਿਲਿਆ ਨਹੀਂ ਸੀ। ਨਾਲ ਇਕ ਕਰਮਕਾਂਡੀ ਬੰਦਾ, ਜੋ ਕਾਫੀ ਵਿਦਵਾਨ ਸੀ, ਬਾਬਾ ਜੀ ਵੀ ਸਤਿਸੰਗ ਕਰਦੇ ਸੀ। ਇਹਨਾਂ ਨੂੰ ਸਭ ਪਤਾ ਸੀ ਰੂਹਾਨੀਅਤ ਦਾ, ਲੇਕਿਨ ਅਜੇ ਪ੍ਰਗਟ ਨਹੀਂ ਸੀ ਕੁਝ ਹੋਇਆ। ਚਲਦੇ-ਚਲਦੇ ਬਾਸਰਕਾ ਪਹੁੰਚ ਜਾਂਦੇ ਨੇ। ਜਦੋਂ ਜਾਣ ਲੱਗਿਆ, ਕਹਿਣ ਲੱਗਿਆ, ਬਾਬਾ ਅਮਰਦਾਸ! ਤੇਰੇ ਵਰਗਾ ਬੰਦਾ ਮੈਨੂੰ ਸਾਰੀ ਜ਼ਿੰਦਗੀ 'ਚ ਨਹੀਂ ਮਿਲਿਆ। ਕਿੰਨਾ ਤੇਰਾ ਮਿੱਠਾ ਸੁਭਾਅ ਹੈ, ਕਿੰਨਾ ਦਿਆਲੂ ਹੈਂ, ਕਿੰਨਾ ਦਾਤਾ ਹੈਂ। ਪੱਲਿਓਂ ਹੀ ਪੈਸੇ ਖਰਚੀ ਜਾਂਦੈ, ਦੂਜਿਆਂ ਨੂੰ ਚੀਜ਼ਾਂ ਲੈ-ਲੈ ਕੇ ਦੇਈ ਜਾਨੈਂ। ਫੇਰ ਪਿਆਰਿਆ! ਭਜਨ ਬੰਦਗੀ ਦੇ ਵਿਚ ਵੀ ਤੂੰ ਪੂਰਾ ਹੈਂ। ਮੈਨੂੰ ਇਸ ਤਰ੍ਹਾਂ ਤਾਂ ਦਸ ਦੇ ਕਿ ਤੇਰਾ ਗੁਰੂ ਕਿਹੜਾ ਹੈ? ਉਸ ਵੇਲੇ ਮਹਾਰਾਜ ਜੀ ਦੀ ਉਮਰ 70 ਸਾਲ ਦੀ ਹੋ ਚੁੱਕੀ ਸੀ। ਗੁਰੂ ਦਾ ਨਾਮ ਸੁਣਦੇ ਸਾਰ ਮਹਾਰਾਜ ਜੀ ਚੁੱਪ ਕਰ ਗਏ। ਚੁੱਪ ਹੀ ਨਹੀਂ ਕਰੇ ਨੇਤਰਾਂ ਦੇ ਕੋਇਆਂ ਦੇ ਵਿਚੋਂ ਦੋ ਹੰਝੂ ਹੇਠਾਂ ਨੂੰ ਤਿਲਕੇ। ਉਹਨੇ ਵੀ ਦੇਖ ਲਏ ਕਿ ਹੈਂ ਇਹਨਾਂ ਦਾ ਗੁਰੂ ਵਡੇਰੀ ਉਮਰ ਦਾ ਹੋਣੈ, ਸਰੀਰ ਛੱਡ ਗਿਆ ਹੋਣਾ ਹੈ ਤੇ ਵੈਰਾਗ ਦੇ ਵਿਚ ਇਸ ਤਰ੍ਹਾਂ ਦੀ ਇਹਨਾਂ ਦੀ ਹਾਲਤ ਹੋ ਗਈ। ਕਹਿਣ ਲੱਗਿਆ, ਬਾਬਾ ਅਮਰਦਾਸ ਜੀ! ਤੁਹਾਡੇ ਗੁਰੂ ਪੜਦਾ ਪਾ ਗਏ?

ਸਾਧੂ, ਸੰਤ, ਮਹਾਂਪੁਰਸ਼ਾਂ ਦੇ ਅਨੁਆਈ ਕਦੇ ਨਹੀਂ ਕਹਿਣਗੇ ਕਿ ਗੁਰੂ ਜੋਤੀ ਜੋਤ ਸਮਾਅ ਗਏ ਜਾਂ ਚੜ੍ਹਾਈ ਕਰ ਗਏ, ਬਿਲਕੁਲ ਨਹੀਂ ਕਹਿਣਗੇ। ਉਹਨਾਂ ਦਾ ਇਹ ਹੁੰਦੈ ਕਿ ਓਹਲੇ ਹੋ ਗਏ। ਗੁਰੂ ਤਾਂ ਮਰਦਾ ਨਹੀਂ ਹੈ –

*ਸਤਿਗੁਰੁ ਜਾਗਤਾ ਹੈ ਦੇਉ ॥* *ਅੰਗ- ੪੭੯*

ਕਦੇ ਵੀ ਨਹੀਂ ਮਰੇਗਾ ਗੁਰੂ, ਹਮੇਸ਼ਾ ਹੀ ਜਾਗਦਾ ਰਹਿੰਦਾ ਹੈ। 3 dimensions (ਦਿਸ਼ਾਵਾਂ) 'ਚ ਅਸੀਂ ਜਾਣਦੇ ਹਾਂ। ਇਹ scientific (ਵਿਗਿਆਨਕ) ਬਾਤ ਹੈ, ਚੌਥੀ dimention (ਦਿਸ਼ਾ) ਦਾ ਸਾਨੂੰ ਪਤਾ ਨਹੀਂ ਹੈ। ਜਿਹਨੂੰ ਪਤਾ ਹੈ ਉਹਨੂੰ ਪਤਾ ਨਹੀਂ ਹੈ ਕਿ ਪੜਦਾ ਹੈ ਨਹੀਂ ਵਿਚਾਲੇ। ਏਧਰ ਦੇਖ ਲੈ ਓਧਰ ਦੇਖ ਲੈ, ਜਿਧਰ ਜੀਅ ਕਰਦੈ ਦੇਖ ਲੈ, ਸਾਰ-ਪਾਰ ਦਿਸਦੈ ਉਹਨੂੰ। ਉਸ ਵੇਲੇ ਉਸ ਨੇ ਕਿਹਾ ਕਿ ਇਹਨਾਂ ਦੇ ਗੁਰੂ ਜਿਹੜੇ ਨੇ ਪੜਦਾਪੋਸ਼ੀ ਕਰ ਗਏ ਹੋਣੇ ਨੇ ਤੇ ਫੇਰ ਪੁੱਛਿਆ ਕਿ ਬਾਬਾ ਅਮਰਦਾਸ ਜੀ! ਉਹਨਾਂ ਦਾ ਨਾਉਂ ਕੀ ਸੀਗਾ? ਹੋਰ ਜ਼ਿਆਦਾ ਵੈਰਾਗ ਆ ਗਿਆ। ਕਹਿਣ ਲੱਗੇ, ਬ੍ਰਹਮਚਾਰੀ ਜੀ! ਮੈਂ ਕੀ ਦੱਸਾਂ? 22 ਸਾਲ ਤੋਂ ਮੈਂ ਗੰਗਾ ਇਸ਼ਨਾਨ ਕਰਨ ਆਉਂਦਾ ਹਾਂ, ਇਸ਼ਨਾਨ ਵਾਸਤੇ ਹੀ ਨਹੀਂ ਆਉਂਦਾ। ਇਹ ਮੈਨੂੰ ਪਤਾ ਹੈ ਕਿ ਇਹ ਜਿਹੜੇ ਤੀਰਥ ਨੇ ਇਹਨਾਂ ਤੋਂ ਬਹੁਤ ਵੱਡਾ ਫਲ ਜਿਹੜਾ ਹੈ ਉਹ ਮਹਾਂਪੁਰਸ਼ਾਂ ਦੇ ਦਰਸ਼ਨ 'ਚ ਹੋਇਆ ਕਰਦਾ ਹੈ। ਕਰੋੜਾਂ ਗੰਗਾ ਦੇ ਇਸ਼ਨਾਨ ਦਾ ਫਲ ਹੋਇਆ ਕਰਦਾ ਹੈ ਜੇ ਮਹਾਂਪੁਰਸ਼ਾਂ ਦੇ ਦਰਸ਼ਨ ਹੋ ਜਾਣ, ਉਹਨਾਂ ਦੀ ਚਰਨ ਧੂੜੀ ਮਿਲ ਜਾਵੇ। ਇਹ ਜਿਹੜੇ ਤੀਰਥ ਨੇ, ਤੀਰਥ ਵੱਡਾ ਹੈ ਕਿ ਹਰੀ ਦਾ ਦਾਸ? ਹਰੀ ਦਾ ਦਾਸ, ਜਿਥੇ ਬੈਠੇਗਾ ਉਥੇ ਹੀ ਤੀਰਥ ਬਣਾ ਦੇਵੇਗਾ। ਉਸ ਥਾਂ ਦੇ ਉਤੇ ਪਵਿੱਤਰਤਾ ਐਨੀ ਆ ਜਾਏਗੀ, ਜਾ ਕੇ ਹੱਥ ਬੰਨ੍ਹ ਕੇ ਮੰਗਾਂਗੇ ਕਿ ਸੱਚੇ ਪਾਤਸ਼ਾਹ! ਮੈਨੂੰ ਆਹ ਤਕਲੀਫ ਹੈ। ਉਹ ਉਸੇ ਵੇਲੇ ਪੂਰੀ ਹੋ ਜਾਂਦੀ ਹੈ ਕਿਉਂਕਿ ਵੱਡਾ ਤੀਰਥ ਹੈ ਉਹ। ਇਹ ਜਿਹੜੇ ਤੀਰਥ ਨੇ ਇਹ ਦੇਵਤਿਆਂ ਦੇ ਥਾਪੇ ਹੋਏ, ਅੰਦਰ ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ! ਕਿਸੇ ਮਹਾਂਪੁਰਸ਼ ਦੇ ਚਰਨ ਪੁਆ। ਸਾਡੇ ਵਿਚ ਪਾਪ ਭਰ ਗਏ, ਐਸਾ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਤੀਰਥ ਵੀ ਲੋਚਦੇ,*
*ਸੰਤਾਂ ਦੀ ਧੂੜੀ ਤਾਈਂ।*
*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* *ਅੰਗ- ੧੨੬੩*

ਕਹਿਣ ਲੱਗੇ, ਮਹਾਂਪੁਰਸ਼ੋ! ਇਹ ਤਾਂ ਮੈਂ ਜਾਣਦਾ

ਹਾਂ ਕਿ ਤੀਰਥਾਂ ਤੋਂ ਮਹਾਂਪੁਰਸ਼ ਵੱਡੇ ਹੁੰਦੇ ਨੇ। ਉਹਨਾਂ ਦੇ ਚਰਨਾਂ ਦੀ ਧੂੜੀ ਤੀਰਥ ਲੋਚਦੇ ਨੇ। ਮੈਂ ਤੀਰਥ ਕਰਨ ਨਹੀਂ ਜਾਂਦਾ ਕਿ ਗੰਗਾ ਦਾ ਭਗਤ ਹਾਂ। ਮੈਂ ਤਾਂ ਗੁਰੂ ਦੀ ਤਲਾਸ਼ ਵਿਚ ਜਾਂਦਾ ਹਾਂ। ਪਰ ਅਫ਼ਸੋਸ ਇਹ ਹੈ ਕਿ ਮੈਨੂੰ ਅੱਜ ਤੱਕ ਸਮਰੱਥ ਗੁਰੂ ਨਹੀਂ ਮਿਲਿਆ। ਗੱਲਾਂ ਵਾਲੇ ਬਹੁਤ ਮਿਲਦੇ ਸੀਂ। ਚੇਲੇ ਚਾਟੜੇ ਫਸਾਉਂਦੇ ਸੀ, ਲੇਕਿਨ ਮੇਰੀ ਨਿਸ਼ਾ ਨਹੀਂ ਸੀ ਹੁੰਦੀ। ਜਦੋਂ ਤਕ ਨਿਸ਼ਾ ਨਾ ਹੋਵੇ, ਆਪਣਾ ਆਪਾ ਲੈਣ ਵਾਲਾ ਨਾ ਹੋਵੇ ਤੇ ਉਹਨੂੰ ਗੁਰੂ ਧਾਰ ਕੇ ਕੀ ਕਰਨਾ ਹੈ। ਕੱਚੇ ਗੁਰੂ ਤੋਂ ਤਾਂ ਮੁਕਤੀ ਹੀ ਨਹੀਂ ਹੁੰਦੀ? ਅੰਨ੍ਹਾ ਗੁਰੂ ਜਿਹੜਾ ਹੈ, ਉਹ ਆਪ ਵੀ ਡੁੱਬਦੈ ਤੇ ਸੰਸਾਰ ਨੂੰ ਵੀ ਡੋਬ ਦਿੰਦੈ।

ਚਾਰ ਕਿਸਮਾਂ ਹੁੰਦੀਆਂ ਨੇ ਗੁਰੂ ਦੀਆਂ। ਇਕ ਤਾਂ ਹੁੰਦੈ ਕੱਚਾ ਗੁਰੂ। ਐਵੇਂ ਹੀ ਗੁਰੂ ਬਣਿਆ ਹੋਇਆ ਕਿ ਇਹਦਾ ਪਿਉ ਵੀ ਮੇਰਾ ਸੇਵਕ ਸੀ। ਪੁੱਤ ਵੀ ਮੇਰਾ ਸੇਵਕ, ਪੋਤਾ ਵੀ ਮੇਰਾ। ਕੁਛ ਵੀ ਨਹੀਂ ਕਰਨਾ। ਉਹ ਡੁੱਬ ਜਾਂਦਾ ਹੈ, ਕਿਉਂਕਿ ਗਿਆਨ ਦੀ ਸੱਤਾ ਨਹੀਂ ਹੁੰਦੀ, ਅੱਖ ਖੁੱਲ੍ਹੀ ਨਹੀਂ ਹੁੰਦੀ, ਅੰਦਰਲਾ ਅਨੁਭਵ ਜਾਗਿਆ ਨਹੀਂ ਹੁੰਦਾ। ਉਹ ਆਪ ਵੀ ਡੁੱਬਦਾ ਹੈ ਮਾਇਆ ਦੇ ਚੱਕਰਾਂ ਵਿਚ ਤੇ ਚੇਲਿਆਂ ਨੂੰ ਵੀ ਬਹਾਅ ਦਿੰਦੈ। ਕਰਮਕਾਂਡ ਤੋਂ ਅਗਾਂਹਾਂ ਜਾਣ ਹੀ ਨਹੀਂ ਦਿੰਦਾ। ਦੂਸਰਾ ਹੁੰਦਾ ਹੈ ਅੰਨ੍ਹਾ ਗੁਰੂ, ਜਿਸਨੂੰ ਅਨੁਭਵ ਨਹੀਂ ਹੈ। ਉਹ ਅਨੁਭਵ ਤੋਂ ਹੀਣਾ ਜਿਹੜਾ ਹੈ –

*ਅੰਨਾ ਆਗੂ ਜੇ ਥੀਐ ਸਭ ਸਾਥ ਮੁਹਾਵੈ।*

ਪਖੰਡੀ ਗੁਰੂ ਹੋਇਆ ਕਰਦੇ ਨੇ। ਪਖੰਡੀ ਗੁਰੂ ਦਾ ਫੈਲਾਓ ਬਹੁਤ ਜ਼ਿਆਦਾ ਹੁੰਦੈ, ਲੇਕਿਨ ਆਪ ਲੰਘਿਆ ਨਹੀਂ ਹੁੰਦਾ।

ਇਥੇ 1902 ਦੀ ਗੱਲ ਹੈ। ਇਥੇ ਹੀ ਇਹਨਾਂ ਪਿੰਡਾਂ ਦੇ ਵਿਚ, ਕਛਹਿਰਾ ਪਾਇਆ ਹੁੰਦਾ, ਸਿਰ ਦੇ ਉਹਦੇ ਬੰਨ੍ਹਿਆ ਹੁੰਦਿਆ ਕੋਈ ਕੱਪੜਾ, ਉਹ ਏਧਰ ਪਿੰਡਾਂ ਵਿਚ ਘੁੰਮੀਂ ਜਾਂਦਾ ਹੁੰਦਾ, ਉਹ ਆਹ ਗੱਲ ਕਹੀ ਜਾਂਦਾ ਸੀ, ਆ ਗਈ–ਆ ਗਈ–ਆ ਗਈ। ਰੋਪੜ ਵਲ ਉਹਦਾ ਜ਼ਿਆਦਾ ਸੀ। ਲੋਕ ਕਹਿਣ ਕਿ ਪਤਾ ਨਹੀਂ ਕੀ ਕਹਿੰਦੈ ਕਿ ਆ ਗਈ–ਆ ਗਈ। ਪਲੇਗ ਪੈ ਗਈ। ਬੰਦੇ ਮਰਨ ਲਗ ਗਏ। ਕਹਿੰਦੇ, ਲੈ ਸੰਤ ਤਾਂ ਪਹਿਲਾਂ ਹੀ ਕਹਿੰਦੇ ਸੀਗੇ ਕਿ ਆ ਗਈ–ਆ ਗਈ, ਆਪਾਂ ਹੀ ਨਹੀਂ ਸਮਝੀ ਗੱਲ। ਬੇਅੰਤ ਚੇਲੇ ਹੋ ਗਏ। ਜਦੋਂ ਚੇਲੇ ਵਧ ਗਏ, ਚੜ੍ਹਾਵਾ ਵੀ ਬਹੁਤ ਚੜ੍ਹਨ ਲਗ ਗਿਆ। ਵਧੀਆ ਰੇਸ਼ਮੀ ਕੱਪੜੇ, ਵਧੀਆ ਚੋਗੇ ਤੇ ਆਪਣੀ ਦਸਤਾਰ ਦੇ ਉਤੇ ਕਲਗੀ ਲਾ ਲਈ। ਕਹਿਣ ਲੱਗ ਗਿਆ ਕਿ ਮੈਂ ਆ ਗਿਆ, ਅਨੰਦਪੁਰ ਦਾ ਮਾਲਕ। ਉਥੇ ਜਾ ਕੇ ਸ੍ਰੀ ਅਨੰਦਪੁਰ ਸਾਹਿਬ 'ਤੇ ਕਬਜ਼ਾ ਕਰ ਲਿਆ। ਪੰਜ ਪਿਆਰੇ ਬਣਾ ਲਏ, ਬੇਅੰਤ ਸਿੰਘਾਂ ਨੂੰ ਬਾਣਾ ਪੁਆ ਕੇ ਬਰਛੇ ਦੇ ਕੇ, ਚੰਗਾ 500–700 ਦਾ ਇਕੱਠ ਕਰ ਲਿਆ। ਇਕੱਲਾ ਦੁਕੱਲਾ ਬੰਦਾ ਕੋਈ ਨਾ ਉਹਨੂੰ ਕੁਛ ਕਹੇ। ਅਖੀਰ ਉਹਦੀ ਬੁੱਧੀ ਹੋਰ ਭ੍ਰਿਸ਼ਟ ਹੋਈ ਉਹਨੇ ਪਟਿਆਲੇ ਵਾਲੇ ਮਹਾਰਾਜੇ ਨੂੰ, ਨਾਭੇ ਵਾਲੇ ਨੂੰ, ਜੀਂਦ ਵਾਲੇ ਨੂੰ, ਫਰੀਦਕੋਟ ਵਾਲੇ ਨੂੰ ਚਿੱਠੀ ਲਿਖ ਦਿਤੀ, ਕਹਿਣ ਲੱਗਿਆ, ਸਾਡਾ ਨਾਂਦੇੜ ਸਾਹਿਬ ਚਿਖਾ 'ਚ ਸਸਕਾਰ ਨਹੀਂ ਸੀ ਹੋਇਆ, ਅਸੀਂ ਨਿਕਲ ਆਏ ਸੀ, ਹੁਣ ਅਸੀਂ ਆਪਣਾ ਅਨੰਦਪੁਰ ਸਾਹਿਬ ਲੈ ਲਿਆ। ਹੁਣ ਅਸੀਂ ਸ਼ਾਦੀ ਕਰਾਉਣੀ ਚਾਹੁੰਦੇ ਹਾਂ, ਪਰ ਰਾਜੇ ਦੀ ਲੜਕੀ ਨਾਲ ਕਰਾਉਣੀ ਚਾਹੁੰਦੇ ਹਾਂ। ਕੋਈ ਰਾਜਾ ਆਪਣੀ ਲੜਕੀ ਦਾ ਰਿਸ਼ਤਾ ਮੇਰੇ ਨਾਲ ਕਰੇ। ਬੰਦੇ ਭੇਜ ਦਿਤੇ ਚਿੱਠੀਆਂ ਦੇ ਕੇ। ਬਾਕੀ ਰਾਜੇ ਤਾਂ ਚੁੱਪ ਕਰ ਰਹੇ ਤੇ ਨਾਭੇ ਦੇ ਵਿਚ ਹੀਰਾ ਸਿੰਘ ਰਾਜਾ ਹੁੰਦਾ ਸੀ, ਉਹਨੇ ਜਾ ਕੇ ਅਹਿਲਕਾਰ ਭੇਜ ਦਿਤੇ ਕਿ ਜਾਓ ਜਾ ਕੇ ਕਹੋ ਕਿ ਮਹਾਰਾਜ! ਮਹਾਰਾਜੇ ਨੂੰ ਕੰਮ ਜ਼ਿਆਦਾ ਹੈ ਤੇ ਉਹ ਤਾਂ ਆ ਨਹੀਂ ਸਕਦਾ, ਤੁਸੀਓਂ ਦਰਸ਼ਨ ਦਿਓ। ਇਹਨੇ 500 ਸਿੰਘ ਸਸ਼ਤਰਧਾਰੀ ਨਾਲ ਲਿਆ। ਬੜਾ ਅੰਡਬਰ ਰਚਿਆ, ਬਹੁਤ ਸਾਰੇ ਰਥ ਵਗੈਰਾ ਲੈ ਕੇ ਉਸ ਥਾਂ 'ਤੇ ਘੋੜੇ ਲੈ ਕੇ ਪਹੁੰਚਦਾ ਹੈ। ਮਹਾਰਾਜੇ ਨੇ ਬਾਰਾਂਦਰੀ ਦੇ ਵਿਚ ਉਤਾਰਾ ਕਰਾ ਦਿਤਾ। ਖਾਣ ਪੀਣ ਨੂੰ ਭੇਜ ਦਿਤਾ, ਸੁਖ–ਸਾਂਦ ਪੁੱਛੀ। ਦੂਸਰੇ ਦਿਨ ਕਿਹਾ ਕਿ ਮਹਾਰਾਜ! ਕੱਲ੍ਹ ਨੂੰ ਗੱਲ ਹੋਵੇਗੀ। ਤੁਸੀਂ ਉਥੇ ਹੀ ਆ ਜਾਓ, ਰਾਜੇ ਦੀ ਕਚਹਿਰੀ 'ਚ। ਆਪ ਕਚਹਿਰੀ ਦੇ ਅੰਦਰ ਬੈਠ ਗਿਆ, ਬਾਹਰ ਹੁਕਮ ਕਰ ਦਿਤਾ ਕਿ ਜੇ ਉਹ ਬੰਦਾ ਆਏਗਾ ਤਾਂ ਉਹਨੂੰ ਅੰਦਰ ਨਾ ਵੜਨ ਦੇਣਾ, ਇਥੇ ਹੀ ਬਿਠਾ ਰਖਿਓ। ਉਹ ਸਵੇਰ ਦਾ ਭੁੱਖਣ ਭਾਣਾ ਬੈਠਾ ਸ਼ਾਮ ਹੋ ਗਈ। ਬਾਹਰ ਨਿਕਲਿਆ, ਰਾਜਾ ਹੀਰਾ ਸਿੰਘ ਕਹਿਣ ਲੱਗਿਆ, ਬਾਬਾ ਜੀ! ਗੁਰੂ ਮਹਾਰਾਜ ਅੱਜ ਤਾਂ ਨਹੀਂ ਮੈਂ ਗੱਲ ਕਰ ਸਕਿਆ, ਕੱਲ੍ਹ ਨੂੰ ਕਰਾਂਗਾ। ਦੂਜੇ ਦਿਨ ਫੇਰ ਆ ਗਿਆ। ਰਾਜਾ ਦੇਖਦਾ ਸੀ ਕਿ ਕੋਈ ਤਾਕਤ ਇਹਦੇ ਵਿਚ ਹੈ ਕਿ ਨਹੀਂ। ਉਹਨੇ ਨਿਰਣਾ ਕਰ ਲਿਆ ਕਿ ਕੁਛ ਨਹੀਂ ਹੈ, ਖਾਲੀ ਭਾਂਡਾ ਹੈ, ਪਖੰਡੀ ਬੰਦਾ ਹੈ, ਪਖੰਡ ਚਲ ਗਿਆ ਇਹਦਾ। ਦੂਸਰੇ ਦਿਨ ਕਹਿਣ ਲੱਗਿਆ ਕਿ ਬਾਬਾ ਜੀ! ਕੱਲ੍ਹ ਨੂੰ ਬਾਰਾਂਦਰੀ ਦੇ ਬਾਗ਼ ਦੇ ਵਿਚ ਉਥੇ ਤੁਸੀਂ ਸਜ ਧੱਜ ਕੇ ਬੈਠਿਓ, ਮੈਂ ਥਾਲ ਲੈ ਕੇ ਆਵਾਂਗਾ ਸ਼ਗਨ ਦਾ। ਉਹਨੇ ਫੌਜ ਦਾ 500–700 ਜਵਾਨ ਲੈ ਲਿਆ, ਆਫ਼ੀਸਰ ਨੂੰ ਸਮਝਾ ਦਿਤਾ ਕਿ ਉਹ ਪਖੰਡੀ ਹੈ ਤੇ ਮੈਂ ਜਦੋਂ ਉਹਦੇ ਕੋਲ ਇਸ਼ਾਰਾ ਕਰੂੰ ਤੁਸੀਂ ਇਕ ਦਮ ਸੋਟੇ ਮਾਰਨੇ ਸ਼ੁਰੂ ਕਰ ਦਿਓ। ਉਥੇ ਚਲਿਆ ਗਿਆ, ਜਾ ਕੇ ਬੜਾ ਖੁਸ਼ ਹੋਇਆ। ਉਠ ਕੇ ਖੜ੍ਹਾ ਹੋ ਗਿਆ ਪਹਿਲਾਂ ਹੀ। ਉਹਨੇ ਦੇਖ ਲਿਆ ਕਿ ਇਹਦੇ ਵਿਚ ਤਾਂ ਸਾਧੂਪੁਣਾ ਵੀ ਨਹੀਂ ਹੈ, ਗੁਰੂ ਤਾਂ ਕਿੱਥੇ ਰਹਿ ਗਿਆ

ਇਹ। ਸਾਧੂ ਵੀ ਆਪਣੇ ਪ੍ਰਮੇਸ਼ਰ ਦੇ ਮਾਣ ਦੇ ਉਤੇ ਵੱਡੇ ਹੁੰਦੇ ਹਨ। ਇਸ ਤਰ੍ਹਾਂ ਨਹੀਂ ਕਿ ਵਜ਼ੀਰ ਦੇ ਆਉਣ 'ਤੇ ਖੜ੍ਹੇ ਹੋ ਗਏ, ਉਠ ਕੇ ਮਿਲਣ ਲਗ ਗਏ, ਬਿਲਕੁਲ ਨਹੀਂ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* ਅੰਗ- ੧੮੬

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਚੰਡੀਗੜ੍ਹ ਆਏ ਹੋਏ ਸੀ। ਦੁਪਹਿਰ ਢਲ ਚੁਕੇ ਸੀ, ਆਪ 5 ਵਜੇ ਮਿਲਿਆ ਕਰਦੇ ਸੀ। 4 ਵਜੇ ਸ. ਪ੍ਰਤਾਪ ਸਿੰਘ ਕੈਰੋਂ ਆ ਗਏ, ਬੜਾ ਰੋਹਬਦਾਬ ਸੀ ਉਹਨਾਂ ਦਿਨਾਂ 'ਚ ਚੀਫ਼ ਮਨਿਸਟਰ ਦਾ। ਮੇਰੀ ਡਿਊਟੀ ਸੀ। ਮੈਂ ਕਿਹਾ ਤੁਸੀਂ ਸਮੇਂ ਤੋਂ ਪਹਿਲਾਂ ਆ ਗਏ। ਕਹਿੰਦੇ, ਮੈਂ ਅਸੈਂਬਲੀ 'ਚੋਂ ਆਇਆ ਹਾਂ, ਦਰਸ਼ਨ ਕਰਨੇ ਨੇ। ਹੋਰ ਮੇਰੇ ਕੋਲ ਸਮਾਂ ਹੀ ਨਹੀਂ ਕੋਈ। ਮੈਂ ਤੁਹਾਨੂੰ ਤਾਂ ਕੱਲ੍ਹ ਦਾ ਸਮਾਂ ਦਿਤਾ ਸੀ ਕਿ ਰਜਿੰਦਰਾ ਗਾਰਡਨ 'ਚ ਮਹਾਰਾਜ ਸੈਰ ਕਰਦੇ ਹੋਣਗੇ, ਉਥੇ ਆ ਜਾਇਓ। ਕਹਿੰਦੇ, ਮੈਨੂੰ ਗਲਤ ਦਸ ਦਿਤਾ। ਮਹਾਰਾਜ ਜੀ ਕੋਲ ਮੈਂ ਗਿਆ। ਖੜਕਾ ਕਰਿਆ ਮਾੜਾ ਜਿਹਾ। ਕੋਈ ਧਿਆਨ ਨਹੀਂ ਦਿਤਾ ਉਹਨਾਂ ਨੇ। ਮੈਂ ਖੜ੍ਹ ਕੇ ਮੁੜ ਆਇਆ। ਦੂਜੀ ਵਾਰੀ ਗਿਆ, ਸਮਾਧੀ ਲੱਗੀ ਹੋਈ, ਥੋੜ੍ਹਾ ਜਿਹਾ ਤਖਤਾ ਮੈਂ ਜ਼ੋਰ ਨਾਲ ਖੋਲ੍ਹ ਦਿਤਾ। ਮਹਾਰਾਜ ਜੀ ਨੇ ਨੇਤਰ ਖੋਲ੍ਹੇ, ਕਹਿੰਦੇ, ਕੀ ਗੱਲ? ਮੈਂ ਕਿਹਾ, ਮਹਾਰਾਜ! ਸ. ਪ੍ਰਤਾਪ ਸਿੰਘ ਕੈਰੋਂ ਆਏ ਨੇ। ਜਵਾਬ ਹੀ ਨਾ ਦਿਤਾ, ਮੈਂ ਖੜ੍ਹ ਕੇ ਮੁੜ ਆਇਆ। ਅੱਧਾ ਘੰਟਾ ਹੋ ਗਿਆ। ਫੇਰ ਮੈਂ ਗਿਆ ਅੰਦਰ, ਕਹਿੰਦੇ, ਤੂੰ ਬੁਲਾਇਐ? ਮੈਂ ਕਿਹਾ, ਨਹੀਂ ਮਹਾਰਾਜ ਮੈਂ ਤਾਂ ਨਹੀਂ ਬੁਲਾਇਆ। ਆਪੇ ਆਇਐ ਉਹ ਤਾਂ। ਫੇਰ ਕੋਈ ਜਵਾਬ ਨਾ ਦਿਤਾ। ਚੌਥੀ ਵਾਰੀ ਮੈਂ ਫੇਰ ਅੰਦਰ ਗਿਆ। ਮੈਂ ਕਿਹਾ, ਮਹਾਰਾਜ! ਉਹ ਕਹਿੰਦਾ, ਮੈਂ ਬਹੁਤ ਛੇਤੀ ਮੁੜਨਾ ਹੈ। ਕਹਿੰਦੇ, ਕਿੰਨੇ ਸਿੰਘ ਆਏ ਹੋਏ ਨੇ? ਮੈਂ ਕਿਹਾ, 13 ਆਏ ਹੋਏ ਨੇ, 14ਵਾਂ ਨੰਬਰ ਹੈ। ਕਹਿੰਦੇ, 14ਵੇਂ ਨੰਬਰ 'ਤੇ ਬੁਲਾ ਉਹਨੂੰ। ਜਿਹੜੇ ਪਹਿਲਾਂ ਆਏ ਨੇ ਉਹਨਾਂ ਨੂੰ ਪਹਿਲਾਂ ਭੇਜ। ਸਾਰਿਆਂ ਨੂੰ ਮੈਂ ਕਿਹਾ ਜੇ ਪੰਜ-ਪੰਜ ਮਿੰਟ ਲਗਦੇ ਨੇ, 78 ਮਿੰਟ ਲਗ ਜਾਣੇ ਨੇ। ਮੈਂ ਕਿਹਾ, ਤੁਸੀਂ ਇਸ ਤਰ੍ਹਾਂ ਕਰੋ ਕੱਲ੍ਹ ਮੈਂ ਸਮਾਂ ਦਿਵਾ ਦੇਵਾਂਗੇ, ਅੱਜ ਨਮਸ਼ਕਾਰ ਕਰੋ, ਦੋ-ਦੋ ਮਿੰਟ 'ਚ ਨਿਕਲ ਆਓ। ਲਾਈਨ ਲੱਗੀ ਹੋਈ ਹੈ, ਵਿਚ ਖੜ੍ਹਾ ਹੈ ਚੌਦਵੇਂ ਨੰਬਰ 'ਤੇ। ਕਹਿੰਦਾ, ਅੱਜ ਮੈਨੂੰ ਪਤਾ ਲੱਗਿਆ ਕਿ ਲਾਈਨ ਵਿਚ ਕਿਵੇਂ ਖੜ੍ਹੀਦੈ, ਮੇਰੇ ਵੀ ਲਾਈਨਾਂ ਲਗਦੀਆਂ ਨੇ। ਕਹਿੰਦਾ, ਇਹ ਉਹ ਦਰ ਹੈ ਜਿਥੇ ਬਾਦਸ਼ਾਹ ਆ ਕੇ ਖੜ੍ਹੇ ਹੁੰਦੇ ਨੇ। ਇੰਤਜ਼ਾਰ ਕਰਦੇ ਨੇ।

ਬਾਬਾ ਸਾਹਿਬ ਸਿੰਘ ਜੀ ਨੂੰ ਜਦੋਂ ਮਿਲਣਾ ਹੁੰਦਾ, ਮਹਾਰਾਜਾ ਰਣਜੀਤ ਸਿੰਘ ਨੂੰ 7 ਦਿਨ ਇੰਤਜ਼ਾਰ ਕਰਨਾ ਪੈਂਦਾ। ਮਹਾਤਮਾ ਛੋਟੇ ਨਹੀਂ ਹੁੰਦੇ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* ਅੰਗ- ੫

ਪਾਤਸ਼ਾਹਾਂ ਦੇ ਪਾਤਸ਼ਾਹ ਹੁੰਦੇ ਨੇ ਅਰ ਉਹਨਾਂ ਦਾ ਹੁਕਮ ਕਿੰਨਾ ਚਲਦਾ ਹੈ - ***'ਜਾ ਕਾ ਕਹਿਆ ਦਰਗਹ ਚਲੈ ॥'***

ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਆਈ ਕਿ ਮਹਾਰਾਜ! ਸ. ਹਰੀ ਸਿੰਘ ਨਲੂਆ ਸ਼ਹੀਦ ਹੋ ਚੁਕਿਆ ਹੈ ਤੇ ਫੌਜ ਬੜੀ ਥੋੜ੍ਹੀ ਰਹਿ ਗਈ ਹੈ ਅੰਦਰ। ਜੇ ਇਹਨਾਂ ਨੂੰ ਪਤਾ ਲਗ ਗਿਆ ਤਾਂ ਇਹ ਮੁਲਖਈਆ ਦੋ ਲੱਖ ਤਿਆਰ ਬੈਠਾ ਹੈ ਲੜਾਈ ਵਿਚ ਲੜਨ ਨੂੰ। ਸਿੰਧ ਦਰਿਆ ਪਾਰ ਕਰਕੇ ਲਾਹੌਰ ਤੋਂ ਉਰ੍ਹੇ ਨਹੀਂ ਇਹਨਾਂ ਨੇ ਖੜ੍ਹਨਾ। ਇਕ ਦਮ ਤੁਸੀਂ ਇਥੇ ਪਹੁੰਚੋ। ਰਾਤੋ ਰਾਤ ਤਿਆਰੀ ਕਰੀ। ਤੇਜ਼ ਸਫ਼ਰ ਕਰਕੇ ਸਿੰਧ ਦਰਿਆ ਦੇ ਕੰਢੇ ਪਹੁੰਚਦੇ ਨੇ। ਉਥੇ ਦਰਿਆ ਚੜ੍ਹਿਆ ਹੋਇਐ। ਮਹਾਰਾਜਾ ਹੈਰਾਨ ਹੋ ਗਿਆ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਨਾਲ ਸੀਗੇ। ਰਾੜਾ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਤਮਾ। ਉਹਨਾਂ ਕੋਲ ਆ ਕੇ ਹੱਥ ਬੰਨ੍ਹੇ, ਕਹਿਣ ਲੱਗਿਆ, ਮਹਾਰਾਜ! ਦਰਿਆ ਚੜ੍ਹਿਆ ਹੋਇਐ, ਜੇ ਆਪਾਂ ਤੋਪਖਾਨਾ ਨਾ ਲੰਘਾਇਆ ਤਾਂ ਵੀ ਗੱਲ ਗਲਤ ਹੋ ਜਾਣੀ ਹੈ। ਜੇ ਫੌਜ ਨਾ ਗਈ ਤਾਂ ਵੀ ਗਲਤ। ਜੇ ਇਕ ਵਾਰੀ ਜਮਰੌਦ ਦਾ ਕਿਲ੍ਹਾ ਟੁੱਟ ਗਿਆ, ਇਹਨਾਂ ਨੇ ਲਾਹੌਰ ਤੋਂ ਉਰ੍ਹੇ ਨਹੀਂ ਖੜ੍ਹਨਾ। ਮੁੜ ਕੇ ਬਾਲ ਬੱਚੇ, ਬੀਬੀਆਂ ਇਥੇ ਬਜ਼ਾਰਾਂ 'ਚ ਫੇਰ ਵਿਕਦੀਆਂ ਫਿਰਨਗੀਆਂ। ਕ੍ਰਿਪਾ ਕਰੋ। ਪਰਉਪਕਾਰ ਵਾਸਤੇ ਕ੍ਰਿਪਾ ਕਰੋ।

ਮਹਾਤਮਾ 'ਚ ਸਾਰੀਆਂ ਸ਼ਕਤੀਆਂ ਹੁੰਦੀਆਂ ਨੇ ਪਰ ਉਹ ਦਿਖਾਲਦੇ ਨਹੀਂ -

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥*
ਅੰਗ- ੧੩੮੪

ਰੱਬ ਦੇ ਨਾਲ ਰਹਿੰਦੇ ਹੋਏ ਭੇਤ ਨਹੀਂ ਦਿੰਦੇ। ਕਹਿੰਦੇ, ਚੰਗਾ, ਅਸੀਂ ਸੁਖਮਨੀ ਸਾਹਿਬ ਪੜ੍ਹਾਂਗੇ। ਰਾਹ ਲੈ ਲੈਂਦੇ ਹਾਂ। ਦਰਿਆ ਦੇ ਕੰਢੇ ਆ ਕੇ ਕਹਿਣ ਲੱਗੇ ਕਿ ਅਸੀਂ ਸੁਖਮਨੀ ਸਾਹਿਬ ਪੜ੍ਹਨੀ ਹੈ ਤੇ ਤੂੰ ਗਿੱਠ-ਗਿੱਠ ਚਲ ਪੈ। ਦਰਿਆ ਇਕ ਦਮ ਥੱਲੇ ਉਤਰ ਗਿਆ। ਬਹੁਤ ਸਾਰੇ ਪ੍ਰੇਮੀ ਜਿਹੜੇ ਸਾਇੰਸ ਪੜ੍ਹਦੇ ਨੇ, ਨਾਸਤਕ ਪੁਸਤਕਾਂ ਪੜ੍ਹਦੇ ਨੇ ਉਹਨਾਂ ਦੇ ਮਨਾਂ ਵਿਚ ਹੁੰਦੈ ਕਿ ਇਹ ਵੀ ਗੱਲ ਹੋ ਸਕਦੀ ਹੈ ਕੀ, ਪਿਛੋਂ ਪਾਣੀ ਆ ਰਿਹੈ ਬੇਅੰਤ, ਉਹ ਉਤਰ ਕਿਵੇਂ ਗਿਆ, ਪਾਣੀ ਕਿੱਧਰ ਚਲਿਆ ਗਿਆ? ਇਹ ਨਹੀਂ ਹੁੰਦਾ ਸਾਧਸੰਗਤ ਜੀ। ਸੰਤ ਦਾ ਜੇ ਬਚਨ ਹੋ ਜਾਵੇ ਜਿਥੇ ਪਾਣੀ ਹੈ, ਉਥੇ ਹੀ ਖੜ੍ਹ ਜਾਣੈ, ਚਾਹੇ 400

ਮੀਲ ਪਿਛੋਂ ਆ ਰਿਹੈ। ਉਥੇ ਹੀ ਰੁਕ ਜਾਣੈ। ਜਿਹੜਾ ਪਾਣੀ ਢਲ ਰਿਹੈ, ਬਰਫ਼ ਦਾ, ਉਹ ਢਲਣ ਤੋਂ ਹਟ ਜਾਣੈ। ਸਭ ਤੋਂ ਵੱਡਾ ਬਚਨ ਹੁੰਦੈ ਸਾਧੂ ਦਾ। ਹੁਣ ਸਾਧੂ ਨੇ ਬਚਨ ਕਰ ਦਿਤਾ ਕਿ ਗਿੱਠ-ਗਿੱਠ ਹੋ ਜਾ। ਫੌਜਾਂ ਲੰਘਣੀਆਂ ਸ਼ੁਰੂ ਹੋ ਗਈਆਂ ਤੇ ਇਕ ਪਲਟਨ ਜਿਹੜੀ ਸੀ, ਉਹ ਨਾਸਤਕ ਸੀ। ਕਹਿੰਦੇ, ਜਦੋਂ ਬਾਬਾ ਜੀ ਦਾ ਸੁਖਮਨੀ ਸਾਹਿਬ ਖਤਮ ਹੋਏਗਾ, ਉਦੋਂ ਜਾਵਾਂਗੇ। ਬਾਬਾ ਜੀ ਨੇ ਇਸ਼ਾਰਾ ਕਰ ਦਿਤਾ, ਬਾਬਾ ਜੀ ਬਰੇਤੀ 'ਤੇ ਚਲੇ ਗਏ। ਇਹ ਪਲਟਨ ਅੱਧ 'ਚ ਚਲੀ ਗਈ ਸੀ ਦਰਿਆ ਦੇ। ਦਰਿਆ ਦੀ ਓਡੀਓ ਛੱਲ ਆਈ, ਰੋੜ੍ਹ ਕੇ ਲੈ ਗਈ ਪਲਟਨ ਨੂੰ।

ਮਹਾਰਾਜਾ ਰਣਜੀਤ ਸਿੰਘ ਕਹਿੰਦੇ, ਮਹਾਰਾਜ! ਆਪਣੀ ਇਕ ਪਲਟਨ ਰੁੜ੍ਹ ਗਈ। ਕਹਿੰਦੇ, ਭਾਈ ਨਾਸਤਕ ਸੀ, ਉਹਨੇ ਬਲੀ ਲੈ ਲਈ।

ਸੋ ਇਹ ਸਭ ਹੁਕਮ ਮੰਨਦੇ ਨੇ। ਹਵਾ ਹੁਕਮ ਮੰਨਦੀ, ਅੱਗ ਹੁਕਮ ਮੰਨਦੀ ਹੈ, ਕੋਈ ਚੀਜ਼ ਐਸੀ ਨਹੀਂ ਜਿਹੜੀ ਸਾਧੂਆਂ ਦਾ ਹੁਕਮ ਨਾ ਮੰਨੇ। ਸੋ ਇਹ ਵੱਡੇ ਰਾਜੇ ਹੁੰਦੇ ਨੇ, ਐਵੇਂ ਨਹੀਂ ਹੁੰਦੇ ਕਿ ਭੇਖ ਧਾਰ ਲਿਆ, ਫਲਾਣੇ ਸੰਤ-ਫਲਾਣੇ ਸੰਤ। ਅੰਦਰ ਹੁੰਦੀ ਹੈ ਜੋਤ, ਪ੍ਰਮੇਸ਼ਰ ਨਾਲ ਇਕਮਿਕ ਹੋਏ ਹੁੰਦੇ ਨੇ। ਲੇਕਿਨ ਉਹਦੀ ਰਜ਼ਾ ਵਿਚ ਰਹਿੰਦੇ ਨੇ। ਇਸ ਤਰ੍ਹਾਂ ਨਹੀਂ ਕਿ ਤਮਾਸ਼ੇ ਕਰਦੇ ਫਿਰਨ -

*ਨਾਟਕ ਚੇਟਕ ਕੀਏ ਕੁਕਾਜਾ॥*
*ਪ੍ਰਭ ਲੋਗਨ ਕਹ ਆਵਤ ਲਾਜਾ॥* *ਪਾਤਸ਼ਾਹੀ ੧੦*

ਮੂਸਾ ਜੀ ਦੇ ਪਿੱਛੇ, ਕਾਨੂੰਨ ਪੈ ਗਿਆ, ਮਿਸਰ ਦਾ ਬਾਦਸ਼ਾਹ। ਬੜਾ ਹੀ ਜ਼ਾਲਮ ਸੀ। ਸਾਰੀ ਯਹੂਦੀ ਕੌਮ ਨੂੰ ਉਹ ਕਹਿੰਦਾ ਸੀ ਕਿ ਮੈਂ ਇਕ ਨਹੀਂ ਜਿਉਂਦਾ ਛੱਡਣਾ। ਇਹ ਸਮੁੰਦਰ ਦੇ ਕੰਢੇ ਆ ਗਏ। ਇਹਨਾਂ ਦਾ ਰਸਤਾ ਬੰਦ ਹੋ ਗਿਆ। ਪਿਛੋਂ ਪਤਾ ਆ ਗਿਆ ਕਿ ਉਹ ਤਾਂ ਫੌਜਾਂ ਚਾੜ੍ਹ ਕੇ ਆ ਰਹੇ ਨੇ। ਮੂਸਾ ਜੀ ਨੇ ਦੂਆ ਕਰੀ ਕਿ ਹੇ ਅੱਲਾਹ ਤਾਲਾ! ਹੁਣ ਕੀ ਹੋਵੇਗਾ? ਉਹ ਤਾਂ ਫੌਜਾਂ ਚਾੜ੍ਹੀ ਆ ਰਿਹੈ। ਅਵਾਜ਼ ਆਈ ਕਿ ਮੂਸਾ! ਸਮੁੰਦਰ ਦੇ ਇਕ ਡੰਡਾ ਮਾਰ ਕੇ ਕਹਿ ਦੇ ਕਿ ਰਾਹ ਦੇ-ਦੇ। ਡੰਡਾ ਮਾਰਿਆ ਉਹਨੇ, ਦੋ ਹਿੱਸਿਆਂ ਵਿਚ ਫਟ ਗਿਆ ਸਮੁੰਦਰ। ਸਾਰੇ ਯਹੂਦੀ ਨਿਕਲ ਗਏ। ਜਦੋਂ ਫਰਊਨ ਆਇਆ, ਉਹਦੀਆਂ ਫੌਜਾਂ ਵਿਚ ਵੜੀਆ, ਸਮੁੰਦਰ ਮਿਲ ਗਿਆ, ਉਥੇ ਮਰ ਗਈਆਂ। ਉਸ ਦਿਨ ਤੋਂ ਉਹਦਾ ਨਾਉਂ Red Sea (ਲਾਲ ਸਾਗਰ) ਹੈ। ਸੋ ਐਸੀਆਂ ਅਨੇਕਾਂ ਹੀ ਮਿਸਾਲਾਂ ਨੇ। ਇਕ-ਦੋ ਨਹੀਂ ਹਨ।

ਸੋ ਸੰਤ ਮਹਾਰਾਜ ਜੀ ਕਹਿੰਦੇ, ਲਾਇਨ ਲਗਵਾ ਦੇ। ਮੈਂ ਕਿਹਾ, ਤੁਹਾਡਾ 14ਵਾਂ ਨੰਬਰ ਹੈ, ਕਹਿੰਦੇ, ਕੋਈ ਨਾ। ਹੌਲੀ-ਹੌਲੀ ਸਾਰੇ ਮਿਲਦੇ ਰਹੇ, ਉਸ ਤੋਂ ਬਾਅਦ ਉਹਦੀ ਵਾਰੀ ਆ ਗਈ। ਕਹਿੰਦਾ, ਮੈਨੂੰ ਕਿੰਨੇ ਮਿੰਟ ਦੇਵੋਂਗੇ, ਮੈਂ ਕਿਹਾ, 20 ਮਿੰਟ ਬਚਦੇ ਨੇ। ਕਹਿੰਦਾ, 20 ਨਹੀਂ ਮੈਨੂੰ 30 ਦਿਓ। ਮਸਾਂ ਉਹਨੇ ਦਰਸ਼ਨ ਕਰੇ ਮਹਾਂਪੁਰਸ਼ਾਂ ਦੇ।

ਸੋ ਮਹਾਂਪੁਰਸ਼ਾਂ ਦਾ ਸੰਗ ਜਿਹੜਾ ਹੈ ਸਾਰੇ ਹੀ ਲੋਚਦੇ ਨੇ। ਵੱਡੇ ਹੁੰਦੇ ਨੇ ਇਹ ਪ੍ਰਮੇਸ਼ਰ ਦਾ ਰੂਪ। ਸੋ ਤੀਰਥ ਵੀ ਲੋਚਦੇ ਨੇ ਕਿ ਮਹਾਂਪੁਰਸ਼ਾਂ ਦੀ ਚਰਨ ਧੂੜ ਮਿਲ ਜਾਵੇ।

ਸੋ ਇਹ ਜਿਹੜਾ ਸੀ ਮਹਾਰਾਜ ਨਾਭੇ ਦੇ ਕੋਲ ਆਇਆ ਹੋਇਆ। ਮਹਾਰਾਜੇ ਨੇ ਕਿਹਾ ਕਿ ਕਿਤੇ ਹੋਵੇ ਹੀ ਨਾ ਥੋੜ੍ਹਾ ਬਹੁਤਾ। ਉਹ ਜਦੋਂ ਖੜ੍ਹਾ ਹੋ ਗਿਆ, ਇਹਨਾਂ ਦੇ ਸਤਿਕਾਰ ਵਾਸਤੇ ਕਿ ਸ਼ਗਨ ਲੈ ਕੇ ਆਇਆ ਹੈ, ਮੈਂ ਖੜ੍ਹਾ ਹੋ ਜਾਵਾਂ। ਉਸ ਵੇਲੇ ਰਾਜੇ ਨੇ ਇਸ਼ਾਰਾ ਕਰ ਦਿਤਾ। ਫੌਜ ਵਲੋਂ ਲਾਠੀਚਾਰਜ ਸ਼ੁਰੂ ਹੋ ਗਿਆ। ਜਿਹੜੇ 500 ਨਾਲ ਸੀ ਉਹ ਤਾਂ ਪਹਿਲਾਂ ਹੀ ਦੌੜ ਗਏ। ਇਕੱਲਾ ਰਹਿ ਗਿਆ। ਇਕੱਲਾ ਫੜ ਲਿਆ। ਕਹਿੰਦੇ, ਮਾਰੋ ਨਾ ਇਹਨੂੰ। ਮਹਾਰਾਜੇ ਨੇ ਥੱਲੇ ਬਿਠਾ ਲਿਆ, ਕਹਿੰਦਾ ਕਿਉਂ ਬਈ ਪਾਖੰਡੀਆਂ, ਤੂੰ ਗੁਰੂ ਗੋਬਿੰਦ ਸਿੰਘ ਜੀ ਬਣਿਆ ਹੋਇਆ ਸੀ? ਜਦੋਂ ਚੰਗੀ ਮਾਰ ਪਈ ਤਾਂ ਕਹਿਣ ਲੱਗਿਆ ਮਹਾਰਾਜ! ਮੈਂ ਤਾਂ ਫਲਾਣੇ ਪਿੰਡ ਦਾ ਰਹਿਣ ਵਾਲਾ ਹਾਂ। ਮੈਂ ਆ ਗਈ-ਆ ਗਈ ਕਹੀ ਜਾਂਦਾ ਹੁੰਦਾ ਸੀ, ਮੈਨੂੰ ਆਪ ਨਹੀਂ ਸੀ ਪਤਾ ਕਿ ਕੀ ਆ ਗਈ? ਇਹ ਲੋਕਾਂ ਨੇ ਮੈਨੂੰ ਮੰਨ ਲਿਆ, ਮੈਂ ਫੇਰ ਗੁਰੂ ਬਣ ਕੇ ਬਹਿ ਗਿਆ। ਇਹ ਕੱਚੇ ਗੁਰੂ ਪਖੰਡੀ ਗੁਰੂ ਹੋਇਆ ਕਰਦੇ ਨੇ।

ਸੋ ਬਾਬਾ ਅਮਰਦਾਸ ਜੀ ਕਹਿਣ ਲੱਗੇ ਕਿ ਮੈਨੂੰ ਪਖੰਡੀ ਗੁਰੂ ਤਾਂ ਬੇਅੰਤ ਮਿਲੇ ਪਰ ਜਿਸ ਉਪਰ ਤਸੱਲੀ ਆ ਜਾਵੇ ਉਹ ਗੁਰੂ ਨਾ ਮਿਲਿਆ ਕਿਉਂਕਿ ਮੈਂ ਵੀ ਕੁਛ ਲਈ ਫਿਰਦਾਂ, ਗੁਰੂ ਦੀ ਭੇਟਾ ਕਰਨ ਵਾਸਤੇ। ਐਸਾ ਗੁਰੂ ਨਾ ਮਿਲਿਆ ਜਿਹਨੂੰ ਆਪਾ ਭੇਟ ਕਰ ਦੇਵਾਂ।

ਐਨੀ ਗੱਲ ਸੁਣਦੇ ਸਾਰਾ ਜੋ ਕਰਮਕਾਂਡੀ ਸੀ ਕਹਿਣ ਲੱਗਿਆ, ਬਾਬਾ ਅਮਰਦਾਸ! ਤੂੰ ਬੋਲਣ ਨੂੰ ਬੜਾ ਮਿੱਠਾ, ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਮਾਲਾ ਫੇਰਦਾ ਹੈਂ, ਮੈਨੂੰ ਕੀ ਪਤਾ ਸੀ ਕਿ ਤੂੰ 70 ਸਾਲ ਦੀ ਉਮਰ ਵਿਚ ਵੀ ਨਿਗੁਰਾ ਹੀ ਤੁਰਿਆ ਫਿਰਦਾ ਹੈਂ ਤੇ ਨਿਗੁਰੇ ਦੇ ਹੱਥੋਂ ਖਾਣ ਨਾਲ ਤੂੰ ਮੇਰੇ ਸਾਰੇ ਕਰਮ-ਧਰਮ ਭ੍ਰਿਸ਼ਟ ਕਰ ਦਿਤੇ। ਪਿਆਰਿਆ! ਮੇਰੀ ਸਾਰੀ ਜ਼ਿੰਦਗੀ ਦੀ ਮਿਹਨਤ ਗਈ। ਰੋਣ ਲਗ ਗਿਆ ਉੱਚੀ-ਉੱਚੀ ਕਿਉਂਕਿ ਨਿਗੁਰਾ ਜਿਸ ਥਾਂ 'ਤੇ ਬੈਠ ਜਾਵੇ, ਉਹ ਭ੍ਰਿਸ਼ਟ ਹੋ ਜਾਇਆ ਕਰਦੀ ਹੈ। ਐਸੀਆਂ ਇਤਿਹਾਸ ਵਿਚ ਸਾਖੀਆਂ ਆਉਂਦੀਆਂ ਨੇ। ਤੂੰ ਐਨੀ ਮਾੜੀ ਗੱਲ ਕਰੀ। ਤੇਰਾ ਤਾਂ ਨਾਉਂ ਲੈਣਾ ਹੀ ਬੁਰਾ

ਹੈ। ਤੇਰੀ ਗਤੀ ਕੀ ਹੋਵੇਗੀ? -

*ਨਿਗੁਰੇ ਕਉ ਗਤਿ ਕਾਈ ਨਾਹੀ ॥*
*ਅਵਗਣਿ ਮੁਠੇ ਚੋਟਾ ਖਾਹੀ ॥ ਅੰਗ- ੩੬੧*

ਇਹ ਤਾਂ ਜਮਦੂਤਾਂ ਦੇ ਦਰ 'ਤੇ ਜਾ ਕੇ ਚੋਟਾਂ ਪੈਣਗੀਆਂ। ਕੋਈ ਰਾਖਾ ਬਣਾਇਐ ਬਾਬਾ ਅਮਰਦਾਸ ਤੂੰ? ਮਹਾਰਾਜ ਕਹਿੰਦੇ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ- ੧੨੮੧*

ਜੇ ਸਤਿਗੁਰੂ ਹੈ ਹੀ ਨਹੀਂ ਕੱਢੂ ਕਿਹੜਾ?

ਗੁਰੂ ਮਹਾਰਾਜ ਜਦੋਂ ਮਾਲਵੇ 'ਚ ਗਏ ਕਹਿਣ ਲੱਗੇ, ਦਾਨਿਆ! ਤੂੰ ਬਈ ਕੇਸ ਰੱਖ ਲੇ ਸਿਰ 'ਤੇ? ਕਹਿੰਦਾ, ਮਹਾਰਾਜ! ਕੇਸ ਕੀ ਕੰਮ ਆਉਂਦੇ ਨੇ? ਕਹਿੰਦੇ, ਜਦੋਂ ਸਿੱਖ ਡੁੱਬਦਾ ਹੈ ਨਾ, ਨਰਕਾਂ 'ਚ ਗੋਤੇ ਖਾਂਦੈ, ਫੇਰ ਅਸੀਂ ਹੱਥ ਪਾ ਕੇ ਕੱਢ ਲੈਂਦੇ ਹਾ। ਕਹਿੰਦਾ, ਦੇਖੋ ਮੇਰਾ ਦਾਹੜਾ ਕਿੱਡਾ ਲੰਮਾ ਹੈ ਇਥੋਂ ਫੜ ਲਿਓ। ਮਹਾਰਾਜ ਨੇ ਦਾਹੜਾ ਫੜ ਕੇ ਝਟਕਾ ਮਾਰਿਆ, ਧਰਤੀ ਨਾਲ ਮੱਥਾ ਲਗ ਗਿਆ। ਕਹਿੰਦੇ, ਲੈ ਦਾਨਿਆ! ਜੇ ਇਸ ਤਰ੍ਹਾਂ ਮਾਰਿਆ, ਫੇਰ ਤਾਂ ਤੂੰ ਡੁੱਬੇਂਗਾ ਹੀ। ਕੇਸ ਰੱਖ ਲਏ ਉਹਨੇ, ਸਮਝ ਵਿਚ ਆ ਗਈ ਗੱਲ। ਮਹਾਰਾਜ ਨੇ ਸਮਝਾ ਦਿਤਾ। ਗੁਰੂ ਜਿਹੜਾ ਹੈ ਇਥੇ ਵੀ ਰਾਖੀ ਕਰਦਾ ਹੈ। ਦਰਗਾਹ ਵਿਚ ਵੀ ਰਾਖੀ ਕਰਦੈ। ਜੇ ਭੁੱਲੇ ਭਟਕੇ ਸਿੱਖ ਚਲਿਆ ਜਾਵੇ, ਸਿੱਖ ਨੇ ਜਾਣਾ ਨਹੀਂ ਧਰਮਰਾਜ ਦੇ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ - ੩੮*

ਤੇਰੇ ਕੋਲ ਉਹ ਲੋਕ ਆਉਣਗੇ ਜਿਨ੍ਹਾਂ ਨੇ ਦਵੈਤ ਭਾਵ ਦੇ ਵਿਚ ਆਪਣਾ ਜੀਵਨ ਬਤੀਤ ਕਰਿਆ ਹੋਇਆ ਹੈ ਤੇ ਨਿਗੁਰੇ ਰਹਿ ਕੇ ਸੰਸਾਰ 'ਚ ਰਹੇ ਨੇ। ਉਹ ਤੇਰੇ, ਜਿਹੜੇ ਗੁਰੂਆਂ ਦੇ ਨੇ ਉਹ ਗੁਰੂਆਂ ਦੇ ਨੇ। ਦੇਖੀਂ ਕਿਤੇ ਭੁੱਲ ਕੇ ਨਾ ਉਹਨਾਂ ਨੂੰ ਹੱਥ ਪਾ ਬੈਠੀਂ -

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ*
*ਨਿਕਟਿ ਨ ਜਾਈਅਹੁ ਦੂਤ ॥ ਅੰਗ - ੨੫੬*

ਸੋ ਉਹਦੀ ਗਤੀ ਕੋਈ ਨਹੀਂ ਹੋਇਆ ਕਰਦੀ। ਕੁੱਤਿਆਂ-ਬਿੱਲਿਆਂ ਦੀ ਜੂਨੀ 'ਚ ਪੈਂਦਾ ਹੈ -

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ ॥ ਅੰਗ - ੧੩੫੬*

ਕਹਿੰਦਾ, ਬਾਬਾ ਅਮਰਦਾਸ ਤੇਰੀ ਤਾਂ ਗਤੀ ਨਹੀਂ ਹੋਣੀ।

*ਨਿਗੁਰੇ ਕਉ ਗਤਿ ਕਾਈ ਨਾਹੀ ॥*
*ਅਵਗਣਿ ਮੁਠੇ ਚੋਟਾ ਖਾਹੀ ॥*
*ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥*
*ਗੁਰਮੁਖਿ ਤਾ ਕਉ ਲਗੈ ਨ ਪੀਰ ॥ ਅੰਗ - ੩੬੧*

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*

*ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ- ੪੩੫*

ਰੋਣ ਲਗ ਗਿਆ ਕਹਿ ਕੇ ਕਿ ਤੂੰ ਤਾਂ ਮੇਰੇ ਨਾਲ ਧੋਖਾ ਕਰਿਆ। ਮੈਂ ਤੇਰੇ ਹੱਥ ਦਾ ਖਾਂਦਾ ਰਿਹਾ। ਬਥੇਰਾ ਬਾਬਾ ਜੀ ਨੇ ਰੋਕਿਆ, ਭੁੱਖਾ ਤਿਹਾਇਆ ਉਵੇਂ ਜਿਵੇਂ ਸਾਥ ਛੱਡ ਕੇ ਚਲਿਆ ਗਿਆ।

ਸੱਟ ਲੱਗੀ ਦਿਲ ਦੇ ਉਤੇ ਕਿ ਹੈਂ! ਉਹ ਤਾਂ ਕਹਿੰਦਾ ਹੈ ਕਿ ਜੀਵਨ ਦਾ ਭਰੋਸਾ ਕੋਈ ਨਹੀਂ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ- ੨੫੪*

ਐਸੀ ਸੱਟ ਲੱਗੀ ਬੋਲਣਾ ਚਲਣਾ ਬੰਦ ਕਰ ਦਿਤਾ। ਕਦੇ ਆਪ ਹਉਕੇ ਲੈ ਕੇ ਵੈਰਾਗ ਕਰਦੇ ਨੇ। ਕਦੇ ਉੱਚੀ ਵੀ ਰੋ ਪੈਂਦੇ ਨੇ। ਨਾਲ ਆਵਾਜ਼ ਆਉਂਦੀ ਹੈ ਕਿ ਹੈਂ! ਮੇਰੀ ਕਿਸਮਤ। ਹੇ ਗੰਗਾ ਮਈਆਂ! ਤੇਰੇ ਕੋਲ ਮੈਂ ਕਿੰਨੀਆਂ ਬੇਨਤੀਆਂ ਕੀਤੀਆਂ, ਮੈਨੂੰ ਗੁਰੂ ਨਾ ਮਿਲਾਇਆ ਤੂੰ। ਮੇਰੀ ਤੂੰ ਭਾਵਨਾ ਪੂਰੀ ਨਾ ਕਰੀ। ਮੈਂ ਹਰ ਸਾਲ ਇਸ਼ਨਾਨ ਕਰਨ ਜਾਂਦਾ ਸੀ। ਕਹਿੰਦੇ, ਜੇ ਇਕ ਫਲ ਮਿਲਦਾ ਹੈ ਮੈਨੂੰ ਤਾਂ ਇਕ ਫਲ ਵੀ ਨਹੀਂ ਮਿਲਿਆ। ਸੋ ਇਸ ਤਰ੍ਹਾਂ ਦੀ ਹਾਲਤ ਹੋ ਗਈ। ਬੱਚਿਆਂ ਨੇ ਵੀ ਦੇਖਿਆ। ਖਿਆਲ ਕਰਿਆ ਕਿ ਇਹਨਾਂ ਦਾ ਮਿੱਤਰ ਚਲਿਆ ਗਿਆ, ਵੈਰਾਗ ਕਰਦੇ ਨੇ ਉਹਦਾ। ਦਿਲ ਦੀ ਗੱਲ ਕਿਸੇ ਨੂੰ ਨਹੀਂ ਦਸਦੇ। ਪਹਿਲਾ ਦਿਨ ਬਿਨਾਂ ਕੁਝ ਖਾਧੇ ਲੰਘ ਗਿਆ, ਰਾਤ ਬਿਨਾ ਸੁੱਤੇ ਲੰਘ ਗਈ। ਦੂਸਰਾ ਦਿਨ ਆ ਗਿਆ, ਇਸੇ ਤਰ੍ਹਾਂ ਦੂਸਰੀ ਰਾਤ ਆ ਗਈ। ਗਰਮੀ ਦਾ ਮਹੀਨਾ ਹੈ, ਆਪ ਨੇ ਕੋਠੇ ਉਤੇ ਚਾਰਪਾਈ ਲਾਈ ਹੋਈ ਹੈ, ਬਿਸਤਰਾ ਇਕੱਠਾ ਕਰਕੇ ਸਿਰ੍ਹਾਣੇ ਰੱਖਿਆ ਹੋਇਆ। ਲੇਕਿਨ ਆਪ ਵੈਰਾਗ ਵਿਚ ਐਨੇ ਨੇ ਕਿ ਨੀਂਦ ਤਾਂ ਨੇੜੇ ਤੇੜੇ ਵੀ ਨਹੀਂ ਆਉਂਦੀ। ਦੋ ਵਜ ਗਏ। ਦੋ ਵਜੇ ਗੁਰਮੁਖਾਂ ਦੇ ਉੱਠਣ ਦਾ ਸਮਾਂ ਹੋ ਜਾਂਦਾ ਹੈ।

'(ਵੀਡੀਓ ਫਿਲਮ, ਦੀਵਾਨ ਨੰ: 723)

*ਚਲਦਾ..............।'*

# ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥*

*ਅੰਗ - ੧੩੭੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ - 'ਸਤਿਨਾਮੁ ਸ੍ਰੀ ਵਾਹਿਗੁਰੂ'।

ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਸਦਕਾ ਸਾਨੂੰ ਸਤਿਸੰਗ ਦੀਆਂ ਸੁਭਾਗ ਘੜੀਆਂ ਪ੍ਰਾਪਤ ਹੋ ਰਹੀਆਂ ਹਨ। ਪਿਛਲੇ 72 ਘੰਟੇ ਤੋਂ ਬਾਰਿਸ਼ ਹੋ ਰਹੀ ਹੈ, ਪਰ ਫੇਰ ਵੀ ਇਸ ਦੀ ਪ੍ਰਵਾਹ ਨਹੀਂ ਕੀਤੀ। ਫੇਰ ਵੀ ਸਭ ਪਹੁੰਚਦੇ ਨੇ ਕਿਉਂਕਿ ਗੁਰੂ ਨਾਲ ਪਿਆਰ ਹੈ। ਪਿਆਰ ਵਾਲਾ ਨਹੀਂ ਝੱਖੜ ਝਾਂਗੀ ਦੀ ਪਰਵਾਹ ਕਰਦਾ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥*

*ਅੰਗ- ੭੫੭*

ਅੱਜ ਤੁਸੀਂ ਜਿੰਨੇ ਵੀ ਪਹੁੰਚੇ ਹੋਂ ਗੁਰੂ ਦਰਬਾਰ ਵਿਚ ਪਿਆਰ ਵਾਲੇ ਹੀ ਆਏ ਹੋ। ਪਿਆਰ ਵਾਲਿਆਂ ਦੀਆ ਬਹੁਤੀਆ ਭੀੜਾਂ ਨਹੀਂ ਹੁੰਦੀਆਂ-

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*

*ਅੰਗ- ੧੪੧੧*

ਬਹੁਤੇ ਨਹੀਂ ਹੋਇਆ ਕਰਦੇ -

*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ ॥* *ਅੰਗ- ੭੫੭*

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬਹੁਤ ਵਿਦਵਾਨ ਆਏ ਕਿਉਂਕਿ ਗੁਰੂ ਪਾਤਸ਼ਾਹ ਜੀ ਕੋਲ 52 ਕਵੀ ਸਦਾ ਰਹਿੰਦੇ ਸਨ। 50 ਲਿਖਾਰੀ, 102 ਵੱਡੇ ਵਿਦਵਾਨ, ਵੱਡੇ ਫਿਲਾਸਫਰ ਜਿਨ੍ਹਾਂ ਨੂੰ ਅੱਜ ਕਹਿੰਦੇ ਹਾਂ। ਸਾਹਿਤਕ ਰਚਨਾ ਰਚੀ ਜਾਂਦੀ। ਜਿਨ੍ਹਾਂ ਦੇ ਵਿਚੋਂ ਕਵੀ ਸੈਨਾਪਤ ਹੋਇਆ। ਜਿਸ ਤੋਂ ਪਾਤਸ਼ਾਹ ਜੀ ਨੇ ਚਾਣਕਿਆ ਦਾ ਗ੍ਰੰਥ ਹੈ, ਉਸ ਦਾ ਉਲਥਾ ਕਰਵਾਇਆ ਕਿ ਕਿਵੇਂ ਰਾਜਨੀਤੀ ਸਾਮ, ਦਾਮ, ਦੰਡ, ਭੇਦ 'ਤੇ ਚਲਦੀ ਹੈ। ਦਿੱਲੀ ਜਿਥੇ ਖਾਸ ਨੇਤਾ ਰਹਿੰਦੇ ਹਨ, ਉਸ ਦਾ ਨਾਮ ਹੀ ਚਾਣਕਿਆ ਪੁਰੀ ਹੈ। ਸੈਨਾਪਤੀ ਦਾ ਇਕ ਮਿੱਤਰ ਸੀ ਕਵੀ, ਭਾਈ ਅੰਮ੍ਰਿਤਰਾਏ ਜੀ ਉਹ ਵੀ ਗੁਰੂ ਦੇ ਚਰਨਾਂ ਦੇ ਵਿਚ ਆਉਣ ਵਾਸਤੇ ਤਿਆਰ ਹੁੰਦੇ ਨੇ। ਮੁਗ਼ਲਾਂ ਦਾ ਰਾਜ ਸੀ। ਕੱਟੜਵਾਦ, ਸ਼ਰ੍ਹਾ ਦੇ ਪੱਕੇ ਉਹਨਾਂ ਨੇ ਕਵੀਆਂ ਵਗੈਰਾਂ 'ਤੇ ਐਨੀਆਂ ਸਖਤਾਈਆਂ ਕੀਤੀਆਂ ਕਿ ਉਹ ਗੁਰੂ ਦੇ ਦਰਬਾਰ ਵਲ ਆਉਣੇ ਸ਼ੁਰੂ ਹੋ ਗਏ। ਐਸੇ ਹੀ ਭਾਈ ਅੰਮ੍ਰਿਤਰਾਏ ਕਵੀ ਨੇ ਜਦੋਂ ਗੁਰੂ ਦੇ ਚਰਨਾਂ ਦੀ ਸੋਭਾ ਸੁਣੀ, ਚਰਨਾਂ 'ਚ ਪਹੁੰਚਿਆ। ਸਤਿਗੁਰੂ ਦੀ ਸੋਭਾ ਸੁਣ ਕੇ, ਅੱਖਾਂ ਨਾਲ ਦੇਖ ਕੇ ਉਸ ਨੇ ਫੇਰ ਅੱਗੇ ਬਿਆਨ ਕੀਤੀ। ਉਹ ਸਮਾਂ ਤਾਂ ਕਿੱਡਾ ਮੁਸ਼ਕਲ ਸਮਾਂ ਸੀ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥* *ਅੰਗ- ੯੫੭*

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ*
*ਲੇਖੇ ਆਵਹਿ ਭਾਗ ॥* *ਅੰਗ- ੭*

ਧੁਰ ਤੋਂ ਹੀ ਜਿਨ੍ਹਾਂ ਦਾ ਸੰਜੋਗ ਲਿਖਿਆ ਹੁੰਦਾ ਹੈ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ ॥*
*ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥*

*ਅੰਗ- ੪੫੦*

ਐਸਾ ਗਿਆਨ ਹੁਣ ਅੱਗੇ ਵੰਡਦੇ ਹਨ। ਇਹ ਜਿਹੜੇ ਭਾਈ ਅੰਮ੍ਰਿਤਰਾਏ ਨੇ, ਇਹਨਾਂ ਤੋਂ ਸਤਿਗੁਰੂ ਜੀ ਨੇ ਮਹਾਂਭਾਰਤ ਦਾ ਉਲਥਾ ਕਰਾਇਆ। ਕਿਉਂਕਿ ਇਥੇ ਸਾਰਾ ਦਿਨ ਸਾਹਿਤਕ ਰਚਨਾ ਰਚੀ ਜਾਂਦੀ। ਬਹੁਤ ਵੱਡਾ ਸਾਹਿਤ ਦਾ ਭੰਡਾਰ, ਐਸਾ ਲੰਗਰ ਚਲਾਇਆ ਪਾਤਸ਼ਾਹ ਨੇ ਵਾਧਾ ਹੀ ਹੋ ਰਿਹਾ ਹੈ। ਇਹਦੀ ਦਸ ਇਕ ਐਸੇ ਪ੍ਰੇਮੀ ਨੂੰ ਪਾਈ, ਉਹ ਬਹੁਤ ਹੀ ਪਿਆਰ ਵਾਲਾ ਵੈਦ ਸੀ। ਬਚਪਨ ਵਿਚ ਹੀ ਸੁਜਾਨਰਾਏ ਦਾ ਪਿਤਾ ਚੜ੍ਹਾਈ ਕਰ ਗਿਆ। ਤਾਇਆ ਜੀ ਨੇ ਵੱਡਾ ਕੀਤਾ, ਪੜ੍ਹਾਇਆ, ਲਿਖਾਇਆ, ਉਹਨਾਂ ਨੇ ਇਸ ਨੂੰ ਗੋਦ ਲੈ ਲਿਆ ਤੇ ਫੇਰ ਸਾਰੀਆਂ ਵਿਦਿਆ ਪੜ੍ਹਾਈਆਂ। ਵੈਦ ਸੁਜਾਨ ਬਣਾ ਦਿਤਾ। ਵਿਆਹ ਵੀ ਕੀਤਾ, ਬੱਚੇ ਵੀ ਹੋ ਗਏ ਪਰ ਸ਼ਾਂਤੀ ਨਾ ਮਿਲੀ। ਜਦੋਂ ਇਹਨਾਂ ਨੇ ਦਸਿਆ ਕਿਉਂਕਿ ਸੰਗਤ ਦਾ ਅਸਰ ਹੁੰਦਾ ਹੈ। ਭਾਈ ਅੰਮ੍ਰਿਤਰਾਏ ਹੀ ਵੈਦ ਸੁਜਾਨ ਰਾਏ ਜੀ ਨੂੰ ਸ੍ਰੀ

ਅਨੰਦਪੁਰ ਸਾਹਿਬ ਲੈ ਕੇ ਆਏ। ਸਮਾਂ ਐਸਾ ਸੀ, ਸੰਗਤ ਬਾਹਰੋਂ ਵਾਰ-ਵਾਰ ਨਮਸ਼ਕਾਰ ਕਰਦੇ ਨੇ। ਗੁਰੂ ਪਾਤਸ਼ਾਹ ਜੀ ਅਸੀਸਾਂ ਬਖਸ਼ਿਸ਼ ਕਰਦੇ ਨੇ, ਖੁਸ਼ੀਆਂ ਬਖਸ਼ਿਸ਼ ਕਰਦੇ ਨੇ।

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ- ੪੪*

ਜਦੋਂ ਸਤਿਗੁਰੂ ਦੀ ਨਦਰਿ ਹੁੰਦੀ ਹੈ, ਕਿੰਨੀਆਂ ਹੀ ਖੁਸ਼ੀਆਂ ਮਿਲ ਜਾਂਦੀਆਂ ਹਨ। ਜਦੋਂ ਇਹਨਾਂ ਨੇ ਦਰਸ਼ਨ ਕੀਤੇ, ਸਨਮੁਖ ਖੜ੍ਹੇ ਹੋ ਕੇ -

*ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥*
*ਅੰਗ- ੭੫੮*

ਜਿਹੋ ਜਿਹਾ ਸੰਗੀਆਂ ਨੇ ਦੱਸਿਆ ਸੀ ਉਹੋ ਜਿਹਾ ਸਾਮ੍ਹਣੇ ਅੱਖਾਂ ਨਾਲ ਦੇਖ ਲਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਸਿੰਘਾਸ਼ਨ ਤੋਂ ਉੱਠੇ, ਬੜਾ ਬਖਸ਼ਿਸ਼ ਭਰਿਆ ਥਾਪੜਾ ਦਿਤਾ ਤੇ ਕਿਹਾ ਕਿ ਤੂੰ ਵੀ ਸੇਵਾ ਕਰ। ਸੇਵਾ ਕੀਤੀ ਤੇ ਫੇਰ ਬਚਨ ਵੀ ਐਸਾ ਕਰ ਦਿਤਾ। ਕਿਉਂਕਿ ਵੈਦ ਸੀਗੇ।

ਸੇਵਾ ਦੋ ਪ੍ਰਕਾਰ ਦੀ ਹੈ, ਇਕ ਨਿਸ਼ਕਾਮ ਸੇਵਾ ਹੈ, ਇਕ ਸਕਾਮ ਸੇਵਾ ਹੈ। ਸੇਵਾ ਜਿਹੜੀ ਹੁੰਦੀ ਹੈ ਕਿਉਂਕਿ ਲੰਘਣਾ ਹੁੰਦਾ ਹੈ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ 'ਚੋਂ।

*ਗੁਰ ਕੀ ਸੇਵਾ ਪਾਏ ਮਾਨੁ ॥ ਅੰਗ- ੮੬੪*

ਸਤਿਗੁਰ ਜੀ ਨੇ ਕ੍ਰਿਪਾ ਕੀਤੀ, ਬਖਸ਼ਿਸ਼ ਕਰ ਦਿਤੀ। ਸੇਵਾ ਇਸ ਤਰ੍ਹਾਂ ਨਹੀਂ ਮਿਲਦੀ -

*ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥*
*ਅੰਗ- ੨੫੫*

ਸਤਿਗੁਰੂ ਜੀ ਨੇ ਐਸੀ ਕ੍ਰਿਪਾ ਕੀਤੀ, ਸੇਵਾ ਬਖਸ਼ ਦਿਤੀ। ਘਰ 'ਚ ਕੋਈ ਘਾਟ ਨਹੀਂ ਸੀ ਤੇ ਆਪ ਮਰੀਜ਼ਾਂ ਦੀ ਸੇਵਾ ਫਰੀ ਕਰਦੇ, ਕਿਸੇ ਤੋਂ ਪੈਸਾ ਨਾ ਲੈਣਾ -

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*
*ਅੰਗ- ੩੧੪*

*ਸੇਵਕ ਕਉ ਸੇਵਾ ਬਨਿ ਆਈ ॥*
*ਹੁਕਮੁ ਬੂਝਿ ਪਰਮ ਪਦੁ ਪਾਈ ॥ ਅੰਗ- ੨੯੨*

ਜਿਵੇਂ ਪੁੱਤਰ ਸਾਰੀ ਵਿਰਾਸਤ ਦਾ ਹੀ ਮਾਲਕ ਬਣ ਜਾਂਦਾ ਹੈ, ਮਜ਼ਦੂਰ ਤਾਂ ਮਜ਼ਦੂਰੀ ਲੈ ਕੇ ਚਲਾ ਜਾਂਦਾ ਹੈ। ਇਸੇ ਤਰ੍ਹਾਂ ਨਿਸ਼ਕਾਮ ਸੇਵਾ ਕਰਨ ਨਾਲ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਤਨ, ਮਨ ਗੁਰੂ ਨੂੰ ਸੌਂਪ ਕੇ ਫੇਰ ਹੁਕਮ ਮੰਨ ਕੇ ਪ੍ਰਾਪਤੀ ਹੁੰਦੀ ਹੈ। ਇਸੇ ਤਰ੍ਹਾਂ ਭਾਈ ਵੈਦ ਸੁਜਾਨ ਰਾਏ ਨੇ ਆਪਣਾ ਆਪ ਸਮਰਪਿਤ ਕਰ ਦਿਤਾ। ਮਨ ਰੁਕ ਗਿਆ ਕਿਉਂਕਿ ਮਨ ਦਾ ਹੀ ਸਾਰਾ ਕੰਮ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਇਹੀ ਗੁਰੂ ਨੂੰ ਦੇ ਦਿਤਾ, ਫੇਰ ਆਪੇ ਹੀ ਕਾਰਜ ਰਾਸ ਹੋ ਗਿਆ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ- ੨੮੬*

ਗੁਰੂ ਸਾਹਿਬ ਨੇ ਸੇਵਾ ਬਖਸ਼ਿਸ਼ ਕਰਕੇ ਭੇਜਿਆ ਕਿ ਜਾਹ ਰੋਪੜ ਵਲ। ਜਿਥੇ ਵੀ ਅੰਦਰੋਂ ਅਵਾਜ਼ ਆ ਗਈ, ਉਥੇ ਹੀ ਤੂੰ ਆਪਣਾ ਡੇਰਾ ਲਾ ਲਈਂ। ਸਤਲੁਜ ਦਰਿਆ ਦਾ ਇਲਾਕਾ ਹੈ, ਪਾਣੀ ਉਹਨਾਂ ਦਿਨਾਂ 'ਚ ਖੁਲ੍ਹਾ ਹੀ ਵਗਦਾ ਸੀ, ਡੈਮ ਤਾਂ 1962 ਵਿਚ ਬਣਿਆ। 1905 ਦੇ ਵਿਚ ਅੰਗਰੇਜ਼ਾਂ ਨੇ ਨਹਿਰਾਂ ਤਾਂ ਕੱਢ ਦਿਤੀਆਂ ਸਨ ਤੇ ਡੈਮ ਬਾਅਦ ਦੇ ਵਿਚ ਬਣਿਆ।

ਇਸ ਤਰ੍ਹਾਂ ਦੇ ਨਾਲ ਵੈਦ ਸੁਜਾਨ ਰਾਏ ਜੀ ਤੁਰੇ ਜਾ ਰਹੇ ਨੇ। ਠੋਕਰ ਵਜੀ, ਅਵਾਜ਼ ਅੰਦਰੋਂ ਸੁਣਾਈ ਦਿਤੀ ਕਿ ਟਿਕਾਣਾ ਆ ਗਿਆ। ਸੇਵਾ ਦਾ ਕੇਂਦਰ ਬਣਾ ਲਿਆ। ਕੁਟੀਆ ਬਣਾ ਲਈ। ਜੜ੍ਹੀਆਂ ਬੂਟੀਆਂ ਦਰਿਆ ਦੇ ਕੰਢੇ 'ਤੇ ਆਮ ਹੀ ਹੁੰਦੀਆਂ ਨੇ। ਆਪ ਨੂੰ ਇਹਨਾਂ ਦਾ ਪੂਰਾ ਗਿਆਨ ਸੀ ਤੇ ਨਾਲ ਗੁਰੂ ਦੀ ਕ੍ਰਿਪਾ ਸੀ। ਫਰੀ ਦਵਾਈਆਂ ਦੀ ਆਪ ਸੇਵਾ ਬਿਨਾਂ ਵਿਤਕਰੇ ਤੋਂ ਕਰਦੇ ਨੇ। ਗੁਰੂ ਨੇ ਬਚਨ ਕੀਤਾ ਕਿ ਤੂੰ ਸਾਰਿਆਂ ਨੂੰ ਮੇਰਾ ਰੂਪ ਸਮਝ ਕੇ ਹੀ ਦਵਾਈ ਦੇਣੀ ਹੈ, ਸੇਵਾ ਕਰਨੀ ਹੈ-

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਅੰਗ- ੧੩੪੯*

ਸਾਰਿਆਂ ਦੇ ਵਿਚ ਆਪਣੇ ਪਿਆਰੇ ਨੂੰ ਦੇਖਦਾ ਹੈ। ਸੇਵਾ ਕਰਦਾ-ਕਰਦਾ ਜਦੋਂ ਸਮਾਂ ਲਗਦਾ, ਸਮਾਧੀ ਸਥਿਤ ਹੁੰਦਾ। ਸਤਿਗੁਰੂ ਜੀ ਦੀ ਕ੍ਰਿਪਾ ਦੇ ਨਾਲ ਅੰਦਰਲੇ ਨੇਤਰ ਖੁਲ੍ਹ ਗਏ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਸਭ ਪਾਸੇ ਉਹ ਪਿਆਰਾ ਹੀ ਨਜ਼ਰ ਆਉਂਦਾ ਹੈ ਕਿਉਂਕਿ ਐਸਾ ਗਿਆਨ ਦਾ ਸੁਰਮਾ, ਗੁਰੂ ਸਾਹਿਬ ਨੇ ਪਾ ਦਿਤਾ, ਉਸ ਦੀਆਂ ਅੱਖਾਂ ਵਿਚ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਇਸ ਤਰ੍ਹਾਂ ਦੇ ਨਾਲ ਸਤਿਗੁਰੂ ਜੀ ਨੇ ਕਰਮ ਯੋਗੀ ਬਣਾ ਦਿਤਾ। ਖੇਤਰ ਵੀ ਐਸਾ ਬਖਸ਼ਿਆ ਜਿਹਦੀ ਕੋਈ ਸੀਮਾ ਨਹੀਂ। ਉਪਾਸ਼ਨਾ ਦੇ ਵਿਚ ਵੀ ਪੂਰਾ ਹੈ। ਕਾਨਿਆਂ ਦੀ ਕੁਟੀਆ ਹੈ। ਸਤਿਗੁਰੂ ਜੀ ਦਾ ਆਸਨ ਵੀ ਇਕ ਪਾਸੇ ਲਾਇਆ ਹੋਇਆ ਹੈ।

ਕੁਟੀਆਂ ਦੇ ਵਿਚ ਬੈਠ ਕੇ ਸਮਾਧੀ ਸਥਿਤ ਹੁੰਦਾ ਹੈ। ਬੜਾ ਅਨੰਦ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- ੨੯੩*

ਅੱਜ ਸਮਾਧੀ ਸਥਿਤ ਬੈਠਾ ਹੈ, ਗੁਰੂ ਦੀ ਅੰਦਰ ਖਿੱਚ ਪੈ ਰਹੀ ਹੈ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ਅੰਗ- ੪੦੩*

ਗੁਰੂ ਸਾਹਿਬ ਵੀ ਖਿੱਚ ਖਾ ਕੇ ਆ ਜਾਂਦੇ ਨੇ ਉਥੇ ਜਿਥੇ ਵੈਦ ਸੁਜਾਨ ਰਾਇ ਸਮਾਧੀ ਸਥਿਤ ਹੈ। ਉਸ ਸਜਾਏ ਹੋਏ ਆਸਨ 'ਤੇ ਆਪ ਜਾ ਕੇ ਬੈਠ ਜਾਂਦੇ ਨੇ। ਆਪਣੇ ਪਿਆਰੇ ਨੂੰ ਐਨੇ ਨੇੜੇ ਤੋਂ ਦਰਸ਼ਨ ਦਿੰਦੇ ਨੇ।

*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥*
*ਅੰਗ- ੪੦੩*

ਅੰਦਰ ਵੀ ਓਹੀ ਝਲਕਾਰਾ ਵਜ ਰਿਹਾ ਹੈ ਤੇ ਬਾਹਰ ਵੀ ਗੁਰੂ ਬਿਰਾਜਮਾਨ ਨੇ ਸਾਮ੍ਹਣੇ। ਓਧਰੋਂ ਕਿਸੇ ਰੋਗੀ ਦੀ ਅਵਾਜ਼ ਆਈ। ਆਪ ਰੋਗੀ ਦਾ ਰੋਗ ਦੂਰ ਕਰਨ ਵਾਸਤੇ ਚਲੇ ਜਾਂਦੇ। ਤਿੰਨ ਘੰਟੇ ਲਗ ਗਏ। ਬੜਾ ਅਫਸੋਸ ਹੋਇਆ ਕਿ ਗੁਰੂ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆ ਕੇ, ਰੋਪੜ ਤਕ ਆ ਕੇ ਉਹਨਾਂ ਦੇ ਆਸਣ 'ਤੇ ਆ ਕੇ ਬੈਠੇ। ਕੁਟੀਆ ਨੂੰ ਭਾਗ ਲਾਏ ਤੇ ਮੈਂ ਅਵੱਗਿਆ ਕੀਤੀ। ਗੁਰੂ ਨੂੰ ਪਿੱਠ ਦੇ ਕੇ ਚਲਾ ਗਿਆ। ਗੁਰੂ ਮਹਾਰਾਜ ਕੋਲ ਜਦੋਂ ਆਇਆ ਤਾਂ ਆਪ ਨੇ ਫੁਰਮਾਇਆ ਕਿ ਮੈਂ ਹੀ ਹਾਂ ਸਾਰਿਆਂ 'ਚ। ਗੁਰੂ ਬਖਸ਼ਿਸ਼ ਹੋਈ ਰਹਿਮਤ ਹੋਈ ਆਪ ਨੇ ਕਿਹਾ ਕਿ ਪਿਆਰਿਆ! ਉਹ ਦੁਖੀ ਸੀ, ਦੀਨ ਸੀ, ਰੋਗੀ ਸੀ -

*ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥*
*ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥*
*ਅੰਗ- ੨੬੪*

ਤੂੰ ਗਿਆ, ਉਹਦਾ ਰੋਗ ਦੂਰ ਕੀਤਾ, ਉਹਦੇ ਵਿਚ ਵੀ ਮੈਂ ਹੀ ਸੀ। ਫੇਰ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ, ਵੈਦ ਜੀ ਨੂੰ ਨਾਲ ਹੀ ਲੈ ਕੇ ਆ ਗਏ। ਇਥੇ ਆ ਕੇ ਫੇਰ ਆਪਣੇ ਹਸਤ ਕਮਲਾਂ ਤੋਂ ਉਸ ਦੇ ਸਾਰੇ ਪਰਿਵਾਰ ਨੂੰ ਬੁਲਾ ਕੇ ਅੰਮ੍ਰਿਤ ਛਕਾਇਆ। ਉਸ ਸਮੇਂ ਆਪ ਜੀ ਦੀ ਉਮਰ 30 ਸਾਲ ਦੀ ਸੀ। ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਤੇ ਇਹ ਸੁਜਾਨ ਰਾਏ ਤੋਂ ਫੇਰ ਸੁਜਾਨ ਸਿੰਘ ਹੋ ਗਏ। ਇਥੋਂ ਫੇਰ ਸ੍ਰੀ ਅਨੰਦਪੁਰ ਸਾਹਿਬ ਚਾਲੇ ਪਾਏ, ਚਮਕੌਰ ਸਾਹਿਬ ਦੀ ਧਰਤੀ 'ਤੇ ਜਿਹੜੀਆਂ ਸ਼ਹੀਦੀਆਂ ਹੋਈਆਂ, ਉਹਨਾਂ ਦੇ ਵਿਚ ਵੈਦ ਸੁਜਾਨ ਸਿੰਘ ਜੀ ਨੇ ਵੀ ਸ਼ਹਾਦਤ ਦਾ ਜਾਮ ਪੀਤਾ। ਕਿੱਡੀ ਵੱਡੀ ਕੁਰਬਾਨੀ ਦਿਤੀ।

ਸੋ ਸਾਧਸੰਗਤ ਜੀ! 31 ਅਕਤੂਬਰ ਨੂੰ ਪਿਆਰੇ ਮਹਾਂਪੁਰਸ਼ਾਂ ਦੀ ਬਰਸੀ ਸਮਾਗਮ ਤੇ 2 ਨਵੰਬਰ ਨੂੰ ਪਿਆਰੇ ਬੀਜੀ ਦੇ ਬਰਸੀ ਸਮਾਗਮ ਰਤਵਾੜਾ ਸਾਹਿਬ ਹੋਣਗੇ। ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਗੁਰਸਿੱਖ ਸੱਤ ਸਮੁੰਦਰਾਂ ਪਾਰ ਤੋਂ ਪਹੁੰਚੇ ਹਨ। ਸੋ ਦਰਸ਼ਨ ਦੇਣੇ, ਇਸੇ ਤਰ੍ਹਾਂ ਸੇਵਾ ਕਰਨੀ। ਐਸਾ ਸਮਾਗਮ ਹੈ ਜਿਹਦੇ ਵਿਚ ਸਾਨੂੰ ਸੇਧ ਮਿਲਦੀ ਹੈ, ਪਿਆਰ ਆਉਂਦਾ ਹੈ, ਵੈਰਾਗ ਆਉਂਦਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

ਮਨ ਦੀ ਮੈਲ ਕੱਟੀ ਜਾਂਦੀ ਹੈ ਕਿਉਂਕਿ -

*ਨਾਨਕ ਕੀ ਬੇਨੰਤੀ ਹਰਿ ਪਹਿ*
*ਗੁਰ ਮਿਲਿ ਗੁਰ ਸੁਖੁ ਪਾਈ ॥ ਅੰਗ- ੭੫੯*

ਗੁਰੂ ਨੂੰ ਮਿਲ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ-

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥*
*ਅੰਗ- ੭੧੩*

ਚਿੰਤਾ ਉਤਰ ਜਾਂਦੀ ਹੈ। ਚਿੰਤਨ ਕਰੋ। ਜੁਗਤ ਸਤਿਪੁਰਸ਼ਾਂ ਨੇ ਦਰਸਾਈ ਹੈ। ਕਿਉਂਕਿ ਨਾਮ ਦੀ ਦਵਾਈ ਐਸੀ ਬਖਸ਼ਿਸ਼ ਹੈ -

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥*
*ਕਿਲਬਿਖ ਕਾਟੇ ਨਿਰਮਲੁ ਥੀਆ ॥ ਅੰਗ- ੧੦੧*

ਜਿਹੜੀ ਦਵਾਈ ਸਾਧੂ ਦਿੰਦੇ ਨੇ, ਉਹ ਨਾਮ ਨਾਲ ਹੀ ਜੋੜਦੇ ਨੇ। ਨਾਮ ਸਭ ਦੇ ਅੰਦਰ ਹੈ। ਕੋਈ ਐਸਾ ਨਹੀਂ ਜਿਹਦੇ ਅੰਦਰ ਦਵਾਈ ਨਹੀਂ ਹੈ ਪਰ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਦੁਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਸਾਰੇ ਰੋਗਾਂ ਦਾ ਇਲਾਜ ਹੀ ਵਾਹਿਗੁਰੂ ਮੰਤਰ ਹੈ। ਵਾਹਿਗੁਰੂ ਮੰਤਰ ਨੂੰ ਅੰਦਰ ਸੁਣੀਏ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ-੮੭੯*

ਇਹ ਨਾ ਕਥੀ ਜਾਣ ਵਾਲੀ ਕਹਾਣੀ। ਆਤਮਾ ਦਾ ਮਾਰਗ ਹੈ। ਧਿਆਨ ਨਾਲ ਪੜ੍ਹਿਆ ਕਰੋ, 'ਆਤਮ ਮਾਰਗ' ਮੈਗਜ਼ੀਨ। ਪੂਰੀ ਤਰ੍ਹਾਂ ਵਿਚਾਰ ਕਰਨ ਦੇ ਨਾਲ ਫੇਰ ਰਸਤਾ ਮਿਲ ਜਾਂਦਾ ਹੈ। ਜੇ ਤੰਦਰੁਸਤੀ ਹੈ ਤਾਂ ਹੀ ਆਪਾਂ ਨਾਮ ਜਪ ਸਕਦੇ ਹਾਂ, ਸੇਵਾ ਕਰ ਸਕਦੇ ਹਾਂ। ਸਾਰੇ ਦੁਖਾਂ ਦਾ, ਰੋਗਾਂ ਦਾ ਇਹੀ ਇਲਾਜ ਹੈ।

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਸਿੰਘ ਸਾਹਿਬ ਗਿਆਨੀ ਮਨੀ ਸਿੰਘ*

ਵਾਰ ੩

### ੨੦. (ਪੂਰਨ ਸਿੱਖ ਦੀ ਤਸਵੀਰ)

੧. ਸਤਿਗੁਰ ਸਰਨੀ ਜਾਇ ਸੀਸ ਨਿਵਾਇਆ।
੨. ਗੁਰ ਚਰਨੀ ਚਿਤ ਲਾਇ ਮੱਥਾ ਲਾਇਆ।
੩. ਗੁਰਮਤਿ ਰਿਦੈ ਵਸਾਇ ਆਪ ਗਵਾਇਆ।
੪. ਗੁਰਮੁਖ ਸਹਜਜਿ ਸੁਭਾਇ ਭਾਣਾ ਭਾਇਆ।
੫. ਸਬਦ ਸੁਰਤਿ ਲਿਵ ਲਾਇ ਹੁਕਮ ਕਮਾਇਆ।
੬. ਸਾਧਸੰਗਤ ਭੈ ਭਾਇ ਨਿਜ ਘਰ ਪਾਇਆ।
੭. ਚਰਨ ਕਵਲ ਪਤੀਆਇ ਭਵਰ ਲੁਭਾਇਆ।
੮. ਸੁਖ ਸੰਪੁਟ ਪਰਚਾਇ ਅਮਿਓ ਪੀਆਇਆ।
੯. ਧੰਨ ਜਣੇਂਦੀ ਮਾਇ ਸਹਿਲਾ ਆਇਆ।

ਪਦ ਅਰਥ - ਨਿਜ ਘਰ-ਸ੍ਵੈ ਸਵਰੂਪ। ਪਤੀਆਇ=ਪਤੀਜ ਕੇ, ਠੀਕ ਜਾਣ ਕੇ। ਪਰਚਾਇ-ਪ੍ਰੇਮ ਸਹਿਤ। ਸਹਿਲਾ-ਸਫਲ।

ਪ੍ਰ: - ਭਾਈ ਸਾਹਿਬ ਜੀਓ! ਆਪ ਜੀ ਗੁਰੂ ਦਾ ਸਿੱਖ ਕਿਸਨੂੰ ਕਬੂਲ ਕਰਦੇ ਹੋ?

੧. ਉ: - ਹੇ ਭਾਈਓ! ਗੁਰੂ ਦਾ ਸਿੱਖ ਤਾਂ ਉਸੇ ਨੂੰ ਮੰਨਣਾ ਪਵੇਗਾ ਜਿਸ ਸਿੱਖ ਨੇ ਗੁਰੂ ਦੀ ਸ਼ਰਨ ਵਿਚ ਪੁੱਜ ਕੇ ਸੀਸ ਨਿਵਾਇਆ ਹੈ।

੨. ਉ: - ਹੇ ਭਾਈ! ਮੱਥਾ ਟੇਕਣਾ ਗੁਰੂ ਦਰ ਤੇ ਕੇਵਲ ਰਸਮੀਆਂ ਤੌਰ ਤੇ ਨਹੀਂ ਸਗੋਂ ਜਿਸ ਨੇ ਗੁਰੂ ਚਰਨਾਂ ਤੇ ਚਿਤ ਨਾਲ, ਮਨ ਲਾ ਕੇ ਮੱਥਾ ਰਖਿਆ (ਭਾਵ ਪ੍ਰੇਮ ਸਹਿਤ ਡੰਡਉਤ ਕੀਤੀ ਹੈ)।

੩. ਹੇ ਭਾਈ! ਇਥੇ ਹੀ ਬੱਸ ਨਹੀਂ, ਫਿਰ ਜਿਸ ਨੇ ਗੁਰੂ ਦੇ ਸ਼ਬਦ ਭਾਵ ਗੁਰੂ ਦੀ ਸਿਖਿਆ ਨੂੰ ਹਿਰਦੇ ਵਿਚ ਵਸਾ ਕੇ ਆਪਣੇ ਅੰਦਰੋਂ ਹੰਗਤਾ ਵਾਲੀ ਮੱਤ (ਭੀ) ਗੁਆ ਦਿਤੀ।

ਪ੍ਰ: - ਕਿਉਂ ਜੀ! ਆਖ਼ਰ ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

(੪) ਉ: - ਐ ਪਿਆਰੇ! ਇਸ ਤਰ੍ਹਾਂ ਕਰਨ ਨਾਲ ਗੁਰਸਿੱਖ ਨੂੰ ਸਹਿਜ ਸੁਭਾਅ ਹੀ ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ।

੫. (ਫਿਰ ਉਸ ਨੇ) ਸ਼ਬਦ ਨੂੰ ਸੁਰਤਿ ਵਿਚ ਰੱਖ ਕੇ, ਗੁਰੂ ਹੁਕਮ ਦੀ ਕਮਾਈ ਕੀਤੀ (ਨਾਮ ਜਪਿਆ, ਸਿਮਰਨ ਕੀਤਾ)

੬. ਇਸ ਤਰ੍ਹਾਂ ਸਾਧ ਸੰਗਤ ਵਿਚੋਂ (ਪ੍ਰਭੂ ਦੇ) ਭੈ ਤੇ ਪ੍ਰੇਮ ਨਾਲ ਸੰਗਤ ਕਰਕੇ, ਆਪਣਾ ਸ੍ਵੈ ਸਰੂਪ ਲੱਭ ਲਿਆ।

*(ਬਾਕੀ ਪੰਨਾ 42 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-44)*

**ਸਿਰੀਰਾਗੁ ਮਹਲਾ ੧ ਘਰੁ ੨ ॥**

**ਮੁਕਾਮੁ ਕਰਿ ਘਰਿ ਬੈਸਣਾ**
**ਨਿਤ ਚਲਣੈ ਕੀ ਧੋਖ ॥**

ਸਤਿਗੁਰੂ ਮਹਾਰਾਜ ਸਾਹਿਬ ਜੀ ਕਹਿੰਦੇ ਹਨ ਕਿ ਜੀਵ ਨੇ ਇਸ ਸੰਸਾਰ ਨੂੰ ਮੁਕਾਮੁ=ਇਸਥਿਤ ਰਹਿਣ ਵਾਲਾ ਥਾਂ ਜਾਣ ਕਰਿ=ਕਰਕੇ ਬੈਸਣਾ=ਬੈਠਣਾ ਕੀਤਾ ਹੈ। ਪਰ ਫੇਰ ਵੀ ਨਿਤ=ਨਿਤਾਪ੍ਰਤੀ ਪ੍ਰਲੋਕ ਵਿਚ ਚਲਣੈ=ਚੱਲਣ ਕੀ=ਦੀ ਧੋਖ=ਚਿੰਤਾ ਲੱਗੀ ਰਹਿੰਦੀ ਹੈ।

**ਮੁਕਾਮੁ ਤਾ ਪਰੁ ਜਾਣੀਐ**
**ਜਾ ਰਹੈ ਨਿਹਚਲੁ ਲੋਕ ॥ ੧ ॥**

ਮੁਕਾਮੁ=ਇਸਥਿਤ ਤਾਂ ਪਰੁ=ਵਿਸ਼ੇਸ਼ ਕਰਕੇ ਜਾਣੀਐ=ਜਾਨਣਾ ਕਰੀਏ। ਜਾ=ਜੇਕਰ ਮਾਤ ਲੋਕ ਨਿਹਚਲੁ=ਅਚੱਲ ਰਹੇ। ਜੇ ਐਸਾ ਹੋਵੇ ਤਾਂ ਇਹ ਵੀ ਸਮਝ ਲਈਏ ਕਿ ਮੁਹੰਮਦ ਸਾਹਿਬ ਦਾ ਹੀ ਇਹ ਮੁਕਾਮ ਕਾਇਮ ਰਹੇਗਾ। ਪਰੰਤੂ ਇਹ ਲੋਕ ਨਾ ਰਹਿਣ ਵਾਲਾ ਚਲਾਇਮਾਨ ਹੈ। ਅਚੱਲ ਤਾਂ ਕੇਵਲ ਇਕ ਪਰਮੇਸ਼ਰ ਹੀ ਹੈ।

**ਦੁਨੀਆ ਕੈਸਿ ਮੁਕਾਮੇ ॥**

ਦੁਨੀਆਂ ਵਿਚ ਕੈਸਿ=ਕਿਸ ਪ੍ਰਕਾਰ ਮੁਕਾਮੇ=ਇਸਥਿਰਤਾ ਹੋ ਸਕਦੀ ਹੈ ਵਾ: ਕਿਵੇਂ ਕਾਇਮ ਰਹਿਣਾ ਕਰੀਏ?

**ਕਰਿ ਸਿਦਕੁ ਕਰਣੀ ਖਰਚੁ ਬਾਧਹੁ**
**ਲਾਗਿ ਰਹੁ ਨਾਮੇ ॥ ੧ ॥ ਰਹਾਉ ॥**

ਹੇ ਭਾਈ! ਹਰ ਸਮੇਂ ਪਰਮੇਸ਼ਰ ਦਾ ਸਿਦਕੁ=ਭਰੋਸਾ ਅਤੇ ਭਗਤੀ ਰੂਪ ਖਰਚ ਪੱਲੇ ਵਿਚ ਬਾਧਹੁ=ਬੰਨ੍ਹਣਾ ਕਰੋ। ਨਿਤਾਪ੍ਰਤੀ ਹੀ ਪ੍ਰਮੇਸ਼ਰ ਦੇ ਨਾਮ ਵਿਚ ਲਾਗਿ ਰਹੁ=ਜੁੜੇ ਰਹਿਣਾ ਕਰੋ ਜਿਸ ਕਰਕੇ ਜੀਵ ਦੁਨੀਆਂ ਵਿਚ ਇਸਥਿਤ ਰਹਿ ਸਕਦਾ ਹੈ ਅਰਥਾਤ ਧਰੂ ਅਤੇ ਪ੍ਰਹਿਲਾਦ ਦੀ ਸਾਰੀ ਦੁਨੀਆਂ ਵਿਚ ਮੁਕਾਮੁ=ਇਸਥਿਤਤਾ ਹੈ। ਕਬੀਰ ਸਾਹਿਬ ਜੀ ਦੇ ਸਮੇਂ ਦੇ ਰਾਜਿਆਂ ਦਾ ਕਿਸੇ ਨੂੰ ਵੀ ਨਹੀਂ ਪਤਾ ਪਰੰਤੂ ਕਬੀਰ ਸਾਹਿਬ ਜੀ ਨੂੰ ਸਾਰੀ ਦੁਨੀਆਂ ਜਾਣਦੀ ਹੈ। ਇਸ ਪ੍ਰਕਾਰ ਜੇਕਰ ਦੁਨੀਆਂ ਵਿਚ ਇਸਥਿਤ ਰਹਿਣਾ ਚਾਹੁੰਦੇ ਹੋ ਤਾਂ ਪਰਮੇਸ਼ਰ ਦੇ ਨਾਮ ਵਿਚ ਭਰੋਸਾ ਕਰਕੇ ਭਗਤੀ ਰੂਪ ਖਰਚ ਆਪਣੇ ਹਿਰਦੇ ਰੂਪੀ ਪੱਲੇ ਵਿਚ ਬੰਨ੍ਹ ਕੇ ਅਕਾਲ ਪੁਰਖ ਦੇ ਨਾਮ ਵਿਚ ਜੁੜੇ ਰਹਿਣਾ ਕਰੋ।

**ਜੋਗੀ ਤ ਆਸਣੁ ਕਰਿ ਬਹੈ**
**ਮੁਲਾ ਬਹੈ ਮੁਕਾਮਿ ॥**

ਦੁਨੀਆਂ ਵਿਚ ਜੋਗੀ=ਜੋਗ ਮਤ ਧਾਰਨ ਵਾਲੇ ਤ=ਤਾਂ ਪ੍ਰਾਣਾਯਾਮ ਆਦਿ ਆਸਣ ਲਗਾ ਕਰਿ=ਕਰਕੇ ਬਹੈ=ਬੈਠੇ ਹਨ ਅਤੇ ਮੁਲਾ=ਮੌਲਾਣੇ ਲੋਕ, ਤੱਕੀਏ, ਮਦਰੱਸੇ ਆਦਿ ਥਾਵਾਂ 'ਤੇ ਮੁਕਾਮਿ=ਇਸਥਿਤੀ ਕਰਕੇ ਬਹੈ=ਬੈਠੇ ਹਨ ਵਾ: ਮੁਹੰਮਦ ਸਾਹਿਬ ਦੇ ਕਾਬੇ ਤੇ ਮਦੀਨੇ ਵਿਚ ਹੀ ਮੁਕਾਮਿ=ਇਸਥਿਤੀ ਮੰਨੀ ਬੈਠੇ ਹਨ।

**ਪੰਡਿਤ ਵਖਾਣਹਿ ਪੋਥੀਆ**
**ਸਿਧ ਬਹਹਿ ਦੇਵ ਸਥਾਨਿ ॥ ੨ ॥**

ਜਿਹੜੇ ਪੰਡਿਤ=ਵਿਦਵਾਨ ਹਨ, ਉਹ ਤੀਰਥਾਂ ਆਦਿ 'ਤੇ ਬੈਠੇ ਹਨ ਅਤੇ ਪੋਥੀਆ=ਗੀਤਾ ਅਤੇ ਵੇਦਾਂ ਸੁਰਤੀਆਂ-ਸਿੰਮ੍ਰਿਤੀਆਂ ਨੂੰ ਵਖਾਣਹਿ=ਕਥਨ ਕਰਦੇ ਹਨ ਅਤੇ ਸਿਧ ਲੋਕ ਦੇਵ=ਦੇਵਤਿਆਂ ਦੇ ਸਥਾਨਿ=ਅਸਥਾਨ ਭਾਵ ਸੁਮੇਰ ਪਰਬਤ ਉਤੇ ਬੈਠ ਕੇ ਆਪਣੇ ਆਪ ਨੂੰ ਅਚੱਲ ਜਾਣਦੇ ਹਨ ਵਾ: ਦੇਵਸਥਾਨਿ=ਦੇਵਤੇ ਆਪਣੇ ਅਸਥਾਨਾਂ ਭਾਵ ਮੰਦਰਾਂ ਨੂੰ ਅਚੱਲ ਮੰਨੀ ਬੈਠੇ ਹਨ।

**ਸੁਰ ਸਿਧ ਗਣ ਗੰਧਰਬ**
**ਮੁਨਿ ਜਨ ਸੇਖ ਪੀਰ ਸਲਾਰ ॥**

ਇਸੇ ਪ੍ਰਕਾਰ ਸੁਰ=ਦੇਵਤੇ ਦੈਵੀ ਸੰਪਦਾ ਵਾਲੇ, ਸਿਧ=ਜਿਹੜੇ ਅਣਮਾ, ਮਹਿਮਾ ਆਦਿ ਸਿੱਧੀਆਂ ਸ਼ਕਤੀਆਂ ਵਾਲੇ ਅਤੇ ਗਣ=ਸ਼ਿਵ ਜੀ ਦੇ ਗਣ ਅਥਵਾ ਗਣ=ਵਿਸ਼ਨੂੰ ਜੀ ਦੇ ਬਿਸ਼ਨ ਗਣ ਆਦਿ, ਗੰਧਰਬ=ਹਾਹਾ, ਹੁਹੂ ਆਦਿ ਦੇਵਤਿਆਂ ਦੇ ਗਵੱਈਏ, ਮੁਨਿ=ਮੰਨਣਸ਼ੀਲ ਮਹਾਤਮਾ ਵਣਾਂ ਵਿਚ ਤਪ ਕਰਨ ਵਾਲੇ ਅਤੇ ਜਨ=ਦਾਸ, ਭਗਤ ਜਨ, (ਜਿਵੇਂ ਕੁਲ ਦੁਨੀਆਂ ਵਿਚ ਸਲੋਕ, ਸਮੀਪ, ਸਰੂਪ ਅਤੇ ਸਾਯੁਜ ਮੁਕਤੀਆਂ ਵਾਲੇ ਹੋਏ ਹਨ) ਸੇਖ=ਮੁਸਲਮਾਨਾਂ ਵਿਚ ਸਤਿਕਾਰ ਵਾਲੇ, (ਜਿਵੇਂ ਹਿੰਦੂਆਂ ਵਿਚ ਬ੍ਰਾਹਮਣ ਹਨ, ਉਸੇ ਤਰ੍ਹਾਂ ਸੇਖ ਜਾਤੀ ਹੈ)

**ਦਰਿ ਕੂਚ ਕੂਚਾ ਕਰਿ ਗਏ**
**ਅਵਰੇ ਭਿ ਚਲਣਹਾਰ ॥ ੩ ॥**

ਇਤਿ ਆਦਿਕ ਸਾਰੇ ਹੀ ਇਸ ਕੂਚ=ਚਲੇ ਜਾਣ

ਵਾਲੇ ਸੰਸਾਰ ਰੂਪੀ ਦਰਿ=ਦਰਵਾਜ਼ੇ ਵਿਚੋਂ ਕੂਚਾ=ਚਲਾਣਾ ਕਰ ਗਏ ਹਨ ਅਤੇ ਜਿਹੜੇ ਅਵਰੇ=ਹੋਰ ਰਹਿੰਦੇ ਹਨ, ਇਹ ਭਿ=ਵੀ ਸਾਰੇ ਚਲਣਹਾਰ=ਚਲੇ ਜਾਣ ਵਾਲੇ ਹਨ, ਭਾਵ ਮ੍ਰਿਤੂ ਨੂੰ ਪ੍ਰਾਪਤ ਹੋਣ ਵਾਲੇ ਹਨ।

ਸੁਲਤਾਨ ਖਾਨ ਮਲੂਕ ਉਮਰੇ
ਗਏ ਕਰਿ ਕਰਿ ਕੂਚੁ ॥

ਸੁਲਤਾਨ=ਚੱਕਰਵਰਤੀ ਬਾਦਸ਼ਾਹ, ਖਾਨ=ਅਮੀਰ ਵਾ: ਮੁਸਲਮਾਨਾਂ ਦੇ ਪਠਾਣਾਂ ਵਿਚ ਸਰਦਾਰ ਮਲੂਕ=ਬਲੋਚਾਂ ਦੇ ਨੰਬਰਦਾਰ, ਉਮਰੇ=ਉਮਰਾਵ ਭਾਵ ਬਾਦਸ਼ਾਹ ਦੇ ਵਜ਼ੀਰ ਆਦਿ ਸਾਰੇ ਹੀ ਦੁਨੀਆਂ ਵਿਚੋਂ ਕੂਚ ਕਰ-ਕਰ ਚਲੇ ਗਏ ਹਨ।

ਘੜੀ ਮੁਹਤਿ ਕਿ ਚਲਣਾ
ਦਿਲ ਸਮਝੁ ਤੂੰ ਭਿ ਪਹੂਚੁ ॥ ੪ ॥

ਹੇ ਭਾਈ! ਤੂੰ ਸਮਝਣਾ ਕਰ ਘੜੀ ਕਿ=ਜਾਂ ਮੁਹਤਿ=ਅੱਧੀ ਘੜੀ ਨੂੰ ਸੰਸਾਰ ਤੋਂ ਚਲਣਾ=ਚਲੇ ਜਾਣਾ ਹੈ। ਇਸ ਕਰਕੇ ਤੂੰ ਵੀ ਆਪਣੇ ਦਿਲ=ਹਿਰਦੇ ਵਿਚ ਸਮਝ ਕੇ ਚੱਲ ਕਿ ਮੈਂ ਭਿ=ਵੀ ਪ੍ਰਲੋਕ ਵਿਚ ਪਹੂਚੁ=ਪਹੁੰਚਣਾ ਹੈ।

ਸਬਦਾਹ ਮਾਹਿ ਵਖਾਣੀਐ
ਵਿਰਲਾ ਤ ਬੂਝੈ ਕੋਇ ॥

ਜੇ ਵੇਦਾਂ ਦੇ ਸਬਦਾਹ=ਸ਼ਬਦਾਂ ਮਾਹਿ=ਵਿਚ ਵਖਾਣੀਐ=ਕਥਨ ਕਰੀਦਾ ਹੈ, ਉਸ ਨੂੰ ਕੋਈ ਵਿਰਲਾ ਹੀ ਬੂਝੈ=ਧਾਰਨ ਕਰਦਾ ਹੈ ਵਾ: ਜੇ ਸਬਦਾਹ=ਵਿਆਕਰਨਾਂ ਤਾਈਂ ਵਖਾਣੀਐ=ਕਥਨ ਕਰੀਏ ਤਾਂ ਕੋਈ ਵਿਰਲਾ ਹੀ ਸ਼ਬਦ ਸ਼ਾਸਤਰਾਂ ਦੁਆਰਾ ਸਮਝਦਾ ਹੈ ਵਾ: ਜੇ ਸਬਦਾਹ=ਸਬ+ਦਾਹ, ਸਬ=ਸਾਰੀਆਂ ਰਾਤਾਂ ਵਿਚ, ਦਾਹ=ਦਿਨਾਂ ਵਿਚ, ਮਾਹਿ=ਮਹੀਨਿਆਂ ਵਿਚ ਉਪਦੇਸ਼ ਹੀ ਕਥਨ ਕਰੀਏ, ਤਾਂ ਕੋਈ-ਕੋਈ ਵਿਰਲਾ ਅਧਿਕਾਰੀ ਹੀ ਸਮਝ ਕੇ ਨਿਹਾਲ ਹੋਵੇਗਾ।

ਨਾਨਕੁ ਵਖਾਣੈ ਬੇਨਤੀ
ਜਲਿ ਥਲਿ ਮਹੀਅਲਿ ਸੋਇ ॥ ੫ ॥

ਸਤਿਗੁਰੂ ਸਾਹਿਬ ਜੀ ਵਖਾਣੈ=ਕਥਨ ਕਰਦੇ ਹਨ ਕਿ ਅਸੀਂ ਬੇਨਤੀ ਹੀ ਕਰਦੇ ਹਾਂ ਕਿ ਉਹੁ ਪਰਮੇਸ਼ਰ ਜਲਿ=ਜਲਾਂ, ਥਲਿ=ਖੁਸ਼ਕ ਜਗਾ ਮਹੀਅਲਿ=ਵਿਚ ਵਾ: (ਮਹੀ+ਅਲਿ) ਮਹੀ=ਪ੍ਰਿਥਵੀ ਅਤੇ ਅਲਿ=ਆਕਾਸ਼ ਆਦਿ ਵਿਚ ਵਿਆਪਕ ਹੈ, ਉਸ ਵਿਚ ਇਕ ਚਿੱਤ ਹੋ ਕੇ ਜੁੜਨਾ ਕਰੋ।

ਅਲਾਹੁ ਅਲਖੁ ਅਗੰਮੁ ਕਾਦਰੁ
ਕਰਣਹਾਰੁ ਕਰੀਮੁ ॥

ਅਲਾਹੁ=ਉਹ ਪਾਕ ਭਾਵ ਪਵਿੱਤਰ ਰੂਪ ਹੈ। ਇਸ ਤਰ੍ਹਾਂ ਅਲਖੁ=ਲਖਣ ਤੋਂ ਰਹਿਤ ਹੈ। ਅਗੰਮੁ=ਸ਼ਾਸਤਰਾਂ ਕਰਕੇ ਗੰਮਤਾ ਨਹੀਂ ਅਤੇ ਮਨ ਦੇ ਸੰਕਲਪਾਂ ਤੇ ਵਿਕਲਪਾਂ ਦਾ ਵਿਸ਼ਾ ਨਹੀਂ ਭਾਵ ਗੰਮਤਾ ਤੋਂ ਰਹਿਤ ਹੈ। ਕਾਦਰੁ=ਕੁਦਰਤ ਦਾ ਮਾਲਕ ਹੈ। ਸਾਰੇ ਜਗਤ ਨੂੰ ਕਰਣਹਾਰੁ=ਰਚਣ ਵਾਲਾ ਅਤੇ ਕਰੀਮੁ=ਕਰਮ ਬਖਸ਼ੀ ਕਰਨ ਵਾਲਾ ਹੈ।

ਸਭ ਦੁਨੀ ਆਵਣ ਜਾਵਣੀ
ਮੁਕਾਮੁ ਏਕੁ ਰਹੀਮੁ ॥ ੬ ॥

ਜੋ ਸਭ=ਸਾਰੀਆਂ ਦੁਨੀਆਂ ਹੈ ਜਿਸ ਦੇ ਵਿਚ ਦਵੈਤ ਦੀ ਨੀਂਹ ਹੈ, ਉਹ ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ। ਜੋ ਏਕੁ=ਇਕ ਰਹੀਮੁ=ਰਹਿਮ ਚਿੱਤ ਪਰਮੇਸ਼ਰ ਹੈ ਉਹ ਹੀ ਮੁਕਾਮੁ=ਇਸਥਿਤ ਰਹਿਣ ਵਾਲਾ ਹੈ। ਉਸ ਤੋਂ ਬਿਨਾਂ ਨਾ ਕੋਈ ਪਿੱਛੇ ਇਸਥਿਤ ਸੀ ਅਤੇ ਨਾ ਕੋਈ ਅੱਗੇ ਨੂੰ ਇਸਥਿਤ ਰਹਿਣਾ ਕਰੇਗਾ, ਕੇਵਲ ਉਹ ਇਕ ਪਰਮੇਸ਼ਰ ਹੀ ਅਚੱਲ ਸਰੂਪ ਹੈ।

ਮੁਕਾਮੁ ਤਿਸ ਨੋ ਆਖੀਐ
ਜਿਸੁ ਸਿਸਿ ਨ ਹੋਵੀ ਲੇਖੁ ॥

ਮੁਕਾਮੁ=ਇਸਥਿਤ, ਤਿਸਨੋ=ਉਸ ਨੂੰ ਹੀ ਆਖੀਐ=ਆਖੀਦਾ ਹੈ, ਜਿਸ ਦੇ ਸਿਸਿ=ਸਿਰ ਉੱਤੇ ਜੰਮਣ ਮਰਨ ਦੇ ਹਿਸਾਬ ਦਾ ਲੇਖਾ ਨਾ ਹੋਵੇ, ਉਹ ਇਕ ਪਰਮੇਸ਼ਰ ਹੀ ਹੈ, ਬਾਕੀ ਸਭ ਦੇ ਸਿਰ ਉਤੇ ਲੇਖ ਲਿਖੇ ਹੋਏ ਹਨ।

ਅਸਮਾਨੁ ਧਰਤੀ ਚਲਸੀ
ਮੁਕਾਮੁ ਓਹੀ ਏਕੁ ॥ ੭ ॥

ਅਸਮਾਨ ਤੇ ਧਰਤੀ ਵੀ ਚਲਸੀ=ਚਲੀ ਜਾਵੇਗੀ, ਕੇਵਲ ਓਹੀ=ਉਹ ਏਕੁ=ਇਕ ਪਰਮੇਸ਼ਰ ਹੀ ਮੁਕਾਮ=ਇਸਥਿਤ ਰਹਿਣ ਵਾਲਾ ਹੈ ਅਥਵਾ ਇਹ ਅਸਮਾਨ ਤਮੋਗੁਣ ਰੂਪ ਹੈ। ਅਗਿਆਨ ਵਿਚੋਂ ਪੈਦਾ ਹੋਇਆ ਹੈ, ਮਾਇਆ ਦਾ ਇਹ ਤਮੋ ਭਾਵ ਰੂਪ ਹੈ, ਧਰਤੀ ਵੀ ਚਲੀ ਜਾਵੇਗੀ ਅਥਵਾ ਨਿਆਇਕਾਂ ਨੂੰ ਸੰਸਾ ਪੈ ਗਿਆ ਕਿ ਧਰਤੀ ਵੀ ਚਲੀ ਜਾਵੇਗੀ ਪਰ ਅਸਮਾਨ ਕਿਧਰ ਜਾਏਗਾ, ਪੁਲਾੜ ਤਾਂ ਰਹੇਗਾ ਹੀ। ਸੁਪਨੇ ਵਿਚ ਜਦੋਂ ਇਸ ਤਰ੍ਹਾਂ ਦਾ ਇਤਨਾ ਵੱਡਾ ਅਸਮਾਨ ਵੇਖਦੇ ਹਾਂ, ਜਦੋਂ ਜਾਗਦੇ ਹਾਂ ਤਾਂ ਕਿਧਰ ਚਲਾ ਜਾਂਦਾ ਹੈ। ਪਰੀਤਤ (ਪੁਰੀਤਤਿ) ਨਾਮੇ ਨਾੜੀ ਵਾਲ ਨਾਲੋਂ 100 ਹਿੱਸਾ ਬਰੀਕ ਹੈ ਜਿਸ ਵਿਚ ਸੁਪਨਾ ਆਉਂਦਾ ਹੈ। ਉਸ ਵਿਚ ਜੀਵ ਇਤਨੇ ਪਹਾੜ, ਕਿਤਨੀ ਦੁਨੀਆਂ, ਕਿਤਨਾ ਵੱਡਾ ਆਕਾਸ਼, ਕਿਤਨਾ ਵੱਡਾ ਸਮੁੰਦਰ ਬਣਾ ਲੈਂਦਾ ਹੈ, ਜਦੋਂ ਜਾਗਦੇ ਹਾਂ ਤਾਂ ਕੋਈ ਚੀਜ਼ ਨਹੀਂ ਰਹਿੰਦੀ, ਇਉਂ ਸੂਖਮ ਵਿਚ ਅਸਥੂਲ ਪ੍ਰਤੀਤ ਹੁੰਦਾ ਹੈ। ਇਸੇ ਪ੍ਰਕਾਰ ਜੋ ਚੇਤਨ ਬ੍ਰਹਮ ਆਕਾਸ਼ ਦੀ ਨਿਆਈਂ ਪ੍ਰਤੀਤ ਹੁੰਦਾ

ਹੈ ਕਿ ਜਦੋਂ ਫੁਰਨਾ ਰੋਕ ਲਿਆ, ਜਿਵੇਂ ਅਸਮਾਨ ਪਹਿਲਾਂ ਵੀ ਹੈ ਨਹੀਂ ਸੀ ਤੇ ਫੇਰ ਵੀ ਨਹੀਂ ਰਹੇਗਾ। ਇਸ ਤਰ੍ਹਾਂ ਨਿਆਇਕਾਂ ਨੂੰ ਇਹ ਸੰਸਾ ਨਹੀਂ ਰੱਖਣਾ ਚਾਹੀਦਾ। ਓਹੀ=ਉਹ ਏਕੁ=ਇਕ ਪਰਮੇਸ਼ਰ ਹੀ ਮੁਕਾਮੁ=ਇਸਥਿਤ ਰਹਿਣ ਵਾਲਾ ਹੈ, ਹੋਰ ਕੋਈ ਵੀ ਇਸਥਿਤ ਰਹਿਣ ਵਾਲਾ ਨਹੀਂ ਹੈ।

ਦਿਨ ਰਵਿ ਚਲੈ ਨਿਸਿ ਸਸਿ ਚਲੈ
ਤਾਰਿਕਾ ਲਖ ਪਲੋਇ ॥

ਕਾਲ ਦੇ ਮੂੰਹ ਵਿਚ ਦਿਨ=ਦਿਵਸ ਤੇ ਰਵਿ=ਸੂਰਜ ਵੀ, ਚਲੈ=ਚਲਿਆ ਜਾ ਰਿਹਾ ਹੈ, ਨਿਸਿ=ਰਾਤਾਂ ਵੀ ਗੁਜ਼ਰ ਰਹੀਆਂ ਹਨ ਅਤੇ ਸਸਿ=ਚੰਦਰਮਾ ਵੀ ਚਲੈ=ਚਲਿਆ ਜਾ ਰਿਹਾ ਹੈ ਭਾਵ ਤੁਰਿਆ ਜਾ ਰਿਹਾ ਹੈ। ਇਹ ਲਖ=ਲੱਖਾਂ ਤਾਰਿਕਾ=ਤਾਰੇ ਵੀ ਪਲੋਇ=ਅਲੋਪ ਹੋ ਜਾਣਗੇ ਭਾਵ ਅੰਤ ਨੂੰ ਸਮਾਪਤ ਹੋ ਜਾਣਗੇ।

ਮੁਕਾਮੁ ਓਹੀ ਏਕੁ ਹੈ
ਨਾਨਕਾ ਸਚੁ ਬੁਗੋਇ ॥ ੮ ॥ ੧੭ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੁਕਾਮੁ=ਇਸਥਿਤ ਰਹਿਣ ਵਾਲਾ ਉਹ ਏਕੁ=ਇਕ ਅਕਾਲ ਪੁਰਖ ਵਾਹਿਗੁਰੂ ਹੀ ਹੈ। ਇਹ ਤਾਂ ਸਚੁ ਬੁਗੋਇ=ਕਥਨ ਕੀਤਾ ਹੈ ਭਾਵ ਉਚਾਰਨਾ ਕੀਤਾ ਹੈ। ਇਹ ਨਿਸਚੇ ਕਰੋ ਕਿ ਬਿਨਾਂ ਵਾਹਿਗੁਰੂ ਤੋਂ ਕੋਈ ਵੀ ਅਚੱਲ ਨਹੀਂ ਹੈ, ਨਾ ਰਹੇਗਾ, ਨਾ ਪਿੱਛੇ ਕੋਈ ਰਹਿਆ ਸੀ ਤੇ ਨਾ ਹੀ ਅੱਗੇ ਨੂੰ ਕੋਈ ਅਚੱਲ ਰਹੇਗਾ।

ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਇਹ ਮਹਲੇ ਪਹਿਲੇ=ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਸਤਾਰਹ=ਸਤਾਰਾਂ ਅਸਟਪਦੀਆਂ ਹਨ। ਜਦੋਂ ਇਹ ਸ਼ਬਦ ਪੜ੍ਹਨਾ ਹੋਵੇ ਤਾਂ ਇਹ ਅੱਖਰ ਨਾਲ ਪੜ੍ਹਨੇ ਹਨ, ਜਿਵੇਂ ਬਾਵਨ ਅੱਖਰੀ ਵਿਚ 'ਏਹੁ ਸਲੋਕੁ ਆਦਿ ਅੰਤ ਪੜ੍ਹਨਾ' ਪੜ੍ਹੀਦਾ ਹੈ। ਇਸ ਤਰ੍ਹਾਂ ਅਸਟਪਦੀ ਦੇ ਨਾਲ ਇਹ ਅੱਖਰ ਪੜ੍ਹਨੇ ਜ਼ਰੂਰੀ ਹਨ। ਇਥੇ ਪਹਿਲੇ ਪਾਤਸ਼ਾਹ ਦੀਆਂ ਸਤਾਰਾਂ ਅਸ਼ਟਪਦੀਆਂ ਸੰਪੂਰਨ ਹੋਈਆਂ ਹਨ।

'ਚਲਦਾ.........।''

---

*(ਪੰਨਾ 39 ਦੀ ਬਾਕੀ)*

੭. (ਵਾਹਿਗੁਰੂ ਦੇ) ਚਰਨਾਂ ਕਵਲਾਂ ਤੇ (ਪਤੀਜ ਕੇ ਫਿਰ) ਭੰਵਰੇ ਵਾਂਗੂੰ (ਫੁਲ ਤੇ ਲੁਭਾਇਮਾਨ ਹੋਣ ਵਾਂਗ) ਸਿੱਖ ਵੀ ਪ੍ਰੇਮ ਭਉਰਾ ਬਣ ਗਿਆ।

੮. (ਫਿਰ ਉਸਨੇ) ਸੁਖਾਂ ਦੇ ਸੰਪਟ (ਖਜ਼ਾਨੇ) ਵਿਚ ਪਰਚ ਕੇ (ਗੁਰੂ ਸ਼ਬਦ ਦੇ ਰਸ ਦਾ) ਅੰਮ੍ਰਿਤ ਪੀਤਾ।

੯. (ਹੁਣ ਕਹਿਣਾ ਪਵੇਗਾ ਕਿ) ਉਸ ਐਸੇ ਸਿੱਖ ਦੀ ਜੰਮਣ ਵਾਲੀ ਮਾਤਾ ਧੰਨ ਹੈ ਤੇ ਉਸ ਦਾ ਜਨਮ ਭੀ ਸਫਲਾ ਹੋ ਗਿਆ।

ਭਾਵਅਰਥ - ਗੁਰੂ ਦੀ ਸੰਗਤ ਵਿਚ ਆਉਣ ਵਾਲੇ ਸਿੱਖ ਤਾਂ ਤੱਕਣ ਵਿਚ ਬਹੁਤ ਆਉਂਦੇ ਹਨ, ਪਰ ਉਨ੍ਹਾਂ ਵਿਚੋਂ ਗੁਰੂ ਦੇ ਦਰ ਤੇ ਉਹੀ ਕਬੂਲੇ ਜਾਂਦੇ ਹਨ ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਧਾਰਨ ਕਰਕੇ ਜੀਵਨ ਗੁਜ਼ਾਰਿਆ ਹੈ, ਧਾਰਨਾ ਤੋਂ ਸੱਖਣੇ ਲੋਕ ਭਾਵੇਂ ਸਾਰੀ ਜ਼ਿੰਦਗੀ ਭਰ ਸੰਗਤ ਵਿਚ ਆ ਕੇ ਬਾਰ-ਬਾਰ ਨਿਉਂ-ਨਿਉਂ ਕੇ ਮੱਥਾ ਨਿਵਾਉਂਦੇ ਰਹਿਣ ਉਨ੍ਹਾਂ ਦਾ ਲੋਕ ਦਿਖਾਵਾ ਰੱਬੀ ਦਰ ਵਿਚ ਕਬੂਲ ਨਹੀਂ ਹੋ ਸਕਦਾ। ਉਨ੍ਹਾਂ ਦੇ ਬਾਰੇ ਤਾਂ ਬਾਣੀ ਵਿਚ ਇਉਂ ਹੀ ਜ਼ਿਕਰ ਆਉਂਦਾ ਹੈ ਕਿ -

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥* *ਅੰਗ- ੪੭੦*

ਅਪਰਾਧੀ ਦਾ ਨਿਉਣਾ ਇਉਂ ਹੀ ਸਮਝੋ ਜਿਵੇਂ ਹਿਰਨਾਂ ਨੂੰ ਮਾਰਨ ਵਾਲਾ ਬਾਰ-ਬਾਰ ਨਿਉਂਦਾ ਹੈ, ਉਹ ਸ਼ਿਕਾਰੀ ਮਿਰਗ ਨੂੰ ਮੱਥਾ ਨਹੀਂ ਟੇਕਦਾ ਉਹ ਤਾਂ ਸਗੋਂ ਉਸਦਾ ਘਾਤਕ ਅਪਰਾਧੀ ਹੈ।

ਤੀਜੀ ਵਾਰ ਸਮਾਪਤ

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-47)*

ਇਸ ਤਰ੍ਹਾਂ ਨਾਲ ਆਪ ਜੀ ਦਿਲੀ ਵਿਖੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਅਤੇ ਖੁਦ ਆਪ ਘੰਟਿਆਂ ਬੱਧੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਜਦੋਂ ਬਾਲਕ ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਸਰਦਾਰ ਬਦਰ ਸਿੰਘ ਚੜ੍ਹਾਈ ਕਰ ਗਏ ਤਾਂ ਇਨ੍ਹਾਂ ਦੀ ਮਾਤਾ ਜੀਵਨ ਕੌਰ ਜੀ ਦਿਲੀ ਨੂੰ ਜਾ ਰਹੀ ਸੰਗਤ ਜੋ ਮਾਤਾ ਸੁੰਦਰ ਕੌਰ ਜੀ ਦੇ ਦਰਸ਼ਨਾਂ ਨੂੰ ਜਾ ਰਹੀ ਸੀ, ਪੰਜ ਸਾਲ ਦੇ ਪੁੱਤਰ ਨੂੰ ਨਾਲ ਲੈ ਕੇ ਉਨ੍ਹਾਂ ਦੇ ਨਾਲ ਆ ਗਈ।

*ਦਸਮ ਗੁਰੂ ਕੇ ਮਹਿਲ ਸੁੰਦਰੀ ਜੀ ਦਿਲੀ ਥੇ ਰਹਿਤੇ।*
*ਕਾਰ ਭੇਟ ਸਿਖ ਸਭ ਤਹਿ ਦੇਤੇ ਮਨ ਬਾਛਤ ਫਲ ਲਹਿਤੇ।*
*ਜਸਾ ਸਿੰਘ ਕੀ ਮਾਤਾ ਸੁਤ ਯੁਤ ਉਨਕੇ ਪਾਸ ਸਿਧਾਈ।*
*ਜਥਾ ਸ਼ਕਤ ਦੈ ਕਾਰ ਭੇਟ ਫਿਰ ਉਨ ਹੀ ਪਾਸ ਰਹਾਈ।*
*ਸਾਤ ਬਰਸ ਸੇਵਾ ਕੀਨੀ ਮਾਤਾ ਕੀ ਤਨ ਮਨ ਸੈ।*
*ਪੁਤਰਾਂ ਵਾਂਗ ਮਾਤਾ ਜੀ ਨੇ ਰਖਯੋ ਜਸਾ ਸਿੰਘ ਮਨ ਸੈ।*
*(ਪੰਥ ਪ੍ਰਕਾਸ਼)*

ਇਥੇ ਮਾਤਾ ਸੁੰਦਰ ਕੌਰ ਜੀ ਨੇ ਬਾਲਕ ਜੱਸਾ ਸਿੰਘ ਦਾ ਗੁਰਬਾਣੀ ਨਾਲ ਪਿਆਰ ਦੇਖ ਕੇ ਆਪਣੇ ਕੋਲ ਰੱਖ ਲਿਆ। ਇਸ ਬਾਲਕ ਨੂੰ ਪੁੱਤਰਾਂ ਵਾਲ ਪਾਲਿਆ ਤੇ ਪੜ੍ਹਾਇਆ। ਬਾਲਕ ਜੱਸਾ ਸਿੰਘ ਜੀ ਸੱਤ ਸਾਲ ਮਾਤਾ ਜੀ ਦੀ ਸੰਗਤ ਵਿਚ ਰਹੇ ਤੇ ਉਹ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਿਆ ਕਰਦੇ ਸਨ। ਭਾਈ ਮਨੀ ਸਿੰਘ ਜੀ ਪਾਸੋਂ ਇਸ ਬਾਲਕ ਗੁਰਮੁਖੀ ਸਿੱਖ ਕੇ ਗੁਰਬਾਣੀ ਕੰਠ ਕੀਤੀ ਤੇ ਨਿਤਨੇਮ ਦੀਆਂ ਬਾਣੀਆਂ ਕੰਠ ਕੀਤੀਆਂ। ਜਦੋਂ ਵਿਸਾਖੀ ਵਾਲੇ ਦਿਨ ਇਸ ਬਾਲਕ ਨੇ ਅੰਮ੍ਰਿਤਸਰ ਵਿਖੇ 'ਆਸਾ ਜੀ ਦੀ ਵਾਰ' ਦਾ ਕੀਰਤਨ ਕੀਤਾ ਤਾਂ ਨਵਾਬ ਕਪੂਰ ਸਿੰਘ ਜੀ ਇਸ ਬਾਲਕ ਨੂੰ ਕਰਤਾਰਪੁਰ ਲੈ ਗਏ ਤੇ ਉਥੇ ਜਾ ਕੇ ਆਪਣਾ ਧਰਮ ਪੁੱਤਰ ਬਣਾ ਲਿਆ। ਮਗਰੋਂ ਇਸ ਬਹਾਦਰ ਸੂਰਮੇ ਸਿੰਘ ਨੇ ਆਹਲੂਵਾਲੀਆ ਮਿਸਲ ਦੀ ਸਰਦਾਰੀ ਪ੍ਰਾਪਤ ਕੀਤੀ ਤੇ ਅਨੇਕਾਂ ਮੱਲਾਂ ਮਾਰ ਕੇ ਦਿਲੀ ਦੇ ਤਖਤ ਤੇ ਕਬਜ਼ਾ ਕੀਤਾ ਤੇ ਇਸ ਨੂੰ 'ਬਾਦਸ਼ਾਹੇ-ਹਿੰਦ' ਦੇ ਖਿਤਾਬ ਨਾਲ ਸ਼ਸ਼ੋਭਿਤ ਕੀਤਾ ਗਿਆ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਰਦਾਰ ਜੱਸਾ ਸਿੰਘ ਨੂੰ ਬਚਪਨ ਵਿਚ ਮਾਤਾ ਜੀ ਦੀਆਂ ਅਸੀਸਾਂ, ਗੁਰਮਤਿ ਦੀ ਸਿਖਿਆ ਤੇ ਸੂਝ-ਬੂਝ ਸਦਕਾ ਇਹ ਮਹਾਨ ਰੁਤਬਾ 'ਸੁਲਤਾਨਉਲ-ਕੌਮ' ਪ੍ਰਾਪਤ ਹੋਇਆ।

ਮਾਤਾ ਜੀ ਨੇ ਇਕ ਲਾਵਾਰਸ ਬੱਚੇ ਦੀ ਪੁੱਤਰਾਂ ਵਾਂਗ ਪਾਲਣਾ ਵੀ ਕੀਤੀ ਤੇ ਉਸ ਨੂੰ ਸਭ ਸਹੂਲਤਾਂ ਵੀ ਮੁਹਈਆ ਕੀਤੀਆਂ। ਉਸ ਦੀ ਸ਼ਾਦੀ ਵੀ ਕੀਤੀ ਤੇ ਉਸ ਦਾ ਬੱਚਾ ਵੀ ਹੋਇਆ। ਵੱਡੇ ਹੋ ਕੇ ਉਹ ਦੋਵੇਂ ਪਿਓ-ਪੁੱਤ ਅਕ੍ਰਿਤਘਣ ਤੇ ਬੇਮੁਖ ਹੋ ਗਏ। ਗੁਰਮਤਿ ਤੋਂ ਵਿਪਰੀਤ ਹਰਕਤਾਂ ਕਾਰਨ ਆਪਹੁਦਰੇ ਹੋ ਗਏ ਜਿਸ ਕਰਕੇ ਉਨ੍ਹਾਂ ਨੂੰ ਬੇਦਖਲ ਕਰਨਾ ਪਿਆ। ਉਹ ਦੋਵੇਂ ਪਿਓ-ਪੁੱਤ ਸਮਾਂ ਬੀਤਣ ਤੇ ਆਪਣੀ ਮੌਤ ਆਪ ਹੀ ਮਰ ਗਏ। ਇਹ ਲਵਾਰਸ ਬੱਚਾ ਜਦੋਂ 5 ਸਾਲ ਦਾ ਗੋਦ ਲਿਆ ਸੀ ਤਾਂ ਸਤਿਗੁਰੂ ਜੀ ਨੇ ਜੋ ਬਚਨ ਕੀਤਾ ਸੀ ਉਸ ਬਾਰੇ 'ਪੰਥ ਪ੍ਰਕਾਸ਼' ਵਿਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*ਨਿਜ ਸੁਤ ਹੋਤ ਨ ਪੁੱਤ*
*ਪਰਾਏ ਧਨ ਖੋਵੇ ਦੁਖ ਦੇ ਹੈ।*
*ਸਤ ਬਚਨ ਸੋ ਗੁਰਕਾ ਕੀਓ*
*ਦੇ ਦੁਖ ਮਰਿਓ ਵੈ ਹੈ।*

ਭਾਈ ਕਾਹਨ ਸਿੰਘ ਨਾਭਾ ਜੀ ਵੀ ਇਸ ਬਾਰੇ ਇਸ ਤਰ੍ਹਾਂ ਨਾਲ ਲਿਖਦੇ ਹਨ।

"ਇਕ ਸੁਨਿਆਰੇ ਦਾ ਪੁੱਤਰ ਜਿਸ ਨੂੰ ਮਾਤਾ ਸੁੰਦਰੀ ਜੀ ਨੇ 'ਅਜੀਤ ਸਿੰਘ' ਜਿਹੀ ਸ਼ਕਲ ਵੇਖਕੇ ਪੁੱਤਰ ਬਣਾਇਆ, ਦਸ਼ਮੇਸ਼ ਜੀ ਨੇ ਜੋ ਸ਼ਸਤਰ ਮਾਤਾ ਸਾਹਿਬ ਕੌਰ ਜੀ ਨੂੰ ਬਖਸ਼ੇ ਸਨ, ਉਨ੍ਹਾਂ ਨੂੰ ਇਕ ਵੇਰ ਇਸ ਅਜੀਤ ਸਿੰਘ ਨੇ ਆਪਣੇ ਅੰਗ ਸਜਾਇਆ ਅਤੇ ਕੇਸਾਂ ਦੀ ਬੇਅਦਬੀ ਕਰ ਲਈ। ਇਸ ਤੋਂ ਮਾਤਾ ਸੁੰਦਰੀ ਜੀ ਨੇ ਤਿਆਗ ਦਿਤਾ, ਇਕ ਬੇਨਵਾ ਫਕੀਰ ਦੇ ਮਾਰਨ ਦਾ ਅਪਰਾਧ ਇਸ ਦੇ ਸਿਰ ਤੇ ਲਾ ਕੇ ਬਾਦਸ਼ਾਹ ਫਰੁਖਸੀਯਰ ਨੇ ਅਜੀਤ ਸਿੰਘ ਨੂੰ ਸੰਮਤ 1775 ਵਿਚ ਕਤਲ ਕਰਵਾ ਦਿਤਾ। ਇਸ ਦਾ ਦੇਹੁਰਾ ਸਬਜ਼ੀ ਮੰਡੀ ਕੋਲ ਦਿਲੀ ਹੈ। ਇਸ ਦਾ ਪੁੱਤਰ ਹੱਠੀ ਸਿੰਘ ਸੀ ਜਿਸ ਬਾਰੇ ਕਾਹਨ ਸਿੰਘ ਨਾਭਾ ਜੀ ਇੰਜ ਲਿਖਦੇ ਹਨ "ਮਾਤਾ ਸੁੰਦਰੀ ਜੀ ਦੇ ਪਾਲਤ ਅਜੀਤ ਸਿੰਘ ਦਾ ਬੇਟਾ, ਜਿਸ ਦਾ ਪ੍ਰਸਿਧ ਅਸਥਾਨ ਬੁਰਹਾਨਪੁਰ (ਜ਼ਿਲਾ ਨਿਮਾਰ) ਦੇ ਸਿੰਧੀ ਮਹੱਲੇ ਵਿਚ ਹੈ, ਇਹ ਗੁਰਬਾਣੀ ਵਿਚੋਂ "ਨਾਨਕ" ਨਾਮ ਕੱਢ ਕੇ

ਅਰ ਆਪਣਾ ਨਾਉਂ ਪਾ ਕੇ ਸਿੱਖਾਂ ਨੂੰ ਸੁਣਾਇਆ ਕਰਦਾ ਸੀ, ਇਸ ਅਪਰਾਧ ਕਰਕੇ ਮਾਤਾ ਸੁੰਦਰੀ ਜੀ ਨੇ ਇਸ ਨੂੰ ਤਿਆਗ ਦਿਤਾ, ਇਹ ਪੰਜਾਬ ਛੱਡ ਕੇ ਮੱਧਯ ਪ੍ਰਦੇਸ ਵਿਚ ਜਾ ਰਿਹਾ ਅਰ ਉਸੇ ਪਾਸੇ ਮੋਇਆ, ਇਸ ਦਾ ਦੇਹੁਰਾ ਬੁਹਰਾਨਪੁਰ ਵਿਚ ਹੈ"।

ਸਤਿਗੁਰੂ ਜੀ ਨੇ ਜਦੋਂ ਆਪਣਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਜਾਣਿਆ ਤਾਂ ਮਾਤਾ ਸਾਹਿਬ ਕੌਰ ਜੀ ਨੂੰ ਵੀ ਆਪਣੇ ਪੰਜ ਸ਼ਸ਼ਤਰ ਦੇ ਕੇ ਮਾਤਾ ਸੁੰਦਰ ਕੌਰ ਜੀ ਪਾਸ ਹੀ ਭੇਜ ਦਿਤਾ ਸੀ। ਇਹ ਸੁਣ ਕੇ ਮਾਤਾ ਸੁੰਦਰ ਕੌਰ ਜੀ ਨੂੰ ਵੀ ਬਹੁਤ ਦੁ'ਖ ਲੱਗਾ ਕਿ ਪਤੀ ਗੁਰੂ ਸਾਹਿਬ ਭਾਣਾ ਵਰਤਾ ਕੇ ਸਦੀਵੀ ਵਿਛੋੜਾ ਦੇਣ ਲਗੇ ਹਨ। ਹੁਣ ਮਾਤਾਵਾਂ ਨੇ ਦਿਲੀ ਵਿਚ ਇਕੱਠੀਆਂ ਦਿਲੀ ਰਹਿਣ ਦਾ ਫੈਸਲਾ ਕਰ ਲਿਆ। ਦੇਸ਼ ਭਰ ਵਿਚੋਂ ਸੰਗਤਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਤਮਾਮ ਸੰਗਤਾਂ ਨੇ ਮਿਲ ਕੇ ਦਿਲੀ ਦਰਵਾਜੇ ਦੇ ਬਾਹਰ ਜ਼ਮੀਨ ਖਰੀਦ ਕੇ ਮਾਤਾ ਜੀ ਦੇ ਰਹਿਣ ਲਈ ਇਕ ਵੱਡੀ ਹਵੇਲੀ ਬਣਵਾਈ। ਮਾਤਾਵਾਂ ਨੇ ਪੱਕੇ ਤੌਰ ਤੇ ਆਪਣੀ ਰਹਾਇਸ਼ ਇਸ ਵੱਡੀ ਹਵੇਲੀ ਵਿਚ ਰੱਖ ਲਈ। ਇਹ ਓਹੀ ਹਵੇਲੀ ਹੈ ਜਿਥੇ ਅੱਜ ਕਲ੍ਹ ਗੁਰਦੁਆਰਾ ਮਾਤਾ ਸੁੰਦਰੀ ਜੀ ਸ਼ਸ਼ੋਭਿਤ ਹੈ। ਪਰ ਜਦੋਂ ਸਤਿਗੁਰੂ ਜੀ ਜੋਤੀ ਜੋਤ ਸਮਾ ਜਾਂਦੇ ਹਨ ਤਾਂ ਮਾਤਾ ਸਾਹਿਬ ਕੌਰ ਜੀ ਨੇ ਗੁਰੂ ਜੀ ਦੇ ਸ਼ਸਤਰ ਮਾਤਾ ਸੁੰਦਰ ਕੌਰ ਜੀ ਨੂੰ ਸੌਂਪ ਕੇ 1747 ਨੂੰ ਆਪਣਾ ਪੰਚ ਭੂਤਕ ਸਰੀਰ ਤਿਆਗ ਦਿਤਾ ਸੀ। ਇਥੇ ਮਾਤਾ ਸੁੰਦਰ ਕੌਰ ਜੀ ਲਗਭਗ 40 ਸਾਲ ਦੇ ਕਰੀਬ ਰਹੇ ਅਤੇ ਸਿ'ਖ ਧਰਮ ਦੀ ਪ੍ਰਫੁਲਤਾ ਲਈ ਅਨੇਕਾਂ ਕਾਰਜ ਕੀਤੇ।

ਉਧਰ ਬਹਾਦਰ ਸ਼ਾਹ ਨੇ ਦਿਲੀ ਦੇ ਤਖਤ ਦੀ ਪ੍ਰਾਪਤੀ ਸਮੇਂ ਗੁਰੂ ਜੀ ਨਾਲ ਕੀਤੇ ਵਾਅਦੇ ਭਾਵੇਂ ਪੂਰੇ ਨਹੀਂ ਕੀਤੇ ਪਰ ਉਹ ਇਸ ਬਖਸ਼ਿਸ਼ ਦਾ ਹਮੇਸ਼ਾ ਆਦਰ ਕਰਦਾ ਰਿਹਾ। ਉਸ ਤੋਂ ਬਾਦ ਜਦੋਂ ਫਰਖਸੀਅਰ ਤਖਤ ਤੇ ਬੈਠਾ, ਉਸ ਨੇ ਸਿੰਘਾਂ ਉਤੇ ਜ਼ੁਲਮ ਦੀ ਹਨ੍ਹੇਰੀ ਚਲਾ ਦਿਤੀ। ਬਾਬਾ ਬੰਦਾ ਬਹਾਦਰ ਜੀ ਦੀਆਂ ਸਰਗਰਮੀਆਂ ਕਰਕੇ ਉਹ ਚਾਹੁੰਦਾ ਸੀ ਕਿ ਉਸ ਵਲ ਮਾਤਾ ਜੀ ਵਲੋਂ ਹੁਕਮਨਾਮਾ ਭੇਜਿਆ ਜਾਵੇ ਪਰ ਮਾਤਾਵਾਂ ਉਸ ਵੇਲੇ ਝੁਕੀਆਂ ਨਹੀਂ। ਇਤਿਹਾਸ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਦੋ ਵਾਰ ਦਿਲੀ ਛੱਡ ਕੇ ਬਾਹਰ ਜਾਣਾ ਪਿਆ ਸੀ। ਇਕ ਵੇਰਾਂ ਦੋਵਾਂ ਮਾਤਾਵਾਂ ਨੂੰ ਰਾਜਸਥਾਨ ਤੇ ਮਥੁਰਾ ਜਾਣਾ ਪਿਆ ਸੀ। ਫਰਖਸੀਅਰ ਦੀ ਮੌਤ ਤੋਂ ਬਾਦ ਸੰਨ 1719 ਵਿਚ ਸੰਗਤਾਂ ਦੇ ਸੱਦੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੋਵੇਂ ਫੇਰ ਦਿਲੀ ਆ ਗਏ ਸਨ। ਸਮੇਂ ਦੇ ਰਾਜਸੀ ਹਾਲਾਤ ਅਨਕੂਲ ਨਾ ਹੋਣ ਕਰਕੇ ਕੁਝ ਵਾਸਤੇ ਮਾਤਾਵਾਂ ਨੂੰ ਵੀ ਮਥੁਰਾ ਜਾ ਕੇ ਰਹਿਣਾ ਪਿਆ। ਉਥੇ ਰਾਜਾ ਜੈ ਸਿੰਘ ਨੇ ਸ਼ਰਧਾ ਨਾਲ ਸੇਵਾ ਕਰਵਾਈ। ਮਹਾਂਕਵੀ ਸੰਤੋਖ ਸਿੰਘ ਜੀ ਨੇ ਇਸ ਘਟਨਾ ਦਾ ਹੇਠ ਲਿਖੇ ਅਨੁਸਾਰ ਜ਼ਿਕਰ ਕੀਤਾ ਹੈ।

*ਚਢਿ ਸਯੰਦਨ ਪਰ ਤੁਰਤ ਪਧਾਰੀ।*
*ਪਹੁੰਚੀ ਮਥੁਰਾ ਪੁਰੀ ਮਝਾਰੀ।*
*ਜਮਨਾ ਤੀਰ ਕਰਯੋ ਨਿਜ ਡੇਰਾ।*
*ਤਹਿ ਪੁਰਿਪਾਲਕ ਸੁਨਿ ਤਿਸ ਬੇਰਾ।*
*ਲੈ ਕਰਿ ਭੇਟ ਮਿਲਨਿ ਕੋ ਆਵਾ।*
*ਹਾਥ ਜੋਰਿ ਪਗ ਮਾਥ ਟਿਕਾਵਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਉਥੋਂ ਫੇਰ ਦਿਲੀ ਆ ਕੇ ਉਸੇ ਤਰ੍ਹਾਂ ਕਥਾ-ਕੀਰਤਨ ਦੀਵਾਨ ਦੁਆਰਾ ਸੰਗਤਾਂ ਨੂੰ ਗੁਰ ਉਪਦੇਸ਼ ਦੇ ਕੇ ਜੋੜਦੇ ਰਹੇ ਤੇ ਹੁਕਮਨਾਮਿਆਂ ਦੁਆਰਾ ਸੰਗਤਾਂ ਦੀ ਯੋਗ ਅਗਵਾਈ ਕਰਦੇ ਰਹੇ। ਵੈਸਾਖੀ 1721 ਈਸਵੀ ਵਿਚ ਤੱਤ ਖਾਲਸਾ ਤੇ ਬੰਦਈ ਖਾਲਸੇ ਦੇ ਮੱਤ ਭੇਦ ਹੋਣ ਤੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ। ਉਨ੍ਹਾਂ ਨੇ ਆ ਕੇ ਬੜੀ ਸੂਝ-ਬੂਝ ਦੁਆਰਾ ਮੱਤ-ਭੇਦ ਖਤਮ ਕਰਾਇਆ, ਦੋਵਾਂ ਧਿਰਾਂ ਦਾ ਆਪਸ ਵਿਚ ਮੇਲ ਕਰਵਾਇਆ। ਭਾਈ ਮਨੀ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਵਜੋਂ ਵੀ ਸਾਰੇ ਪ੍ਰਬੰਧ ਨੂੰ ਭਲੀ-ਭਾਂਤ ਚਲਾਇਆ।

*ਇਸ ਪ੍ਰਕਾਰ ਮਾਤਾ ਰਹੀ*
*ਦਿੱਲੀ ਪੁਰਿ ਮਹਿੰ ਫੇਰ।*
*ਸੰਗਤ ਸੇਵੈ ਭਾਵ ਧਰਿ*
*ਮੇਲ ਸਕੇਲ ਬਡੇਰ।*
*ਮਾਤਾ ਬ੍ਰਿਧ ਜਰਜਰੀ ਸਰੀਰ।*
*ਸੇਵਤਿ ਸੰਗਤ ਰਹਿ ਨਿਤ ਤੀਰ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਜਦੋਂ ਮਾਤਾ ਜੀ ਦਿਲੀ ਵਿਖੇ ਪਧਾਰੇ ਤਾਂ ਉਸ ਵੇਲੇ ਮਾਤਾ ਜੀ ਦਾ ਸਰੀਰ ਕਾਫੀ ਬਿਰਧ ਹੋ ਚੁੱਕਾ ਸੀ। ਸੰਗਤਾਂ ਨੂੰ ਜਦੋਂ ਪਤਾ ਲੱਗਾ ਤਾਂ ਵਹੀਰਾਂ ਘੱਤ ਕੇ ਦਰਸ਼ਨਾਂ ਲਈ ਆਉਣੀਆਂ ਸ਼ੁਰੂ ਹੋ ਗਈਆਂ। ਹਰ ਵੇਲੇ ਮਾਤਾ ਜੀ ਦੇ ਨਿਕਟ ਰਹਿ ਕੇ ਸੇਵਾ ਸੰਭਾਲ ਕਰ ਰਹੀਆਂ ਹਨ। ਆਪਣੇ ਆਖਰੀ ਸਵਾਸਾਂ ਤੱਕ ਮਾਤਾ ਜੀ ਹਰ ਰੋਜ਼ ਸਵੇਰੇ ਸ਼ਾਮ ਕੀਰਤਨ ਕਰਕੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਦੇ ਰਹੇ। ਇਤਿਹਾਸ ਵਿਚ ਜ਼ਿਕਰ ਹੈ ਕਿ ਮਾਤਾ ਜੀ ਕੋਈ ਆਮ ਕੀਰਤਨੀਏ ਨਹੀਂ ਸਨ ਸਗੋਂ ਉਨ੍ਹਾਂ ਨੂੰ ਸੂਖਸ਼ਮ ਰਾਗ ਵਿਦਿਆ ਦੀ ਪੂਰੀ ਮੁਹਾਰਤ ਤੇ ਸੋਝੀ ਸੀ ਅਤੇ ਰਾਗ ਦੀਆਂ ਬਰੀਕੀਆਂ ਤੋਂ ਪੂਰੀ ਤਰ੍ਹਾਂ ਜਾਣੂੰ

ਸਨ। ਆਪ ਜੀ ਬਾਕਾਇਦਾ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਿਆ ਕਰਦੇ ਸਨ। ਹੁਣ ਉਹ ਸਮਾਂ ਵੀ ਆ ਗਿਆ ਕਿ ਮਾਤਾ ਜੀ ਨੇ ਪੰਚ ਭੂਤਕ ਸਰੀਰ ਤਿਆਗਣ ਦੀ ਤਿਆਰੀ ਕਰ ਲਈ ਤੇ ਸੰਗਤਾਂ ਨੂੰ ਉਪਦੇਸ਼ ਕਰਦਿਆਂ ਬਚਨ ਕੀਤੇ ਕਿ ਜਿਸ ਨੇ ਕੋਈ ਗੱਲ ਕਰਨੀ ਹੈ, ਪੁੱਛਣਾ ਹੈ, ਪੁੱਛ ਸਕਦਾ ਹੈ। ਇਹ ਸੁਣ ਕੇ ਸੰਗਤਾਂ ਵਿਚ ਬਹੁਤ ਸੋਗ ਦਾ ਵਾਤਾਵਰਨ ਛਾ ਗਿਆ।

ਉਸ ਵੇਲੇ ਮਾਤਾ ਸੁੰਦਰ ਕੌਰ ਜੀ ਨੇ ਉਹ ਪੰਜ ਸ਼ਸ਼ਤਰ ਜੋ ਮਾਤਾ ਸਾਹਿਬ ਕੌਰ ਜੀ ਨੇ ਸੌਂਪੇ ਸਨ ਉਹ ਭਾਈ ਜੀਵਨ ਸਿੰਘ ਜੀ ਨੂੰ ਦਿਤੇ ਤੇ ਉਨ੍ਹਾਂ ਨੇ ਆਪਣੇ ਮਟੀਆ ਮਹਿਲ ਬਾਜ਼ਾਰ ਚਿਤਲੀ ਕਬਰ ਮਹੱਲੇ ਵਿਚ ਰੱਖੇ। ਬਾਦ ਵਿਚ ਭਾਈ ਜੀਵਨ ਸਿੰਘ ਦੇ ਸਪੁਤਰ ਬਖਤਾਵਰ ਸਿੰਘ, ਉਨ੍ਹਾਂ ਦੇ ਸਪੁੱਤਰ ਸੇਵਾ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਭਾਨ ਸਿੰਘ ਸ਼ਸ਼ਤਰਾਂ ਦੀ ਸੇਵਾ ਸੰਭਾਲ ਕਰਦੇ ਹੋਏ ਸੰਗਤਾਂ ਨੂੰ ਦਰਸ਼ਨ ਕਰਾਉਂਦੇ ਰਹੇ ਸਨ। ਆਤਮਾ ਸਿੰਘ ਦੇ ਉਲਾਦ ਨਹੀਂ ਸੀ। ਇਸ ਕਰਕੇ ਉਨ੍ਹਾਂ ਨੇ ਇਹ ਸ਼ਸ਼ਤਰ ਆਪਣੇ ਪਾਲਕ ਪੁੱਤਰ ਆਤਮਾ ਸਿੰਘ ਨੂੰ ਦਿਤੇ। ਭਾਈ ਆਤਮਾ ਸਿੰਘ ਜੀ ਨੇ ਇਹ ਸ਼ਸ਼ਤਰ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪਵਿਤਰ ਅਸਥਾਨ ਗੁਰਦੁਆਰਾ ਰਕਾਬ ਗੰਜ ਨਵੀਂ ਦਿਲੀ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਭੇਟ ਕੀਤੇ ਜੋ ਅੱਜ ਵੀ ਉਥੇ ਸ਼ਸ਼ੋਭਿਤ ਹਨ। (ਦਿੱਲੀ ਗੁਰਦੁਆਰਾ ਇਤਿਹਾਸ, ਕ੍ਰਿਤ ਗਿਆਨੀ ਡਾ. ਤਰਲੋਚਨ ਸਿੰਘ ਜੀ)

"ਮਟੀਆ ਬਾਜ਼ਾਰ ਦੇ ਚਿਤਲੀ ਕਬਰ ਮਹੱਲੇ ਵਿਚ ਮਾਤਾ ਸੁੰਦਰੀ ਜੀ ਦੇ ਸੇਵਕ ਭਾਈ ਜੀਵਨ ਸਿੰਘ ਕੋਲ ਉਹ ਸ਼ਸ਼ਤਰ ਸਨ ਜੋ ਸ੍ਰੀ ਦਸ਼ਮੇਸ਼ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਬਖਸ਼ੇ ਸਨ। ਜੀਵਨ ਸਿੰਘ ਦੀ ਔਲਾਦ ਇਨ੍ਹਾਂ ਸ਼ਸ਼ਤਰਾਂ ਦਾ ਦਰਸ਼ਨ ਗੁਰਸਿੱਖਾਂ ਨੂੰ ਕਰਾਉਂਦੀ ਅਤੇ ਧੂਪ ਦੀਪ ਦੀ ਸੇਵਾ ਕਰਦੀ ਰਹੀ ਹੈ। ਹੁਣ ਇਹ ਸ਼ਸ਼ਤਰ ਗੁਰਦੁਆਰਾ ਰਕਾਬ ਗੰਜ ਵਿਚ ਅਸਥਾਪਨ ਕੀਤੇ ਗਏ ਹਨ"। (ਮਹਾਨ ਕੋਸ਼, ਭਾਈ ਕਾਹਨ ਸਿੰਘ ਜੀ ਨਾਭਾ)

*ਸੰਮਤ ਚਾਰ ਬੀਤਿਗੇ ਔਰ।*
*ਅੰਤ ਸਮਾ ਪਹੁੰਚਯੋ ਤਿਸ ਠੌਰ।*
*ਤਿਥਿ ਇਕਾਦਸ਼ੀ ਮਹਿ ਤਜਿਪ੍ਰਾਨ।*
*ਪਹੁੰਚੀ ਪਤਿ ਢਿਗ ਮੁਕਤਿ ਸਥਾਨ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸੰਮਤ 1804 ਨੂੰ ਇਕਾਦਸ਼ੀ ਵਾਲੇ ਦਿਨ ਮਾਤਾ ਜੀ ਨੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਰਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫੇਰ ਹੇਠਾਂ ਚਿਟਾ ਆਸਨ ਵਿਛਾ ਕੇ ਆਪਣੇ ਉਪਰ ਚਿਟੀ ਚਾਦਰ ਓੜ੍ਹ ਕੇ ਲੇਟ ਗਏ ਅਤੇ ਸਰੀਰ ਤਿਆਗ ਦਿਤਾ।

*ਦਿੱਲੀ ਕੀ ਸੰਗਤ ਮਿਲਿ ਸਾਰੀ।*
*ਰਚਯੋ ਬਿਮਾਨ ਲਾਇ ਧਨ ਭਾਰੀ।*
*ਕੰਚਨ ਕੁਸਮ ਘਰਾਵਨਿ ਘਰੇ।*
*ਬਹੁ ਮੋਲੇ ਪਟ ਊਪਰ ਪਰੇ।*
*ਊਰਧ ਦੇਹਕ ਮਾਤਹਿ ਕੇਰਾ।*
*ਨੀਕ ਕੀਨਧਨ ਲਾਇ ਬਡੇਰਾ।*
*ਗਰੀ ਬਜ਼ਾਰਨ ਮਹਿੰ ਬਰਖਾਇ।*
*ਸਿੱਖ ਸੰਗਤ ਲੈਗੇ ਤਿਸ ਥਾਇ।*
*ਚੰਦਨ ਕੀ ਚਿਖ ਰਚੀ ਬਿਸਾਲਾ।*
*ਬਹੁ ਘ੍ਰਿਤ ਲੇ ਕਰਿ ਤਿਸ ਮਹਿ ਡਾਲਾ।*
*ਸ਼੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ।*
*ਸਾਹਿਬ ਦੇਵੀ ਦਾਹ ਭਿ ਤਹਾਂ।*

*(ਸ੍ਰੀ ਸੂਰਜ ਪਰਕਾਸ਼ ਗ੍ਰੰਥ)*

ਦਿਲੀ ਦੀਆਂ ਸੰਗਤਾਂ ਨੇ ਸੁੰਦਰ ਬਿਬਾਨ ਸਜਾ ਕੇ ਫੁਲਾਂ ਤੇ ਕੇਸਰ ਆਦਿ ਸੁਗੰਧੀਆਂ ਲਾ ਕੇ ਸਰੀਰ ਉਤੇ ਕੀਮਤੀ ਸੋਹਣੇ ਬਸਤਰ ਪਾ ਕੇ ਸਜਾਇਆ। ਗੁਰਸਿ'ਖਾਂ ਨੇ ਆਪਣੇ ਮੋਢਿਆਂ ਤੇ ਚੁਕ ਕੇ ਸ਼ਬਦ ਪੜ੍ਹਦੇ ਕੀਰਤਨ ਕਰਦੇ ਹੋਏ, ਦਿੱਲੀ ਦੇ ਗਲੀ ਬਾਜ਼ਾਰਾਂ ਦੀ ਹੁੰਦੇ ਹੋਏ, ਜਿਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਹੋਇਆ ਸੀ, ਉਥੇ ਚੰਦਨ ਦੀ ਚਿਖਾ ਤਿਆਰ ਕਰਕੇ ਦੇਸੀ ਘਿਓ ਦੀ ਸਮੱਗਰੀ ਪਾ ਕੇ ਅੰਤਿਮ ਸਸਕਾਰ ਕੀਤਾ। ਇਸ ਅਸਥਾਨ ਉਤੇ ਅੱਜਕਲ੍ਹ ਗੁਰਦੁਆਰਾ ਬਾਲਾ ਸਾਹਿਬ ਸ਼ਸ਼ੋਭਿਤ ਹੈ। ਜਿਸ ਅਸਥਾਨ ਤੇ ਮਾਤਾ ਸੁੰਦਰ ਕੌਰ ਜੀ ਨਿਵਾਸ ਰਖਦੇ ਸਨ ਉਸ ਥਾਂ ਤੇ ਗੁਰਦੁਆਰਾ ਮਾਤਾ ਸੁੰਦਰੀ ਜੀ ਸ਼ਸ਼ੋਭਿਤ ਹੈ।

ਉਸ ਸਮੇਂ ਦੇ ਰਾਜਸੀ ਅਣਸੁਖਾਵੇਂ ਬਿਖੜੇ, ਨਾਜ਼ੁਕ ਤੇ ਮੁਸੀਬਤਾਂ ਦੇ ਦੌਰ ਵਿਚ ਮਾਤਾ ਜੀ ਨੇ ਆਪਣੀ ਯੋਗ ਅਗਵਾਈ ਦੇ ਕੇ ਆਪਣੇ ਸਿ'ਖ ਪੰਥ ਨੂੰ ਨਿਵਾਜਿਆ ਹੈ ਜਿਸ ਲਈ ਖਾਲਸਾ ਪੰਥ ਸਦਾ ਲਈ ਆਪ ਜੀ ਦਾ ਰਿਣੀ ਰਹੇਗਾ। ਆਪ ਜੀ ਨੂੰ ਖੁਦ ਵੀ ਆਪਣੇ ਜੀਵਨ ਵਿਚ ਬਹੁਤ ਮੁਸੀਬਤਾਂ, ਅਤੀ ਕਠਿਨ ਸਮੱਸਿਆਵਾਂ ਅਤੇ ਚੁਨੌਤੀਆਂ ਦਾ ਸਾਮ੍ਹਣਾ ਕਰਨਾ ਪਿਆ ਜਿਸ ਨੂੰ ਆਪ ਜੀ ਨੇ ਖਿੜੇ ਮੱਥੇ ਸਹਿ ਕੇ ਗੁਰੂ ਜੀ ਦੇ ਭਾਣੇ ਵਿਚ ਰਹਿ ਕੇ ਸੱਚਾ-ਸੁੱਚਾ ਜੀਵਨ ਬਤੀਤ ਕੀਤਾ ਜੋ ਸਾਡੇ ਲਈ ਹਮੇਸ਼ਾ ਇਕ ਮਹਾਨ ਪ੍ਰੇਰਨਾਦਾਇਕ ਸਰੋਤ ਦਾ ਸੋਮਾ ਬਣ ਕੇ ਰਹੇਗਾ। ਧੰਨ ਧੰਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਸਤਿਕਾਰਤ ਮਹਿਲ ਮਾਤਾ ਸੁੰਦਰ ਕੌਰ ਜੀ ਦੇ ਚਰਨਾਂ ਵਿਚ ਕੋਟੀ ਕੋਟਿ ਬਾਰ ਨਮਸ਼ਕਾਰ ਡੰਡਾਉਤ ਬੰਦਨਾ ਹੈ।)

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-50)*

ਜਦ ਬਾਪੂ ਜੀ ਚਲੇ ਗਏ ਤੇ ਮੈਂ ਉਠੀ ਤਾਂ ਅੰਮੀਂ ਦੀ ਗੋਦੀ ਵਿਚ ਜਾ ਬੈਠੀ ਤੇ ਗਲਵੱਕੜੀ ਪਾ ਕੇ ਕਿਹਾ, ਪਿਆਰੀ ਅੰਮੀਂ! ਜੋ ਤੁਸਾਂ ਅੱਜ ਬਾਪੂ ਜੀ ਨੂੰ ਆਖਿਆ ਹੈ ਮੈਂ ਸੁਣ ਲੀਤਾ ਹੈ, ਮੈਂ ਸੁੱਤੀ ਹੋਈ ਨਹੀਂ ਸਾਂ। ਤੁਸਾਂ ਜੋ ਸਲਾਹ ਦਿਤੀ ਹੈ ਮੇਰੇ ਭਲੇ ਲਈ ਦਿਤੀ ਹੈ ਤੇ ਮੈਂ ਤੁਹਾਡਾ ਤੇ ਬਾਪੂ ਜੀ ਦਾ ਆਖਿਆ ਮੋੜ ਬੀ ਨਹੀਂ ਸਕਦੀ, ਪਰ ਮੈਂ ਇਸ ਤਰ੍ਹਾਂ ਵਧੇਰੇ ਦੁਖੀ ਹੋ ਜਾਵਾਂਗੀ। ਹੁਣ ਮੈਂ ਕੁਛ ਸੁਖੀ ਹਾਂ। ਭਾਵੇਂ ਖੇਡਦੀ ਮੱਲ੍ਹਦੀ ਨਹੀਂ ਹਾਂ, ਪਰ ਮੈਂ ਰੋਂਦੀ ਤੇ ਕੁਰਲਾਉਂਦੀ ਬੀ ਨਹੀਂ ਹਾਂ, ਅਤੇ ਕਦੇ-ਕਦੇ ਐਸਾ ਬੀ ਹੁੰਦਾ ਹੈ ਕਿ ਮੇਰੇ ਅੰਦਰ ਇਕ ਖੁਸ਼ੀ ਦੀ ਝਰਨਾਟ ਛਿੜਦੀ ਹੈ, ਜਿਸ ਨਾਲ ਮੇਰੇ ਲੂੰਆਂ ਥਾਣੀਂ ਸੁਖ ਦੇ ਫੁਹਾਰੇ ਛੁਟ ਪੈਂਦੇ ਹਨ, ਮੈਂ ਹੌਲਕੀ ਫੁੱਲ ਤੇ ਠੰਢੀ-ਠੰਢੀ ਹੋ ਜਾਂਦੀ ਹਾਂ। ਉਸ ਵੇਲੇ ਮੇਰਾ ਜੀ ਟੱਪਦਾ ਬੁੜ੍ਹਕਦਾ ਨਹੀਂ, ਕੁਛ ਕੱਠਾ ਜਿਹਾ ਹੋ ਜਾਂਦਾ ਹੈ ਤੇ ਇਹ ਕਰਦਾ ਹੈ ਕਿ ਮੈਂ ਏਸੇ ਤਰ੍ਹਾਂ ਬੈਠੀ ਰਹਾਂ। ਏਸ ਤਰ੍ਹਾਂ ਦਾ ਸੁਖ ਕਦੇ ਝਲਕਾਰਾ ਜਿਹਾ ਮਾਰ ਜਾਂਦਾ ਹੈ। ਉਸ ਮਗਰੋਂ ਫੇਰ ਮੈਂ ਤੁਰਦੀ ਫਿਰਦੀ ਦੁਖੀ ਨਹੀਂ ਹੁੰਦੀ। ਜੇ ਤੁਸਾਂ ਕਾਜ ਕਰ ਦਿਤਾ ਤਾਂ ਮੇਰਾ ਇਹ ਸੁਖ ਜਾਂਦਾ ਰਹੇਗਾ ਤੇ ਪਹਿਲਾ ਸੁਖ ਮੁੜਨ ਨਹੀਂ ਲੱਗਾ, ਤਦ ਮੈਂ ਹੁਣ ਨਾਲੋਂ ਬੀ ਔਖੀ ਹੋ ਜਾਵਾਂਗੀ। ਇਸ ਮੱਧਮ ਤੇ ਠੰਢੇ ਸੁਖ ਲਈ, ਜੋ ਮੈਨੂੰ ਹੁਣ ਕਦੇ-ਕਦੇ ਮਿਲਦਾ ਹੈ ਦੂਸਰੇ ਦੀ ਲੋੜ ਨਹੀਂ, ਇਹ ਅੰਦਰੋਂ ਹੀ ਉਗਮ ਪੈਂਦਾ ਹੈ ਅਰ ਕਈ ਵੇਰ ਮੈਨੂੰ ਸ਼ੱਕ ਪੈਂਦਾ ਹੈ ਕਿ ਇਹ ਖੁਸ਼ੀ ਹੀ ਕਿਤੇ ਆਤਮਾ ਤਾਂ ਨਹੀਂ ਹੈ, ਜੋ ਚੰਗੇ ਮਨੁੱਖ ਨੇ ਆਖਿਆ ਸੀ ਕਿ ਤੂੰ ਆਤਮਾ ਹੈਂ ਅਰ ਤੂੰ ਸਰੀਰ ਨਹੀਂ ਹੈ। ਮੈਨੂੰ ਪੱਕਾ ਪਤਾ ਤਾਂ ਕੁਛ ਨਹੀਂ, ਐਤਨਾ ਜਾਣਦੀ ਹਾਂ ਕਿ ਮੈਨੂੰ ਆਪਣੇ ਅੰਦਰੋਂ ਬਿਨਾਂ ਸਰੀਰ ਦੇ ਸਾਮਾਨਾਂ ਦੇ ਕਦੇ ਕਦਾਈਂ ਇਕ ਠੰਢੇ ਜਿਹੇ ਸੁਖ ਦਾ ਝਲਕਾ ਵਜ ਜਾਂਦਾ ਹੈ। ਬੀਬੀ ਅੰਮੀਂ! ਜੇ ਮੇਰੇ ਸੁਖ ਤੇ ਖੁਸ਼ੀ ਨੂੰ ਸੋਚਣਾ ਜੇ ਤਾਂ ਮੈਨੂੰ ਹੋਰ ਫਾਹੀ ਵਿਚ ਨਾ ਪਾਉਣਾ, ਮੈਂ ਆਖਾ ਤਾਂ ਨਹੀਂ ਮੋੜਾਂਗੀ, ਪਰ ਮੈਂ ਖੁਸ਼ ਨਹੀਂ ਰਹਿ ਸਕਾਂਗੀ।

ਇਹ ਸੁਣ ਕੇ ਮਾਂ ਨੇ ਕਿਹਾ, ਕਾਕੀ! ਤੂੰ ਸੱਚ ਆਖਦੀ ਹੈਂ, ਪਰ ਹੁਣ ਤੂੰ ਸਿਆਣੀ ਹੈਂ, ਕੁਛ ਸੋਚ ਬੀ ਕਰ ਨਾ। ਪਹਿਲੀਂ ਉਮਰੇ ਤੂੰ ਖੇਡਾਂ ਵਿਚ ਬੇਫਿਕਰ ਰਹੀ। ਜਦ ਤੇਰੀ ਉਮਰ ਅਕਲ ਤੇ ਹੋਸ਼ ਵਾਲੀ ਹੋਈ ਤਾਂ ਤੂੰ ਵੈਰਾਗ ਵਿਚ ਰੁੜ੍ਹ ਕੇ ਉਦਾਸਣ ਹੋ ਗਈ। ਅਜੇ ਤਕ ਤੇਰੀਆਂ ਉਦਾਸੀ ਤੋਂ ਮੁਹਾਰਾਂ ਨਹੀਂ ਮੁੜੀਆਂ ਤੇ ਸਮਾਂ ਹੁਣ ਅਵੇਸਲਿਆਂ ਲੰਘ ਜਾਣ ਦਾ ਨਹੀਂ ਹੈ। ਸਾਡੀ ਉਮਰ ਵਡੇਰੀ ਹੋ ਰਹੀ ਹੈ ਅਰ ਤੇਰੇ ਬਿਨਾਂ ਕੋਈ ਸਾਡੇ ਉਲਾਦ ਨਹੀਂ ਹੈ। ਇਸ ਤਪੇ ਦਾ ਹੁਕਮ ਹਾਸਲ ਸਾਰਾ ਸਾਡਾ ਹੈ। ਆਸੇ ਪਾਸੇ ਖਰਲ ਭੱਟੀ ਤੇ ਅਨੇਕਾਂ ਜਰਵਾਣੇ ਮੁਸਲਮਾਨਾਂ ਦੇ ਤਪੇ ਹਨ, ਜੇ ਕੋਈ ਧਿਰ ਸਾਡੇ ਬੈਠਿਆਂ ਰਾਜ ਭਾਗ ਦੇ ਲੈਕ ਨਾ ਹੋ ਜਾਵੇ ਤਾਂ ਪਿੱਛੋਂ ਸਾਡੀ ਇਸ ਕਮਾਈ ਤੇ ਘਾਲ ਘਾਲੀ ਨੂੰ ਵੈਰੀਆਂ ਨੇ ਹੀ ਲੈ ਜਾਣਾ ਹੈ, ਇਸ ਬਚਾਉ ਲਈ ਅਸੀਂ ਇਹੋ ਕਰ ਸਕਦੇ ਹਾਂ ਕਿ ਤੇਰਾ ਕਾਜ ਕਿਸੇ ਬੜੇ ਬਹਾਸਰ ਸੂਰਮੇ ਨਾਲ ਕਰ ਦੇਈਏ ਤੇ ਆਪਣੀ ਅੱਖੀਂ ਤੁਹਾਡੀ ਸੂਰਮਾਂ ਸੰਤਾਨ ਵੇਖ ਲਈਏ ਤੇ ਠੰਢੇ ਜੀਉ ਮਰੀਏ ਤੇ ਸਾਡੇ ਰਾਜ ਭਾਗ ਨੂੰ ਸਾਂਭਣ ਵਾਲੇ ਪਿੱਛੇ ਹਨ। ਜੇ ਤੂੰ ਉਦਾਸੀ ਰੱਖੀ ਤਾਂ ਇਕ ਹੋਰ ਡਰ ਵੀ ਹੈ - ਸਾਰੇ ਮੁਸਾਹਿਬ ਮਹਿਤੇ ਤੇ ਪੰਡਤ ਸੁਣੇ। ਹੁਣ ਤੇਰੇ ਬਾਪੂ ਜੀ ਨੂੰ ਹੋਰ ਵਿਆਹ ਕਰ ਲੈਣ ਦੀ ਸਲਾਹ ਪਏ ਦਿੰਦੇ ਹਨ ਜੋ ਕਿਵੇਂ ਨਵੇਂ ਹੀ ਵਿਆਹ ਤੋਂ ਨਰ ਸੰਤਾਨ ਪੈਦਾ ਹੋ ਜਾਵੇ। ਤੇਰੇ ਬਾਪੂ ਜੀ ਦਾ ਮੇਰੇ ਨਾਲ ਅਤਿ ਦਾ ਪਿਆਰ ਹੈ, ਉਹ ਜਾਣਦੇ ਹਨ ਕਿ ਹੋਰ ਵਿਆਹ ਨਾਲ ਮੈਂ ਦੁਖੀ ਹੋ ਜਾਵਾਂਗੀ ਅਰ ਮੇਰੇ ਦੁਖੀ ਹੋਣ ਨਾਲ ਕਾਕੀ ਹੋਰ ਦੁਖ ਕਰੇਗੀ, ਇਸ ਕਰਕੇ ਉਹਨਾਂ ਅਜੇ ਕਿਸੇ ਦੀ ਸਲਾਹ ਕੰਨੇ ਨਹੀਂ ਧਰੀ। ਪਰ ਕਾਕੀ! ਕਦ ਤਕ? ਨਿੱਤ ਦੀਆ ਸਿਖੌਤਾਂ ਪੱਥਰ ਪਾੜ ਦਿੰਦੀਆਂ ਹਨ। ਅੱਗੇ ਰਾਜਿਆਂ ਦੇ ਕੰਨ ਹੁੰਦੇ ਹਨ, ਅੱਖਾਂ ਨਹੀਂ ਹੁੰਦੀਆਂ। ਨਿੱਤ ਦੀਆਂ ਸਲਾਹੁਤਾਂ ਨੇ ਵੱਡੇ-ਵੱਡੇ ਰਾਜ ਘਰ ਪਾੜ ਘੱਤੇ, ਬੜੇ-ਬੜੇ ਪੰਡਤ ਤੇ ਸਿਆਣੇ ਰਾਜੇ ਜੋ ਆਖਦੇ ਹੁੰਦੇ ਸਨ ਕਿ ਕਿਸੇ ਦੀ ਖੁਸ਼ਾਮਦ ਦੇ ਫੇਰ ਵਿਚ ਨਹੀਂ ਆਉਂਦੇ, ਚਲਾਕ ਸਲਾਹੁਤੀਆਂ ਸਲਾ ਤੇ ਕੁਸ਼ਾਮਤੀਆਂ ਦੇ ਫੇਰ ਵਿਚ ਆ ਕੇ ਭੁੱਲਾਂ ਕਰਦੇ ਰਹੇ ਹਨ।

ਕਾਕੀ - ਅੰਮੀ ਜੀ! ਭਲਾ ਕਦੇ ਦੇਖ ਕੇ ਬੀ ਕੋਈ ਮਹੁਰਾ ਖਾਂਦਾ ਹੈ?

ਮਾਂ - ਬੱਚਾ ਜੀਓ, ਮਹੁਰਾ ਮਿੱਠੇ ਦੇ ਭੁਲੇਖੇ ਹੀ ਖਾਧਾ ਜਾਂਦਾ ਹੈ, ਜਾਣ ਕੇ ਕੌਣ ਖਾਂਦਾ ਹੈ? ਏਸੇ ਤਰ੍ਹਾਂ ਜੇ ਰਾਜਾ ਨੂੰ ਦਿਸ ਪਿਆ ਜੋ ਸਲਾਹੁਤੀ ਖੁਸ਼ਾਮਤ ਕਰਦੇ ਹਨ ਤੇ ਧੋਖਾ ਪਏ ਦੇਂਦੇ ਹਨ ਤਾਂ

ਰਾਜਾ ਨਹੀਂ ਫਸਦਾ, ਫਸਦੇ ਹੀ ਰਾਜੇ ਤਦੋਂ ਹਨ ਜਦੋਂ ਝੂਠ ਤੇ ਖੁਸ਼ਾਮਤ ਨੂੰ ਸੱਚ ਸਮਝ ਲੈਂਦੇ ਹਨ ਅਤੇ ਕਿਵੇਂ ਬੀ ਉਹਨਾਂ ਉਤੇ ਅਸਲ ਹਾਲ ਨਹੀਂ ਖੁਲ੍ਹਦਾ। ਏਹ ਕਾਕੀਏ! ਰਾਜ ਘਰਾਂ ਵਿਚ ਵਰਤਦੇ ਹਨ। ਮੇਰਾ ਪਿਆਰ ਕਦ ਤਕ ਆਪਣਾ ਅਸਰ ਕਰੇਗਾ? ਜਿਥੇ ਖੋਟੇ ਸਲਾਹੂਤੀਆਂ ਨੇ ਦਿਨ ਰਾਤ ਪੱਟੀਆਂ ਪੜ੍ਹਾਈਆਂ, ਫੇਰ ਸੋਚ ਲੈ ਕਿ ਮੇਰਾ ਤੇ ਤੇਰਾ ਕੀ ਹਾਲ ਹੋਵੇਗਾ? ਮੈਂ ਤੇਰੇ ਦੁਖ ਵਿਚ ਰਾਜ਼ੀ ਨਹੀਂ, ਪਰ ਦੂਜੇ ਪਾਸੇ ਬੀ ਸੁਖ ਦੀ ਆਸ ਨਹੀਂ ਹੈ।

ਇਹ ਸੁਣ ਕੇ ਮੈਂ ਸੋਚ ਵਿਚ ਪੈ ਗਈ, ਪਰ ਜਮਾਂਦਰੂ ਮੇਰਾ ਸੁਭਾਵ ਸੋਚਾਂ ਦਾ ਘੱਟ ਸੀ, ਜੋ ਆਈ, ਝੱਟ ਸਮਝੀ ਤੇ ਸਿੱਧੀ ਗੱਲ ਖਿਆਲੀ, ਤੇ ਫਾਹ ਮਾਰੀ, ਓਸੇ ਤਰ੍ਹਾਂ ਹੁਣ ਇਕ ਸਿੱਧੀ ਗੱਲ ਮੈਂ ਸੋਚੀ ਤੇ ਮਾਂ ਨੂੰ ਆਖਿਆ, ਅੰਮੀਂ ਜੀ! ਜੇ ਇਕ ਵੀਰ ਜੀ ਆ ਜਾਣ ਤਾਂ ਫੇਰ ਕਿਸੇ ਸਲਾਹੂਤੀਏ ਦੀ ਪੇਸ਼ ਨਹੀਂ ਜਾ ਸਕਦੀ? ਮਾਂ ਹੱਸ ਕੇ ਬੋਲੀ - ਹੈ ਤਾਂ ਗੱਲ ਏਹੋ, ਪਰ ਕਾਕੀ ਇਹ ਕੋਈ ਵਸ ਦੀ ਖੇਡ ਹੈ? ਤੇਰੇ ਵੀਰ ਦਾ ਰਾਹ ਤੱਕਦਿਆਂ ਤੇ ਸੁਖਾਂ ਸੁਖਦਿਆਂ ਨੂੰ ਆਹ ਦਿਨ ਆ ਗਏ, ਪਰ ਸਾਂਈ ਦੀ ਮਰਜ਼ੀ, ਸਾਡੇ ਭਾਗਾਂ ਵਿਚ ਇਹ ਸੁਖ ਨਹੀਂ ਹੋਣਾ ਜੋ ਆਸ ਨਾ ਪੁੰਨੀ, ਪਰ ਨਾ ਪੁੰਨੀ। ਮੈਂ ਆਖਿਆ, "ਮਾਂ ਜੀ! ਤੁਸੀਂ ਡੋਲੋ ਨਹੀਂ, ਮੇਰਾ ਅੰਦਰਲਾ, ਜੋ ਖੁਸ਼ੀ ਦੇ ਫਰਾਟੇ ਕਦੇ-ਕਦੇ ਮਾਰਿਆ ਕਰਦਾ ਹੈ, ਮੈਨੂੰ ਆਖਦਾ ਹੈ ਕਿ ਸਭ ਤੋਂ ਚੰਗੇ ਮਨੁੱਖ ਦਾ ਜੋ ਪਿਆਰਾ ਹੈ, ਉਹ ਬਹੁਤ ਬਲ ਵਾਲਾ ਤੇ ਰਾਠਾਂ ਦਾ ਕੋਈ ਸਰਦਾਰ ਰਾਠ ਹੈ ਭਾਵੇਂ ਮੈਂ ਉਸ ਨੂੰ ਡਿੱਠਾਂ ਨਹੀਂ ਪਰ ਉਹ ਉਂਵ ਮੈਨੂੰ ਕੋਲੇ-ਕੋਲੇ ਲਗਦਾ ਹੈ। ਉਹ-ਉਹ ਹਾਂ ਉਹ ਤਦੋਂ ਦੇ ਹੀ ਮੈਨੂੰ ਕਦੇ ਭੁੱਲੇ ਨਹੀਂ ਹਨ। ਮੇਰੇ ਅੰਦਰ ਐਸ ਤਰ੍ਹਾਂ ਦੀ ਲਹਿਰ ਬੀ ਵਜਦੀ ਹੈ ਕਿ ਉਹ ਜਾਣਦੇ ਹਨ ਜੋ ਮੈਂ ਉਹਨਾਂ ਨੂੰ ਹਰ ਦਮ ਯਾਦ ਰਖਦੀ ਹਾਂ। ਜੇ ਮੈਂ ਉਹਨਾਂ ਨੂੰ ਆਖਾਂ ਕਿ ਉਹ ਇਕ ਵੀਰ ਜੀ ਸਾਨੂੰ ਦੇ ਦੇਣ, ਤਾਂ ਪਤਾ ਨਹੀਂ ਕਿਉਂ? ਪਰ ਮੇਰਾ ਦਿਲ ਸ਼ਾਹਦੀ ਦੇਂਦਾ ਹੈ ਕਿ ਉਹ ਸੁਣ ਬੀ ਲੈਣਗੇ ਤੇ ਦੇ ਬੀ ਦੇਣਗੇ।

ਅੰਮੀ ਸੁਣ ਕੇ ਹੱਸ ਪਈ, ਬੱਚੀਏ! ਤੂੰ ਜਿਹੀ ਕੁ ਬੇਪਰਵਾਹ ਹੁੰਦੀ ਸੈਂ, ਉਜਿਹੀ ਵਹਿਮਣ ਹੋ ਗਈ ਹੈਂ। ਮੈਂ ਰੋ ਪਈ ਤੇ ਫੇਰ ਗਲਵੱਕੜੀ ਪਾ ਕੇ ਆਖਿਆ - ਜੀ! ਜੇ ਇਕ ਵੀਰ ਜੀ ਆ ਜਾਣ ਫੇਰ ਤਾਂ ਤੁਹਾਨੂੰ ਕੋਈ ਦੁੱਖ ਨਹੀਂ ਹੋਣ ਲੱਗਾ? ਮਾਂ ਹੱਸ ਪਈ ਤੇ ਆਖਣ ਲੱਗੀ, ਫੇਰ ਮੈਂ ਤਾਂ ਸੁਖੀ ਹੋ ਜਾਂਦੀ ਹਾਂ ਪਰ ਤੇਰਾ ਏਸ ਤਰਹਾਂ ਰਹਿਣਾ ਬੀ ਸੁਖਦਾਈ ਨਹੀਂ। ਮੈਂ ਕਿਹਾ, ਅੰਮੀਂ! ਮੇਰੇ ਦੁਖ ਦਾ ਫਿਕਰ ਨਾ ਕਰ, ਮੈਂ ਤਾਂ ਕਿਸੇ ਹੋਰ ਗੇੜ ਵਿਚ ਪੈ ਗਈ ਹਾਂ। ਤੁਹਾਡਾ ਦੁਖ ਮੇਰੇ ਤੋਂ ਟੁਰ ਗਏ ਪਿਆਰੇ ਦਾ ਆਉਣ ਵਾਲਾ ਪਿਆਰਾ ਜ਼ਰੂਰ ਦੂਰ ਕਰੇਗਾ। ਮੈਨੂੰ ਅਕਲ ਕੋਈ ਨਹੀਂ ਪਰ ਮੇਰਾ ਜੀ ਆਖਦਾ ਹੈ ਕਿ ਇਹ ਕੁਛ ਹੋਵੇਗਾ।

ਇਸ ਤਰ੍ਹਾਂ ਦੀਆਂ ਗੱਲਾਂ ਦੇ ਮਗਰੋਂ ਮੈਂ ਆਪਣੇ 'ਮੱਠ' ਨੂੰ ਚਲੀ ਆਈ। ਪਿਆਰੇ ਜੀ ਨੂੰ ਟੁਰ ਗਿਆਂ ਤ੍ਰੈ ਵਰ੍ਹੇ ਬੀਤ ਗਏ ਸਨ। ਮੇਰੇ ਅੰਦਰ ਉਸ ਦੀ ਸੂਰਤ ਹਰਦਮ ਬੈਠੀ ਦਿਸਦੀ ਸੀ ਤੇ ਮੇਰੇ ਦਿਲ ਵਿਚੋਂ ਉਸ ਪਿਆਰੇ ਦੇ ਪਿਆਰੇ ਦੀ ਯਾਦ ਕਦੇ ਨਹੀਂ ਸੀ ਭੁੱਲਦੀ। ਜੋ ਨਾਮ ਮੈਨੂੰ ਉਹ ਦਸ ਗਏ ਸੇ, ਉਹ ਮੈਨੂੰ ਕਿਸੇ ਦਮ ਭੁੱਲਣਾ ਤਾਂ ਕਿਤੇ ਰਿਹਾ, ਮੈਨੂੰ ਇਸ ਮੱਠ ਵਿਚ ਬੈਠਿਆਂ ਕਦੇ ਐਉਂ ਲੱਗਿਆ ਕਰੇ, ਜਾਣੀਦਾ ਮੇਰੇ ਸਾਰੇ ਲੂੰ ਜੀਭਾਂ ਹੋ ਗਏ ਹਨ ਅਰ ਸਾਰਿਆਂ ਵਿਚੋਂ ਉਹੋ ਸੱਦ ਪਈ ਵਜੀਂਦੀ ਹੈ। ਇਕ ਦਿਨ ਤਾਂ ਅਜਿਹਾ ਝੋਕਾ ਵੱਜਾ ਜੋ ਇਸ ਹਾਲ ਵਿਚ ਮੈਂ ਅੱਖਾਂ ਖੋਲ੍ਹ ਕੇ ਤੱਕ ਬੈਠੀ ਫੇਰ ਤਾਂ ਬ੍ਰਿਛਾਂ ਦੇ ਪੱਤਰ-ਪੱਤਰ ਨੂੰ ਜੀਭ ਲੱਗੀ ਹੋਈ ਪਈ ਦਿਸੇ। ਜਿੱਧਰ ਮੇਰੀ ਨਜ਼ਰ ਜਾਵੇ ਸਭ ਪਾਸੇ ਹਰ ਸ਼ੈ ਉਸ ਪਿਆਰੇ ਦੇ ਪਿਆਰੇ ਨੂੰ ਓਹੋ ਨਾਉਂ ਲੈ ਕੇ ਵਾਜਾਂ ਪਈ ਮਾਰਦੀ ਦਿਸੇ। ਮੈਨੂੰ ਇਸ ਹਾਲ ਵਿਚ ਇਕ ਅਨੋਖੀ ਜਿਹੀ ਖੁਸ਼ੀ ਭਾਸਦੀ ਸੀ, ਅਰ ਸਿਵਾ ਇਸ ਰੰਗ ਦੇ ਹੋਰ ਕੁਛ ਨਹੀਂ ਸੀ ਓਸ ਵੇਲੇ ਦਿਸਦਾ, ਸਗੋਂ ਇਸੇ ਰੰਗ ਦੀ ਹੋਸ਼ ਸੀ, ਹੋਰ ਸੁਧ ਕੋਈ ਨਹੀਂ ਸੀ। ਕਿੰਨਾ ਚਿਰ ਮੈਂ ਇਸ ਰੰਗ ਵਿਚ ਰਹੀ। ਫੇਰ ਸਹਿਜੇ ਸਹਿਜੇ ਮੈਨੂੰ ਹੋਸ਼ ਆ ਗਈ, ਪਰ ਅੱਜ ਤੋਂ ਇਹ ਹੋ ਗਿਆ ਕਿ ਮੇਰੇ ਲੂੰਆਂ ਨੇ ਕਿਸੇ ਵੇਲੇ ਜੀਭ ਦਾ ਕੰਮ ਨਹੀਂ ਛੱਡਿਆ, ਨਾ ਬੈਠਿਆਂ, ਨਾ ਟੁਰਦਿਆਂ, ਨਾ ਗੱਲਾਂ ਕਰਦਿਆਂ, ਨਾ ਸੁੱਤਿਆਂ। ਮੈਂ ਆਖਾਂ - ਹੇ ਮੇਰੇ ਮਨ! ਇਹ ਕੀ ਪਿਆ ਬਣਦਾ ਹੈ? ਪਿਆਰੇ ਦੇ ਪਿਆਰੇ ਨੂੰ ਨਿਰਾ ਯਾਦ ਕਰਨਾ ਹੀ ਐਡਾ ਸੁਆਦਲਾ ਹੈ, ਮਿਲਨਾ ਖਬਰੇ ਕੇਡਾ ਕੁ ਸੁਆਦਲਾ ਹੋਵੇਗਾ। ਫੇਰ ਮੈਂ ਸੋਚਾਂ ਜਿੰਦੋਂ ਬਿਨਾਂ ਤਾਂ ਹੈ ਹੀ ਕੁਛ ਨਹੀਂ, ਮੈਂ ਤਾਂ ਸਾਰੇ ਸਭ ਕੁਛ ਨੂੰ ਜੀਂਦੇ ਵੇਖ ਚੁਕੀ ਹਾਂ। ਸਭ ਕੁਛ ਏਸੇ ਪਿਆਰੇ ਦੇ ਆਸਰੇ ਪਿਆ ਜਾਪਦਾ ਹੈ, ਪਰ ਮੈਨੂੰ ਅਜੇ ਥਹੁ ਲੱਗੇ ਕਿ ਪੱਥਰ ਤਾਂ ਪਏ ਹੀ ਹੋਏ ਹਨ, ਬੂਟੇ ਗੱਡੇ ਹੀ ਗੱਡੇ ਹਨ, ਪਸ਼ੂ ਪੰਛੀ ਬੇਸਮਝ ਹੀ ਹਨ ਫੇਰ ਇਹ ਸਾਰੇ ਕੀਕੂੰ ਪਏ ਵਾਜਾਂ ਮਾਰਦੇ ਹਨ? ਫੇਰ ਖਿਆਲ ਆਵੇ ਕਿ ਮੈਂ ਆਤਮਾ ਹਾਂ, ਪਰ ਹਾਂ! ਉਹ ਪਿਆਰੇ ਜੀ ਦਸਦੇ ਸਨ ਕਿ ਉਹ ਪ੍ਰਮਾਤਮਾ ਲੁਕ ਕੇ ਦੇਖਣ ਵਾਲਾ ਹੈ, ਕਿਤੇ ਇਹ ਓਸੇ ਦੇ ਕਿਸੇ ਲਿਸ਼ਕਾਰੇ ਦਾ ਝਲਕਾ ਤਾਂ ਨਹੀਂ ਸੀ? ਪਰ ਫੇਰ ਮੈਨੂੰ ਸੋਚ ਫੁਰੀ ਕਿ ਸੱਚ ਤੇ ਸੋਚ, ਸੋਚ ਕੇ ਅਚਰਜ ਹੋਣ ਤੇ ਅਚਰਜ ਹੋ ਕੇ ਮੂਰਖ ਬਣ ਕੇ ਉਦਾਸੀ ਵਿਚ ਪੈਣ ਦਾ ਕੀਹ ਗੁਣ ਹੈ? ਏਸ ਤਰ੍ਹਾਂ ਤਾਂ ਸੁਆਦ ਬੀ ਗੁਆਚ ਜਾਂਦਾ ਹੈ, ਪਿਆਰੇ ਦੇ ਪਿਆਰੇ ਦਾ ਨਾਉਂ ਵੀ ਵਿਸਰਨ ਲਗ

ਜਾਂਦਾ ਹੈ, ਮੈਂ ਕੀਹ ਲੈਣਾ ਹੈ ਸੋਚਾਂ ਵਿਚ ਰੁੜ੍ਹ ਕੇ? ਜੋ ਸੀ ਸੋ ਸੀ, ਜੋ ਹੈ ਸੋ ਹੈ, ਜੋ ਹੋਸੀ ਸੋ ਪਿਆ ਹੋਸੀ, ਮੈਂ ਜਿਕੂੰ ਪਹਿਲੇ ਕਦੇ ਸੋਚਾਂ ਵਿਚ ਨਹੀਂ ਪਈ ਸਾਂ ਤੇ ਬਾਹਰ ਦੀਆਂ ਮੌਜਾਂ ਲੈਂਦੀ ਸਾਂ, ਹੁਣ ਕਿਉਂ ਨਾ ਸੋਚਾਂ ਤੋਂ ਓਸੇ ਤਰ੍ਹਾਂ ਬੇਪਰਵਾਹ ਰਹਿ ਕੇ ਅੰਦਰ ਦੀਆਂ ਮੌਜਾਂ ਲਵਾਂ ਤੇ ਸੋਚਾਂ ਨੂੰ ਰੋੜ੍ਹ ਛੱਡਾਂ?

ਇਕ ਦਿਹਾੜੇ ਮੈਂ ਏਸੇ ਤਰ੍ਹਾਂ ਇਸ ਸੁਖ ਵਿਚ ਸਾਂ ਜਿਸ ਨੂੰ ਮੈਂ ਸਮਝਦੀ ਨਹੀਂ ਸਾਂ ਜੋ ਇਹ ਕੀ ਹੈ, ਮੈਨੂੰ ਅੰਮੀ ਦੀ ਗੱਲ ਦੀ ਸੋਚ ਫੁਰ ਪਈ, ਮੇਰੇ ਅੰਦਰ ਚਾਹ ਹੋਈ ਜੋ ਹੇ ਪਿਆਰੇ ਦੇ ਪਿਆਰੇ! ਜਿਸ ਦੀ ਯਾਦ ਵਿਚ ਮੈਂ ਸੁਖੀ ਹਾਂ, ਮੇਰੀ ਮਾਂ ਨੂੰ ਮੇਰਾ ਇਕ ਵੀਰ ਭੇਜ ਦਿਓ ਜੋ ਉਹ ਬੀ ਸੁਖੀ ਹੋ ਜਾਵੇ। ਤੂੰ ਜੋ ਬ੍ਰਿਛ ਬੂਟਿਆਂ ਵਿਚ ਜਿੰਦ ਪਾ ਕੇ ਮੈਨੂੰ ਪਿਆ ਦਿਖਾਲਦਾ ਹੈਂ ਕਿ ਉਹ ਸਾਰੇ ਤੈਨੂੰ ਚੇਤੇ ਪਏ ਕਰਦੇ ਹਨ, ਕਿਸੇ ਚੰਗੇ ਜਿਹੇ ਨੂੰ ਸਾਡੇ ਘਰ ਭੇਜ ਦੇਵੇਂ ਤਾਂ ਤੇਰੇ ਅੱਗੇ ਕੀ ਗੱਲ ਹੋਣੀ ਹੈ? ਮੈਨੂੰ ਪਤਾ ਨਹੀਂ, ਪਰ ਮੇਰੇ ਅੰਦਰ ਪੱਕਾ ਨਿਸਚਾ ਸੀ ਕਿ ਮੇਰੀ ਗੱਲ 'ਪਿਆਰੇ ਦੇ ਪਿਆਰੇ' ਨੇ ਸੁਣ ਲਈ ਹੈ ਤੇ 'ਅੱਛਾ' ਆਖ ਦਿਤਾ ਹੈ। ਅੱਜ ਮੈਂ ਭੱਜੀ-ਭੱਜੀ ਘਰ ਆਈ। ਬਾਪੂ ਜੀ ਡਿਊਢੀ ਵਿਚ ਖੜ੍ਹੇ ਸਨ, ਮੈਂ ਗਲਵਕੜੀ ਪਾ ਲਈ ਤੇ ਕੰਨ ਨਾਲ ਮੂੰਹ ਲਾ ਕੇ ਆਖਿਆ, ਬਾਪੂ ਜੀਓ, ਜੀਓ ਜੀ! ਵੀਰ ਜੀ ਆਉਂਦੇ ਪਏ ਹਨ। ਪਿਤਾ ਜੀ ਨੇ ਹੈਰਾਨ ਹੋ ਕੇ ਮੇਰੇ ਵਲ ਤੱਕਿਆ ਤੇ ਕਹਿਣ ਲੱਗੇ, ਕਿਹੜੇ ਲਾਲੀ! ਵੀਰ ਜੀ? ਮੈਂ ਆਖਿਆ, ਜਿਹੜੇ ਆ ਕੇ ਤੁਹਾਡੀ ਗੋਦੀ ਮੇਰੇ ਵਾਂਗ ਖੇਡਣਗੇ ਤੇ ਤੁਹਾਨੂੰ ਸੁਖੀ ਕਰਨਗੇ। ਇਹ ਸੁਣ ਕੇ ਉਹ ਸਮਝ ਗਏ ਕਿ ਮੈਂ ਕੋਈ ਵਹਿਮ ਦੀ ਗੱਲ ਪਈ ਕਰਦੀ ਹਾਂ, ਪਰ ਮੇਰੇ ਵਹਿਮ ਤੇ ਹੀ ਮੈਨੂੰ ਲਾਡ ਕਰਦੇ ਅੰਦਰ ਲੈ ਆਏ। ਮੈਂ ਭੱਜ ਕੇ ਮਾਂ ਨੂੰ ਬੀ ਗਲਵੱਕੜੀ ਪਾਈ ਤੇ ਆਖਿਆ, ਅੰਮੀਏ! ਰਾਜ਼ੀ ਹੋ, ਵੀਰ ਜੀ ਪਏ ਆਉਂਦੇ ਹਨ। ਉਹ ਬੀ ਹੈਰਾਨ ਹੋ ਕੇ ਤੱਕਣ ਲਗ ਪਈ। ਬਾਪੂ ਜੀ ਹੱਸ ਪਏ, ਪਰ ਮੈਂ ਆਪਣੇ ਸੁਭਾਉ ਮੂਜਬ ਜ਼ੋਰ ਨਾਲ ਗਿੱਧਾ ਪਾ ਕੇ ਆਖਿਆ, ਤੁਸਾਂ ਵੇਖ ਲੈਣਾ ਜੋ ਮੈਂ ਕਿਹਾ ਹੈ, ਸੱਚ ਹੋ ਜਾਣਾ ਹੈ, ਮੇਰੇ ਪਿਆਰੇ ਦੇ ਪਿਆਰੇ ਨੇ ਮੈਨੂੰ ਹੱਛਾ ਆਖ ਦਿਤਾ ਹੈ। ਇਸ ਵੇਲੇ ਕੁਛ ਹਾਸੇ ਤੇ ਕੁਛ ਉਦਾਸੀ ਜਿਹੀ ਨੇ ਦੋਹਾਂ ਨੂੰ ਅਚਰਜ ਤੇ ਕੁਛ ਖੁਸ਼ ਕਰ ਦਿਤਾ, ਪਰ ਮੈਂ ਆਪਣੇ ਅੰਦਰ ਖੁਸ਼ੀ ਸਾਂ। ਜੋ ਮੈਂ ਤੈਨੂੰ ਦੱਸਿਆ ਹੈ ਉਹ ਲਹਿਰਾ ਤਾਂ ਮੇਰੇ ਅੰਦਰ ਵਜਦਾ ਸੀ ਪਰ ਜੋ ਪਿਆਰੇ ਦੀ ਯਾਦ ਸੀ ਇਸ ਯਾਦ ਵਿਚ ਹੁਣ ਇਕ ਹੋਰ ਬਰਕਤ ਪੈ ਗਈ ਸੀ ਕਿ ਪਿਆਰੇ ਦਾ ਪਿਆਰਾ ਮੈਨੂੰ ਕੋਲੇ ਲਗਦਾ ਰਹਿੰਦਾ ਸੀ। ਕਦੇ-ਕਦੇ ਮੈਂ ਤ੍ਰਬਕ ਕੇ ਤੱਕਿਆ ਕਰਾਂ ਜਿਵੇਂ ਅਹੁ ਆ ਗਏ, ਜਾਂ ਐਉਂ ਕਿ ਮੇਰੀ ਧਉਣ ਦੇ ਉਹਲੇ ਖੜ੍ਹੇ ਹਨ। ਕਦੇ ਐਉਂ ਲੱਗਿਆ ਕਰੇ ਕਿ ਸੀਸ ਤੇ ਬੈਠੇ ਹਨ, ਦਿਸਦੇ ਨਹੀਂ ਪਰ ਹਨ ਮੇਰੇ ਨਾਲ। ਕਦੇ-ਕਦੇ ਐਉਂ ਲੱਗਿਆ ਕਰੇ ਕਿ ਉਹ ਮੈਨੂੰ ਪਿਆਰ ਕਰਦੇ ਹਨ। ਮੈਂ ਤਦੋਂ ਕੰਬ ਜਾਇਆ ਕਰਾਂ ਤੇ ਸੋਚਿਆਂ ਕਰਾਂ ਕਿ ਮੈਂ ਤਾਂ ਇਹਨਾਂ ਦੇ ਪਿਆਰੇ ਨੂੰ ਮਾਰਿਆ ਹੈ, ਇਹ ਮੈਨੂੰ ਕਿਉਂ ਪਿਆਰ ਕਰਦੇ ਲਗਦੇ ਹਨ? ਪਰ ਇਹਨਾਂ ਕਦੇ ਕਦਾਈਂ ਦੀਆਂ ਸੋਚਾਂ ਨੇ ਹੁਣ ਮੇਰੇ ਸੁਆਦ ਉਤੇ ਬਲ ਨਾ ਪਾਇਆ ਅਰ ਮੇਰਾ ਇਹ ਸੁਆਦ ਅਖੀਰ ਪੱਕ ਗਿਆ ਕਿ ਪਿਆਰੇ ਦਾ ਪਿਆਰਾ ਜਿਸ ਦੇ ਕਿਸੇ ਥਾਂ ਹੋਣ ਦਾ ਪਤਾ ਪਿਆਰਾ ਦੇ ਗਿਆ ਸੀ, ਉਹ 'ਹੈ' ਤੇ ਜ਼ਰੂਰ ਹੈ ਅਤੇ ਉਹ ਪਿਆਰਾ, ਜੋ ਸਭ ਤੋਂ ਚੰਗਾ ਤੇ ਉੱਚਾ ਸੀ, ਸੱਚਾ ਸੀ, ਉਹ ਸੱਚ ਆਖ ਗਿਆ ਹੈ। ਪਿਆਰੇ ਦਾ ਪਿਆਰਾ 'ਹੈ' ਜ਼ਰੂਰ 'ਹੈ' ਤੇ ਮੇਰੇ ਅੰਦਰੋਂ ਏਹ ਲਹਿਰੇ ਜੋ ਹੁਣ ਉਠਦੇ ਹਨ ਕਿ ਉਹ ਮੇਰੇ ਨਾਲ ਹੈ, ਸੱਚਮੁੱਚ ਉਹ ਮੇਰੇ ਨਾਲ ਹੈ। ਜਦ ਮੇਰੇ ਲੂੰ ਉਸ ਨੂੰ ਚੇਤੇ ਪਏ ਕਰਦੇ ਹਨ, ਵਣ, ਤਿਣ, ਪਰਬਤ, ਆਕਾਸ਼, ਪਾਤਾਲ, ਸਾਰੇ ਪਏ ਚੇਤੇ ਕਰਦੇ ਹਨ ਤਾਂ ਉਹ ਜ਼ਰੂਰ ਬਿਨਾਂ ਦਿਸੇ ਕੋਲ ਹੋ ਸਕਦਾ ਹੈ ਅਰ ਮੇਰੇ ਕੋਲ ਹੈ। ਫੇਰ ਪਿਆ ਸੁਆਦ ਆਵੇ ਤੇ ਐਉਂ ਲੱਗੇ ਜੋ ਮੈਨੂੰ ਪਿਆਰੇ ਦਾ ਪਿਆਰਾ ਪਿਆਰ ਪਿਆ ਕਰਦਾ ਹੈ। ਆਪੇ ਸੁਆਦ ਆਵੇ, ਆਪੇ ਸੁਆਦ ਵਿਚੋਂ ਪਿਆਰ ਦੀ ਲਪਟ ਪਈ ਵੱਜੇ। ਇਕ ਦਿਨ ਤਾਂ ਏਸੇ ਜੰਗਲ ਵਿਚ ਇਸੇ ਮੱਠ ਦੀ ਕੱਲੀ ਥਾਂ ਵਿਚ ਬੈਠਿਆਂ ਮੇਰੇ ਜੀ ਨੇ ਕਿਹਾ ਉਹ ਤਾਂ ਜਿੱਕੂ ਮੈਂ ਏਸ ਮੱਠ ਵਿਚ ਵਸਦੀ ਹਾਂ, ਉਹ ਮੇਰੇ ਸਰੀਰ ਵਿਚ ਆ ਵਸੇ ਹਨ।

ਗੱਲ ਕੀ ਦਿਨ ਲੰਘਦੇ ਗਏ। ਮੇਰਾ ਸੁਆਦ ਪਿਆਰੇ ਦੀ ਯਾਦ ਤੇ ਉਸ ਵੱਲੋਂ ਪਿਆਰ ਤੇ ਕਦੇ ਮੇਰਾ ਆਪ ਮੁਹਾਰੇ ਹੱਸ ਪੈਣਾ, ਕਦੇ ਆਪ ਮੁਹਾਰੇ ਰੋ ਪੈਣਾ, ਪਰ ਰਹਿਣਾ ਸਦਾ ਇਨ੍ਹਾਂ ਹੀ ਧੁਨਾਂ ਵਿਚ, ਇਕ ਸੁਭਾਅ ਹੋ ਗਿਆ। ਵਰਹਾ ਕੁ ਹੋਰ ਲੰਘ ਗਿਆ। ਸਾਡੇ ਘਰ ਸੱਚੀ ਮੁੱਚੀ ਇਕ ਵੀਰ ਜੀ ਆ ਗਏ। ਵੀਰ ਜੀ ਦੇ ਆਉਣ ਨੇ ਮਾਪਿਆਂ ਦੇ ਜੀ ਵਿਚੋਂ ਮੇਰੇ ਵਹਿਮਣ ਹੋਣ ਦਾ ਡਰ ਦੂਰ ਕਰ ਦਿਤਾ ਸਗੋਂ ਹੁਣ ਉਨ੍ਹਾਂ ਨੂੰ ਮੇਰੇ ਨਾਲ ਇਕ ਹੋਰ ਤਰ੍ਹਾਂ ਦਾ ਪਿਆਰ ਹੋ ਗਿਆ। ਬਾਪੂ ਜੀ ਇਕ ਦਿਨ ਆਖਣ ਲੱਗੇ, ਕਾਕੀ ਤਾਂ ਦੇਵੀ ਹੋ ਗਈ ਜਾਪਣੀ ਹੈ ਇਸ ਦਾ ਅਦਬ ਕਰਨ ਚਾਹੀਏ। ਪਰ ਮੈਨੂੰ ਉਨ੍ਹਾਂ ਦੇ ਅਦਬ ਕਰਨ ਵਿਚ ਸੁਆਦ ਨਾ ਆਵੇ। ਮੈਂ ਆਖਿਆ, ਮੈਨੂੰ ਓਸੇ ਤਰ੍ਹਾਂ ਲਾਡ ਲਡਾਇਆ ਕਰੋ, ਮੈਨੂੰ ਤੁਹਾਡੇ ਅਦਬ ਵਿਚ ਸੁਆਦ ਨਹੀਂ ਆਉਂਦਾ।

ਵੀਰ ਜੀ ਦਾ ਰੰਗ ਰੂਪ ਡਾਢਾ ਸੁਹਣਾ ਸੀ ਤੇ ਅੱਖਾਂ ਤਾਂ ਨਿਰੀਆਂ ਮੇਰੇ ਹੱਥੀਂ ਮਾਰੇ ਹੋਏ ਪਿਆਰੇ ਵਰਗੀਆਂ ਸਨ। ਮੈਂ ਵੀਰ ਜੀ ਨੂੰ ਬਹੁਤ ਲਡਾਉਂਦੀ ਸਾਂ। ਕਈ ਵੇਰ ਏਸੇ ਮਨ ਮਠ ਵਿਚ ਲਿਆ ਕੇ ਪਾ ਦੇਂਦੀ ਤੇ ਲੰਮੇ ਪਏ ਦੀਆਂ ਅੱਖਾਂ ਨੂੰ ਵੇਖ-ਵੇਖ ਕੇ ਆਖਦੀ, ਏਸੇ ਥਾਂ ਤੇ ਹੀ ਮੈਂ ਮੂਰਖ ਨੇ ਤੀਰ ਨਾਲ ਵਿੰਨ੍ਹ ਕੇ ਏਹ ਨੇਤਰ ਡਿੱਠੇ ਸਨ, ਏਸੇ ਥਾਂ ਤੇ ਏਹ ਨੇਤਰ ਮੈਨੂੰ ਖੇਡਦੇ ਤੇ ਹੱਸਦੇ ਫੇਰ ਦਿਸ ਪਏ ਹਨ। ਹੇ ਨੈਣੋਂ! ਤੁਸੀਂ ਓਹੋ ਹੋ ਜਿਨ੍ਹਾਂ ਨੂੰ ਮੈਂ ਬੰਦ ਕੀਤਾ ਸੀ ਤੇ ਫੇਰ ਮੇਰੀ ਅਰਜ਼ੋਈ ਤੇ ਆ ਖੁੱਲ੍ਹੇ ਹੋ, ਜਾਂ ਤੁਸੀਂ ਉਨ੍ਹਾਂ ਨੈਣਾਂ ਵਰਗੇ ਹੋ? ਕਿਵੇਂ ਬੀ ਹੋਵੇ, ਹੁਣ ਤੁਸੀਂ ਮੇਰੇ ਵਲ ਲਾਡ ਨਾਲ ਤੱਕਦੇ ਹੋ, ਮੈਨੂੰ ਵੇਖ ਕੇ ਖਿੜਦੇ ਤੇ ਹਸਦੇ ਹੋ ਤੇ ਮੈਨੂੰ ਪਿਆਰ ਕਰਦੇ, ਮੇਰੀ ਮਾਂ ਤੇ ਪਿਉ ਦੀਆਂ ਆਂਦਰਾਂ ਠਾਰਦੇ ਹੋ। ਹੇ ਨੈਣੋਂ! ਤੁਸੀਂ ਧੰਨ ਹੋ!

ਦੁਨੀਆਂ ਮਤਲਬ ਦੀ, ਮੈਂ ਪਿਛੋਂ ਸਮਝਿਆ, ਤਦੋਂ ਮੈਂ ਨਹੀਂ ਸਾਂ ਇਹ ਗੱਲ ਸਮਝਦੀ। ਪਰ ਓਦੋਂ ਵੀਰ ਜੀ ਦੇ ਆਉਣ ਦੀ ਹੋਰ ਇਕ ਖੁਸ਼ੀ ਮੈਨੂੰ ਹੋਈ, ਵੀਰ ਜੀ ਦੇ ਆਉਣ ਤੋਂ ਪਹਿਲਾਂ ਮੇਰੇ ਮਾਪੇ ਮੇਰੇ ਪਿਆਰ ਨੂੰ, ਜੋ ਅਣਡਿੱਠੇ ਪਿਆਰੇ ਨਾਲ ਲੱਗ ਗਿਆ ਸੀ, ਖੁਸ਼ੀ ਨਾਲ ਨਹੀਂ ਵੇਖਦੇ ਸਨ। ਉਹ ਮੇਰੇ ਪਿਆਰੇ ਨੂੰ ਮੰਗਤਾ, ਸਾਧ ਤੇ ਉਸ ਦੇ ਪਿਆਰੇ ਨੂੰ ਕੋਈ ਹੋਰ ਓਹੋ ਜਿਹਾ ਸਮਝਦੇ ਸਨ ਅਤੇ ਚਾਹੁੰਦੇ ਸਨ ਜੋ ਮੈਂ ਕਿਵੇਂ ਏਸ ਫੇਰ ਵਿਚੋਂ ਨਿਕਲ ਆਵਾਂ। ਪਰ ਮੇਰੇ ਦਿਲ ਟੁੱਟਣ ਤੋਂ ਡਰਦੇ; ਨਾ ਮੈਨੂੰ ਜ਼ੋਰ ਦੇ ਕੇ ਸਮਝਾਉਂਦੇ ਸਨ, ਨਾ ਦਾਬਾ ਦੇ ਕੇ ਹੋੜਦੇ ਸਨ। ਉਹਨਾਂ ਦੇ ਜੀ ਵਿਚ ਜੋ ਮੇਰੇ ਨਾਲ ਅਟੁੱਟ ਪਿਆਰ ਸੀ, ਓਹੋ ਇਕ ਰੋਕ ਸੀ ਨਹੀਂ ਤਾਂ ਉਹ ਮੇਰੀ ਇਹ ਲਗਨ ਡੰਡਿਆਂ ਦੇ ਜ਼ੋਰ ਤੋੜ ਸੁਟਦੇ। ਹੁਣ ਉਹਨਾਂ ਦੇ ਦਿਲ ਦੀ ਇਹ ਕਿਰਕ ਬੀ ਮਿਟ ਗਈ। ਉਹਨਾਂ ਦੇ ਜੀ ਵਿਚ ਬੀ ਪਿਆਰੇ ਦੇ ਪਿਆਰੇ ਦਾ ਕੋਈ ਪਿਆਰ ਉਪਜ ਪਿਆ ਅਰ ਉਨ੍ਹਾਂ ਨੂੰ ਬੀ ਦਰਸ਼ਨ ਦਾ ਚਾਉ ਪੈਦਾ ਹੋ ਗਿਆ। ਉਹਨਾਂ ਦਾ ਜੀ ਮੰਨ ਗਿਆ ਕਿ ਧੀ ਕਿਸੇ ਸਮਰੱਥ ਸ਼ਕਤੀ ਦੀ ਧੁਨਿ ਵਿਚ ਹੈ, ਸ਼ੁਦੈਣ ਨਹੀਂ ਜੋ ਹਾਸੇ ਭਾਣੇ ਗੱਲ ਕਰਦੀ ਵੀਰ ਜੀ ਆ ਗਏ, ਵੀਰ ਜੀ ਨੂੰ ਲੈ ਆਉਂਦਾ ਹੈ। ਮੈਂ ਉਹਨਾਂ ਦੇ ਜੀ ਵਿਚ ਪਿਆਰੇ ਦਾ ਪਿਆਰ ਡਿੱਠਾ ਤਾਂ ਮੈਨੂੰ ਉਹ ਅੱਗੇ ਤੋਂ ਬੀ ਪਿਆਰੇ ਲੱਗਣ ਲੱਗ ਪਏ। ਮੈਂ ਹੁਣ ਘਰ ਵਿਚ ਕੁਛ ਮਾਂ ਕੋਲ ਤੇ ਕੁਛ ਵੀਰ ਜੀ ਕੋਲ ਵਧੀਕ ਵੇਲਾ ਲਾਯਾ ਕਰਾਂ, ਕਿਉਂਕਿ ਹੁਣ ਇਕ ਹੋਰ ਤਮਾਸ਼ਾ ਹੋ ਗਿਆ ਸੀ। ਪਿਆਰੇ ਦੀ ਯਾਦ ਮੇਰੇ ਅੰਦਰ ਦੇ ਵਿਚ ਘਰ ਕਰ ਗਈ ਅਰ ਐਉਂ ਚੰਬੜ ਗਈ ਜਿਕੂੰ ਵੇਲ ਬੂਟੇ ਨੂੰ ਚੰਬੜ ਜਾਂਦੀ ਹੈ। ਚਾਹੇ ਮੈਂ ਹੱਸਾਂ ਚਾਹੇ ਖੇਡਾਂ, ਆਪੂੰ ਯਾਦ ਕਰਾਂ ਚਾਹੇ ਨਾ ਕਰਾਂ, ਪਿਆਰੇ ਦੀ ਯਾਦ ਕਿਵੇਂ ਬੀ ਨਹੀਂ ਭੁੱਲਦੀ ਸੀ। ਮੈਂ ਮੱਠ ਵਿਚ ਨੈਣ ਮੀਟ ਕੇ ਹੀ ਬੈਠਾਂ ਤਾਂ ਯਾਦ ਸੁਆਦ ਦੇਵੇ, ਨਿਰੀ ਇਹ ਗੱਲ ਨਾ ਰਹੀ, ਸਗੋਂ ਮੈਂ ਜਿਸ ਹਾਲ ਹੋਵਾਂ ਯਾਦ ਨਾ ਭੁੱਲੇ! ਨੀਂਦ ਬੀ ਉਸ ਨੂੰ ਨਹੀਂ ਭੁਲਾ ਸਕਦੀ ਸੀ। ਹੁਣ ਮੈਂ ਪਿਆਰੇ ਨੂੰ ਹਾਕਾਂ ਨਹੀਂ ਮਾਰਦੀ ਸਾਂ, ਪਰ ਹਾਕਾਂ ਮੈਨੂੰ ਨਹੀਂ ਛੱਡਦੀਆਂ ਸਨ। ਏਸ ਰੰਗ ਨੇ ਮੈਨੂੰ ਕੁਛ ਹੋਰ ਸੁਆਦ ਪਾ ਦਿਤਾ।

ਇਕ ਦਿਨ ਅੰਮੀਂ ਬੋਲੀ, ਕਾਕੀ! ਜੇ ਤੇਰੇ ਪਿਆਰੇ ਦਾ ਪਿਆਰਾ ਕਦੇ ਸਾਡੇ ਨਿਭਾਗ ਤਪੇ ਵਿਚ ਆ ਜਾਵੇ ਤਾਂ ਅਸੀਂ ਬੀ ਜੀਵ ਹੋ ਜਾਈਏ। ਤੇਰਾ ਪਿਆਰਾ ਸੱਚੀ ਮੁੱਚੀ ਕੋਈ ਉਲਿਯਾ ਸੀ, ਅਸਾਂ ਉਸ ਦੀ ਓਸ ਵੇਲੇ ਕਦਰ ਨਾ ਜਾਤੀ, ਤੈਨੂੰ ਬੀ ਉਸ ਦੀ ਯਾਦ ਵਲੋਂ ਹੋੜਦੇ ਹੀ ਰਹੇ, ਪਰ ਹੁਣ ਸੁਰਤ ਆਈ ਹੈ ਕਿ ਅਸੀਂ ਭੁੱਲਦੇ ਰਹੇ ਹਾਂ। ਹੁਣ ਜੀ ਇਹੋ ਤੜਫਦਾ ਹੈ ਕਿ ਉਸ ਤੇਰੇ ਪਿਆਰੇ ਦੇ ਪਿਆਰੇ ਦੇ ਦਰਸ਼ਨ ਹੋਣ ਤਾਂ ਚਰਨਾਂ ਤੇ ਢਹਿ ਭੁੱਲਾਂ ਬਖਸ਼ਾਈਏ। ਐਉਂ ਮੇਰੇ ਮਾਪੇ ਬੀ ਮੇਰੀ ਲੱਗ ਰਹੀ ਧੁਨ ਦੇ ਉਲਟ ਹੋਣ ਦੀ ਥਾਂ ਸਗੋਂ ਪੱਖੀ ਹੋ ਗਏ। ਹੁਣ ਸਾਡੇ ਘਰ ਵਿਚ ਸਾਰਿਆਂ ਨੂੰ ਦਰਸ਼ਨਾਂ ਦੀ ਖਿੱਚ ਪੈਣ ਲੱਗ ਗਈ। ਇਕ ਦਿਨ ਮੈਂ ਮਾਂ ਨੂੰ ਇਹ ਗੱਲ ਬੀ ਦਸ ਦਿਤੀ ਕਿ ਪਿਆਰਾ ਜੇ ਪਰਦੇਸ ਹੋਵੇ ਤਦ ਪਿਆਰ ਕਰਨ ਵਾਲਾ ਕਦੇ ਉਸ ਨੂੰ ਭੁੱਲ ਨਹੀਂ ਸਕਦਾ ਤੇ ਏਸ ਯਾਦ ਰੱਖਣ ਵਿਚ ਪਿਆਰ ਦਾ ਡਾਢਾ ਸੁਆਦ ਹੁੰਦਾ ਹੈ ਤੇ ਜੇ ਤੁਸੀਂ ਬੀ ਉਸ ਨੂੰ ਆਪਣਾ ਪਿਆਰਾ ਮਿਥ ਲਓ ਤੇ ਫੇਰ ਉਸ ਨੂੰ ਯਾਦ ਕਰਿਆ ਕਰੋ ਤਾਂ ਤੁਹਾਨੂੰ ਬੀ ਬੜਾ ਸੁਆਦ ਆਇਆ ਕਰੇ। ਗੱਲ ਕੀ ਇਉਂ ਸੁਣ ਕੇ ਦਿਲ ਵਿਚ ਪੁੜ ਗਈ ਗੱਲ ਨਾਲ ਬਾਪੂ ਜੀ ਤੇ ਮਾਂ ਜੀ ਬੀ ਉਸ ਪਿਆਰੇ ਦੇ ਪਿਆਰੇ ਦੀ ਯਾਦ ਵਿਚ ਲੱਗਣ ਲੱਗ ਪਏ।

ਵਰ੍ਹਾ ਇਕ ਹੋਰ ਜਾਂ ਵਧੀਕ ਸਮਾਂ ਲੰਘ ਗਿਆ ਮੇਰੇ ਮਨ ਵਿਚੋਂ ਹੁਣ ਕਦੇ-ਕਦੇ ਆਪ ਮੁਹਾਰੇ ਟੱਪੇ ਨਿਕਲਿਆ ਕਰਨ ਤੇ ਉਹਨਾਂ ਬਨਾਂ ਵਿਚ, ਜਿਨ੍ਹਾਂ ਵਿਚ ਮੈਂ ਕਦੇ ਅੱਲ੍ਹੜ ਤੇ ਅਲੇਲ ਫਿਰਦੀ ਸਾਂ, ਫੇਰ ਜਿਨ੍ਹਾਂ ਵਿਚ ਡਾਵਾਂ ਡੋਲ ਤੇ ਰੋਂਦੀ ਫਿਰਦੀ ਹੁੰਦੀ ਹਾਂ, ਹੁਣ ਕਦੇ-ਕਦੇ ਕਬੂਤਰਾਂ ਵਾਂਗੂੰ ਗੁਟਕਦੀ ਤੇ ਬੰਬੀਹੇ ਵਾਂਗੂੰ ਗਾਉਂਦੀ, ਹੱਸਦੀ ਤੇ ਕਦੀ ਨੈਣਾਂ ਤੋਂ ਪਿਆਰ ਟੇਪੇ ਕੇਰਦੀ ਫਿਰਿਆ ਕਰਾਂ। ਇਹ ਮਠ ਮੇਰਾ ਏਕਾਂਤੀ ਟਿਕਾਣਾ ਸੀ, ਜਿੱਥੇ ਮੈਂ ਸੰਝ ਸਵੇਰੇ ਜ਼ਰੂਰ ਆ ਬੈਠਿਆ ਕਰਦੀ ਸਾਂ। ਹੁਣ ਏਥੇ ਕਦੇ-ਕਦੇ ਬਾਪੂ ਤੇ ਅੰਮੀਂ ਜੀ ਬੀ ਆ ਕੇ ਬੈਠਿਆ ਕਰਦੇ ਸਨ।

*'ਚਲਦਾ..........।'*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥* *ਅੰਗ- ੪੬੯*

ਅਰਥਾਤ ਸਾਰੀ ਕੁਦਰਤ ਵਿਚ ਪ੍ਰੀਪੂਰਨ ਹੋ ਰਹੇ ਪ੍ਰਮਾਤਮਾ, ਮੈਂ ਤੈਥੋਂ ਸਦਕੇ ਜਾਂਦਾ ਹਾਂ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। ਸਿਧਾਂਤ ਇਹ ਹੈ ਕਿ ਪ੍ਰਮਾਤਮਾ ਦੀ ਰਚਨਾ ਬੇਅੰਤ ਹੈ, ਅਨੰਤ ਹੈ, ਅਗਾਧ ਬੋਧ ਹੈ, ਅਸਗਾਹ ਹੈ। ਇਸ ਅਨੰਤਤਾ ਨੂੰ ਮਾਣਿਆ ਤਾਂ ਜਾ ਸਕਦਾ ਹੈ, ਇਸ ਤੋਂ ਬਲਿਹਾਰੇ ਜਾਇਆ ਜਾ ਸਕਦਾ ਹੈ, ਇਸ ਤੋਂ ਸਦਕੇ ਤੇ ਵਾਰਨੇ ਜਾ ਸਕਦੇ ਹਾਂ, ਇਸ ਦੇ ਅਦਭੁਤ ਵਿਸਮਾਦੀ ਵਚਿੱਤਰ ਦ੍ਰਿਸ਼ਾਂ ਤੋਂ ਕੁਰਬਾਨ ਤਾਂ ਹੋ ਸਕਦੇ ਹਾਂ, ਪਰ ਇਸ ਦਾ ਲੇਖਾ ਜੋਖਾ ਨਹੀਂ ਹੋ ਸਕਦਾ, ਇਸ ਦਾ ਕੋਈ ਅੰਤ ਨਹੀਂ ਪਾ ਸਕਦਾ। ਇਸ ਦੇ ਅਕਾਸ਼ਾਂ, ਖੰਡਾਂ, ਬ੍ਰਹਿਮੰਡਾਂ, ਤਾਰਿਆਂ, ਸਿਤਾਰਿਆਂ, ਧਰਤੀਆਂ, ਜੀਆਂ ਜੰਤਾਂ, ਖਾਣੀਆਂ ਬਾਣੀਆਂ ਨੂੰ ਗਿਣਤੀ ਵਿਚ ਬੰਨਣਾ ਅਸੰਭਵ ਹੈ। ਨਾ ਹੀ ਐਸਾ ਕਰਨਾ ਮਨੁੱਖ ਦੇ ਜੀਵਨ ਦਾ ਲਕਸ਼ ਹੈ -

*ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥*
*ਅੰਗ- ੪੬੯*

ਕਰਨਹਾਰ ਕਰਤਾ ਆਪ ਹੀ ਆਪਣੀ ਕਿਰਤ ਅਤੇ ਕਿਰਤ ਦੇ ਭੇਦਾਂ ਅਤੇ ਅਨੰਤਤਾ ਨੂੰ ਜਾਣਦਾ ਹੈ। ਪੂਰਨਤਾ ਨੂੰ ਜਾਣ ਸਕਣ ਦੀ ਮਨੁੱਖ ਦੀ ਸਮਰੱਥਾ ਹੀ ਨਹੀਂ। ਜੇ ਕੋਈ ਰਿਸ਼ੀ ਮੁਨੀ ਜਾਂ ਗਿਆਨੀ ਵਿਗਿਆਨੀ ਐਸੀ ਸੋਚ ਰਖਦਾ ਹੋਵੇ ਕਿ ਉਹ ਪ੍ਰਮਾਤਮਾ ਦੀ ਰਚਨਾ ਦਾ ਲੇਖਾ ਜੋਖਾ ਕਰਨ ਜਾਂ ਬੇਅੰਤਤਾ ਦੇ ਭੇਦ ਨੂੰ ਜਾਣ ਸਕਦਾ ਹੈ ਤਾਂ ਐਸੀ ਸੋਚ ਉਸ ਦੀ ਭੁੱਲ ਜਾਂ ਅਗਿਆਨਤਾ ਹੋਵੇਗੀ। ਪ੍ਰਮਾਤਮਾ ਦੀਆਂ ਸਾਰੀਆਂ ਕਿਰਤਾਂ ਵਿਚ ਮਨੁੱਖਾਂ, ਪਸ਼ੂਆਂ, ਪੰਛੀਆਂ ਵਿਚ ਉਸ ਦਾ ਹੀ ਨੂਰ ਵਿਆਪਕ ਹੋ ਰਿਹਾ ਹੈ, ਸਾਰੇ ਜੀਵਾਂ ਵਿਚ ਉਸ ਦਾ ਹੀ ਪ੍ਰਕਾਸ਼ ਹੈ। ਇਨ੍ਹਾਂ ਦੇ ਬਾਹਰੀ ਰੰਗ ਰੂਪ ਸਮੇਂ ਸਥਾਨ ਦੀ ਸੀਮਾਂ ਵਿਚ ਹੋਣ ਕਾਰਨ ਬਿਨਸਨਹਾਰ ਹਨ, ਪਰ ਉਹ ਪ੍ਰਭੂ ਸਦਾ ਥਿਰ ਰਹਿਣ ਵਾਲਾ ਹੈ, ਉਸ ਦੀਆਂ ਵਡਿਆਈਆਂ ਵੀ ਸਦਾ ਕਾਇਮ ਰਹਿਣ ਵਾਲੀਆਂ ਹਨ। ਉਸ ਨੂੰ ਜੋ ਚੰਗਾ ਲਗਦਾ ਹੈ, ਉਹ ਕਰ ਰਿਹਾ ਹੈ। ਉਸ ਦੇ ਕੰਮਾਂ ਵਿਚ ਕਿਸੇ ਦੀ ਦਖਲ ਅੰਦਾਜ਼ੀ ਨਹੀਂ -

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥* *ਅੰਗ- ੪੬੯*

ਫਿਰ ਵੀ ਕੋਈ ਮਨੁੱਖ ਐਸੀ ਜਗਿਆਸਾ ਰਖ ਸਕਦਾ ਹੈ ਕਿ ਗਿਆਨ ਵਿਗਿਆਨ ਰਾਹੀਂ ਜਾਂ ਆਤਮਿਕ ਅਨੁਭਵ ਰਾਹੀਂ ਪ੍ਰਭੂ ਦੀ ਰਚਨਾ ਦੀ ਲਖਣਾ ਕੀਤੀ ਜਾਵੇ। ਜਿਨ੍ਹਾਂ ਭਗਤ ਜਨਾਂ ਨੇ ਪ੍ਰਭੂ ਦੀ ਅਰਾਧਨਾ ਕੀਤੀ ਹੈ, ਨਾਮ ਨੂੰ ਸੁਣਿਆ ਅਤੇ ਮੰਨਿਆ ਹੈ ਅਤੇ ਸੁਰਤਿ ਨੂੰ ਨਾਮ ਵਿਚ ਟਿਕਾਇਆ ਹੈ, ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ 'ਜਪੁ' ਵਿਚ ਸ੍ਰੇਸ਼ਠ ਪੁਰਸ਼, ਪੰਚ ਜਨ ਕਹਿ ਕੇ ਸੰਬੋਧਨ ਕਰਦੇ ਹਨ। ਐਸੇ ਪੰਚ ਜਨ ਪ੍ਰਭੂ ਦਰਗਾਹ ਵਿਚ ਵੀ ਆਦਰ ਪਾਉਂਦੇ ਹਨ ਅਤੇ ਰਾਜ ਦਰਬਾਰਾਂ ਵਿਚ ਵੀ ਸੋਭਾ ਪਾਉਂਦੇ ਹਨ। ਪਰ ਐਸੇ ਸ੍ਰੇਸ਼ਠ ਵਿਅਕਤੀ ਵੀ ਪ੍ਰਮਾਤਮਾ ਦੀ ਬੇਅੰਤਤਾ ਨੂੰ ਲਖਣ ਦੀ ਲੋਚਾ ਨਹੀਂ ਰਖਦੇ ਕਿਉਂਕਿ ਉਹ ਇਸ ਸਚਾਈ ਨੂੰ ਜਾਣ ਲੈਂਦੇ ਹਨ ਕਿ ਪ੍ਰਭੂ ਭਗਤੀ ਦਾ ਮੰਤਵ ਇਹ ਨਹੀਂ ਕਿ ਪ੍ਰਭੂ ਦੀ ਰਚਨਾ ਦਾ ਅੰਤ ਪਾਇਆ ਜਾਵੇ। ਸਗੋਂ ਉਹ ਇਹ ਅਨੁਭਵ ਗ੍ਰਹਿਣ ਕਰਦੇ ਹਨ ਕਿ ਕਰਤੇ ਦੀਆਂ ਕਿਰਤਾਂ ਦਾ ਹਿਸਾਬ ਲਾਉਣਾ ਅਸੰਭਵ ਹੈ -

*ਜੇ ਕੋ ਕਹੈ ਕਰੈ ਵੀਚਾਰੁ ॥*
*ਕਰਤੇ ਕੈ ਕਰਣੈ ਨਾਹੀ ਸੁਮਾਰੁ ॥* *ਅੰਗ- ੩*

ਪੁਰਾਣੇ ਸਮਿਆਂ ਵਿਚ ਕਈ ਰਿਸ਼ੀ ਮੁਨੀ ਜੰਗਲਾਂ ਵਿਚ ਤਪ ਕਰਦੇ ਰਹੇ ਜਿਨ੍ਹਾਂ ਨੇ ਉਪਨਿਸ਼ਦਾਂ ਲਿਖੀਆਂ। ਕਈ ਧਰਮ ਗ੍ਰੰਥਾਂ ਵਿਚ ਇਹ ਵਿਚਾਰ ਪੇਸ਼ ਕੀਤੀ ਗਈ ਕਿ ਜਗਤ ਕਦੋਂ ਬਣਿਆ, ਕਿਵੇਂ ਬਣਿਆ, ਤੇ ਕਿਤਨਾ ਕੁ ਵੱਡਾ ਹੈ ਇਤਿਆਦਿ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁ ਬਾਣੀ ਵਿਚ ਇਕ ਐਸੀ ਪ੍ਰਸਿੱਧ ਮਨੌਤ ਦਾ ਜ਼ਿਕਰ ਕਰਦੇ ਹਨ ਜਿਸ ਅਨੁਸਾਰ ਇਹ ਮਿਥ ਲਿਆ ਗਿਆ ਕਿ ਸਾਡੀ ਧਰਤੀ ਨੂੰ ਇਕ ਬਲਦ ਨੇ ਚੁਕਿਆ ਹੋਇਆ ਹੈ। ਇਸ ਉਦਾਹਰਣ ਰਾਹੀਂ ਸਤਿਗੁਰੂ ਜੀ ਐਸੇ ਜਤਨਾਂ ਦੀ ਨਿਖੇਧੀ ਕਰਦੇ ਦਸਦੇ ਹਨ ਕਿ ਕੁਦਰਤ ਬੇਅੰਤ ਹੈ, ਇਸ ਦਾ ਰਚਨਹਾਰਾ ਵੀ ਬੇਅੰਤ ਹੈ। ਧਰਤੀ ਨੂੰ ਕਿਸੇ ਦੁਨਿਆਵੀ ਬਲਦ ਨੇ ਨਹੀਂ, ਸਗੋਂ ਧਰਮ ਰੂਪੀ ਨਿਯਮਾਂ ਦੇ ਬਲਦ ਨੇ ਕਾਇਮ ਰਖਿਆ ਹੋਇਆ ਹੈ। ਖਿਆਲ ਕਰੋ ਜੇ ਧਰਤੀ ਨੂੰ ਇਸ ਨਿਗੂਣੇ ਬਲਦ ਨੇ ਚੁਕਿਆ ਹੁੰਦਾ ਤਾਂ ਬਲਦ ਉਪਰ ਧਰਤੀ ਦਾ ਕਿੰਨਾ ਭਾਰ ਹੋਣਾ ਸੀ ਅਤੇ ਬਲਦ ਵਿਚਾਰਾ ਇਸ ਭਾਰ ਨੂੰ ਕਿਵੇਂ ਚੁਕ ਸਕਦਾ ਸੀ? ਮੰਨ ਲਉ ਜੋ ਧਰਤੀ ਹੇਠ ਬਲਦ ਹੈ, ਤਾਂ ਉਸ ਬਲਦ ਨੂੰ ਸਹਾਰਾ ਦੇਣ ਲਈ ਹੇਠ ਹੋਰ ਧਰਤੀ ਹੋਵੇਗੀ, ਉਸ ਧਰਤੀ ਹੇਠ ਹੋਰ

ਬਲਦ, ਹੋਰ ਧਰਤੀ, ਹੋਰ ਬਲਦ, ਇਸ ਤਰ੍ਹਾਂ ਅਖੀਰਲੇ ਬਲਦ ਤੋਂ ਭਾਰ ਸਹਾਰਨ ਲਈ ਉਸ ਦੇ ਹੇਠ ਕਿਹੜਾ ਆਸਰਾ ਹੋਵੇਗਾ?

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥*
*ਜੇ ਕੋ ਬੁਝੈ ਹੋਵੈ ਸਚਿਆਰੁ ॥*
*ਧਵਲੈ ਉਪਰਿ ਕੇਤਾ ਭਾਰੁ ॥*
*ਧਰਤੀ ਹੋਰੁ ਪਰੈ ਹੋਰੁ ਹੋਰੁ ॥*
*ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥* ਅੰਗ- ੩

